

ਗੁਰਪੁਰਬ ਸਬੰਧਤ ਇਸ਼ਤਿਹਾਰ ਅੰਦਰ ਦੇਖੋ


12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 50
March 20, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਸ੍ਰੀ ਗੁਰੂ ਰਵਿਦਾਸ ਸਭਾ, ਬੇ-ਏਰੀਆ (ਕੈਲੇਫੋਰਨੀਆ) ਵੱਲੋਂ 24 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ।

ਹੋਰ ਜਾਣਕਾਰੀ ਲਈ ਅੰਦਰ ਇਸ਼ਤਿਹਾਰ ਦੇਖੋ ਜਾਂ ਸਬੰਧਤ ਸਭਾ ਨਾਲ ਸੰਪਰਕ ਕਰੋ ਜੀ।


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


# ਭਾਰਤ ਵਿਚ ਲੋਕ ਸਭਾ ਚੋਣਾਂ ਦਾ ਮੈਦਾਨ ਭਖਿਆ, 19 ਅਪਰੈਲ ਤੋਂ 1 ਜੂਨ ਤੱਕ ਪੈਣਗੀਆਂ ਵੋਟਾਂ

## ਚੋਣ ਕਮਿਸ਼ਨ ਵੱਲੋਂ ਪੰਜਾਬ 'ਚ ਧੜਾਧੜ ਬਦਲੀਆਂ

**ਚੰਡੀਗੜ (ਬਿਊਰੋ)–** ਚੋਣ ਕਮਿਸ਼ਨ ਨੇ ਇੱਕ ਸ਼ਿਕਾਇਤ ਦੇ ਆਧਾਰ ’ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੂੰ ਤਬਦੀਲ ਕਰਨ ਦੀ ਹਦਾਇਤ ਜਾਰੀ ਕੀਤੀ ਹੈ। ਕਮਿਸ਼ਨ ਨੇ ਰੋਪੜ ਰੇਂਜ ਦੇ ਏਡੀਜੀਪੀ ਜਸਕਰਨ ਸਿੰਘ ਤੇ ਬਾਰਡਰ ਰੇਂਜ ਦੇ ਡੀਆਈਜੀ ਨਰਿੰਦਰ ਭਾਰਗਵ ਨੂੰ ਵੀ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਇਨ੍ਹਾਂ ਤਿੰਨਾਂ ਅਧਿਕਾਰੀਆਂ ਦੀ ਨਵੀਂ ਤਾਇਨਾਤੀ ਮੌਜੂਦਾ ਜ਼ਿਲ੍ਹੇ ਜਾਂ ਉਸ ਲੋਕ ਸਭਾ ਸੀਟ ਅਧੀਨ ਆਉਂਦੇ ਜ਼ਿਲ੍ਹਿਆਂ ’ਚੋਂ ਬਾਹਰ ਯਕੀਨੀ ਬਣਾਉਣ ਦੀ ਹਦਾਇਤ ਵੀ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਤਿੰਨਾਂ ਅਧਿਕਾਰੀਆਂ ਦੀ ਥਾਂ ਨਵੀਂ ਨਿਯੁਕਤੀ ਲਈ ਤਿੰਨ-ਤਿੰਨ ਨਾਵਾਂ ਦੇ ਪੈਨਲ ਵੀ ਮੰਗੇ ਹਨ।

ਚੋਣ ਕਮਿਸ਼ਨ ਦੀ ਇਹ ਪੰਜਾਬ ਨੂੰ ਲੈ ਕੇ ਪਹਿਲੀ ਕਾਰਵਾਈ ਹੈ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਡੀਸੀ ਵਿਸ਼ੇਸ਼ ਸਾਰੰਗਲ ਨੂੰ ਮੌਜੂਦਾ ਪੋਸਟਿੰਗ (ਜ਼ਿਲ੍ਹਾ ਜਲੰਧਰ) ਤੋਂ ਹਟਾ ਕੇ ਕਿਸੇ ਹੋਰ ਥਾਂ ਤਬਦੀਲ ਕੀਤਾ ਜਾਵੇ, ਜੋ ਕਿ ਉਨ੍ਹਾਂ ਦਾ ਗ੍ਰਹਿ ਜ਼ਿਲ੍ਹਾ ਨਾ ਹੋਵੇ। ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਨੂੰ ਜ਼ਿਲ੍ਹੇ ਤੋਂ ਕਿਤੇ ਬਾਹਰ ਤਾਇਨਾਤ ਕੀਤਾ ਜਾਵੇ ਜੋ ਕਿ ਜਲੰਧਰ ਲੋਕ ਸਭਾ ਹਲਕੇ ਵਿੱਚ ਨਾ ਹੋਵੇ। ਜਲੰਧਰ ਦੇ ਨਵੇਂ ਡਿਪਟੀ ਕਮਿਸ਼ਨਰ ਦੀ ਤਾਇਨਾਤੀ ਲਈ ਚੋਣ ਕਮਿਸ਼ਨ ਨੇ 3 ਅਧਿਕਾਰੀਆਂ ਦੇ ਪੈਨਲ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਹੁਣ ਤਿੰਨ ਅਧਿਕਾਰੀਆਂ ਦਾ ਪੈਨਲ ਭੇਜਿਆ ਜਾਵੇਗਾ। ਪਤਾ ਲੱਗਾ ਹੈ ਕਿ ਪਰਸੋਨਲ ਵਿਭਾਗ ਕੋਲ ਜਲੰਧਰ ਦੇ ਮੌਜੂਦਾ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਆਪਣਾ ਜ਼ਿਲ੍ਹਾ ਹੁਣ ਮੁਹਾਲੀ ਲਿਖਵਾਇਆ ਸੀ ਜਿਸ ਕਰ ਕੇ ਸਰਕਾਰ ਨੇ ਨਵੇਂ ਗ੍ਰਹਿ ਜ਼ਿਲ੍ਹੇ ਦੇ ਆਧਾਰ ’ਤੇ ਸਾਰੰਗਲ ਨੂੰ ਜਲੰਧਰ ਤੋਂ ਤਬਦੀਲ ਨਹੀਂ ਕੀਤਾ ਸੀ। ਚੋਣ ਕਮਿਸ਼ਨ ਨੇ ਸਾਰੰਗਲ ਵੱਲੋਂ ਜ਼ਿਲ੍ਹਾ ਤਬਦੀਲ ਕਰਾਉਣ ਵਾਲੀ ਕਾਰਵਾਈ ਨੂੰ ਨਹੀਂ ਮੰਨਿਆ ਹੈ। ਇਸ ਤੋਂ ਇਲਾਵਾ ਚੋਣ ਕਮਿਸ਼ਨ ਨੇ ਰੋਪੜ ਰੇਂਜ ਦੇ ਏਡੀਜੀਪੀ ਜਸਕਰਨ ਸਿੰਘ ਅਤੇ ਬਾਰਡਰ ਰੇਂਜ ਦੇ ਡੀਆਈਜੀ ਨਰਿੰਦਰ ਭਾਰਗਵ ਨੂੰ ਵੀ ਬਦਲਣ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੇ ਇਨ੍ਹਾਂ ਅਧਿਕਾਰੀਆਂ ਨੂੰ ਮੌਜੂਦਾ ਜ਼ਿਲ੍ਹਿਆਂ ਤੋਂ ਬਾਹਰ ਤਾਇਨਾਤ ਕਰਨ ਲਈ ਆਖਦਿਆਂ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਨਵੀਂ ਤਾਇਨਾਤੀ ਵਾਲੇ ਜ਼ਿਲ੍ਹੇ ਮੌਜੂਦਾ ਤਾਇਨਾਤੀ ਵਾਲੇ ਜ਼ਿਲ੍ਹੇ ਜਾਂ ਉਸ ਲੋਕ ਸਭਾ ਸੀਟ ਅਧੀਨ ਨਾ ਆਉਂਦੇ ਹੋਣ। ਉਕਤ ਦੋਵੇਂ ਅਧਿਕਾਰੀ ਕ੍ਰਮਵਾਰ ਅਪਰੈਲ ਅਤੇ ਜੂਨ 2024 ਵਿੱਚ ਸੇਵਾਮੁਕਤ ਹੋ ਰਹੇ ਹਨ। ਦੋਵਾਂ ਥਾਵਾਂ ’ਤੇ ਨਵੇਂ ਅਧਿਕਾਰੀਆਂ ਦੀ ਤਾਇਨਾਤੀ ਲਈ ਕਮਿਸ਼ਨ ਨੇ 3-3 ਨਾਵਾਂ ਵਾਲੇ ਪੈਨਲਾਂ ਦੀ ਮੰਗ ਕੀਤੀ ਹੈ।

## ਪੰਜਾਬ ’ਚ ਪਹਿਲੀ ਜੂਨ ਨੂੰ ਪੈਣਗੀਆਂ ਵੋਟਾਂ, ਨਤੀਜੇ 4 ਜੂਨ ਨੂੰ ਆਉਣਗੇ

**ਨਵੀਂ ਦਿੱਲੀ (ਬਿਊਰੋ)–** ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਕਰਦਿਆਂ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਕਿ ਦੇਸ਼ ਭਰ ’ਚ ਵੋਟਾਂ 19 ਅਪਰੈਲ ਤੋਂ ਸੱਤ ਗੇੜਾਂ ’ਚ ਪੈਣਗੀਆਂ ਅਤੇ ਨਤੀਜੇ 4 ਜੂਨ ਨੂੰ ਆਉਣਗੇ। ਚੋਣਾਂ ਦੇ ਬਾਕੀ ਗੇੜ 26 ਅਪਰੈਲ, 7, 13, 20, 25 ਮਈ ਅਤੇ ਪਹਿਲੀ ਜੂਨ ਹਨ। ਪੰਜਾਬ ਦੀਆਂ 13, ਹਿਮਾਚਲ ਪ੍ਰਦੇਸ਼ ਦੀਆਂ ਚਾਰ ਸੀਟਾਂ ਅਤੇ ਯੂਟੀ ਚੰਡੀਗੜ੍ਹ ’ਚ ਇਕੋ ਗੇੜ ’ਚ ਪਹਿਲੀ ਜੂਨ ਨੂੰ ਵੋਟਾਂ ਪੈਣਗੀਆਂ।

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ’ਤੇ ਵੋਟਾਂ ਪਹਿਲੀ ਜੂਨ ਨੂੰ ਪੈਣਗੀਆਂ ਜਦੋਂ ਕਿ ਨਤੀਜੇ ਤਿੰਨ ਬਾਅਦ 4 ਜੂਨ ਨੂੰ ਆਉਣਗੇ। ਇਹ ਐਲਾਨ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤਾ ਗਿਆ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ’ਤੇ 2।12 ਕਰੋੜ ਵੋਟਰ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਚੋਣ ਕਮਿਸ਼ਨ ਅਨੁਸਾਰ ਪੰਜਾਬ ਵਿੱਚ 7 ਮਈ ਤੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣਗੇ ਅਤੇ ਇਹ 14 ਮਈ ਤੱਕ ਭਰੇ ਜਾਣਗੇ। ਅਗਲੇ ਦਿਨ 15 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ 17 ਮਈ ਤੱਕ ਨਾਮ ਵਾਪਸ ਲਏ ਜਾ ਸਕਦੇ ਹਨ। ਉਧਰ ਪੰਜਾਬ ਵਿੱਚ ਤਪਦੇ ਜੇਠ ਵਿੱਚ ਵੋਟਾਂ ਉਮੀਦਵਾਰਾਂ ਤੇ ਵੋਟਰਾਂ ਲਈ ਇਮਤਿਹਾਨ ਦੀ ਘੜੀ ਸਾਬਿਤ ਹੋਵੇਗਾ। ਮਈ-ਜੂਨ ’ਚ ਤਾਪਮਾਨ 40 ਤੋਂ 45 ਡਿਗਰੀ ਸੈਲਸੀਅਸ ਤੱਕ ਪੁੱਜਣ ਦੀ ਸੰਭਾਵਨਾ ਹੈ। ਉਮੀਦਵਾਰਾਂ ਨੂੰ ਚੋਣ ਪ੍ਰਚਾਰ ਦੌਰਾਨ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਧਰ ਵੋਟਰਾਂ ਨੂੰ ਘਰਾਂ ਤੋਂ ਬਾਹਰ ਕੱਢਣਾ ਵੀ ਚੋਣ ਕਮਿਸ਼ਨ ਅਤੇ ਰਾਜਨੀਤਕ ਪਾਰਟੀਆਂ ਲਈ ਵੱਡੀ ਚੁਣੌਤੀ ਬਣ ਸਕਦਾ ਹੈ।

ਹਰਿਆਣਾ ਦੀ ਕਰਨਾਲ ਵਿਧਾਨ ਸਭਾ ਜ਼ਿਮਨੀ ਚੋਣ ਦੇ ਨਾਲ 10 ਲੋਕ ਸਭਾ ਸੀਟਾਂ ਅਤੇ ਦਿੱਲੀ ਦੀਆਂ ਸੱਤ ਸੀਟਾਂ ਲਈ ਵੋਟਿੰਗ 25 ਮਈ ਨੂੰ ਹੋਵੇਗੀ। ਲੱਦਾਖ ਦੀ ਇਕ ਸੀਟ ’ਤੇ 20 ਮਈ ਅਤੇ ਜੰਮੂ ਕਸ਼ਮੀਰ ਦੀਆਂ ਪੰਜ ਸੀਟਾਂ ’ਤੇ ਪੰਜ ਗੇੜਾਂ 26 ਮਈ ਤੋਂ 20 ਮਈ ਦੌਰਾਨ ਵੋਟਾਂ ਪੈਣਗੀਆਂ। ਮੁੱਖ ਚੋਣ ਕਮਿਸ਼ਨਰ ਨੇ ਜੰਮੂ-ਕਸ਼ਮੀਰ ’ਚ ਵਿਧਾਨ ਸਭਾ ਚੋਣਾਂ ਲੋਕ ਸਭਾ ਚੋਣਾਂ ਮਗਰੋਂ ਕਰਾਉਣ ਦਾ ਐਲਾਨ ਕੀਤਾ ਹੈ। ਚੋਣਾਂ ਦੇ ਐਲਾਨ ਨਾਲ ਦੇਸ਼ ’ਚ ਆਦਰਸ਼ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦੀ ਚੋਣਾਂ ’ਚ ਹੈਟ੍ਰਿਕ ਲਗਾਉਣ ਦੀ ਕੋਸ਼ਿਸ਼ ’ਚ ਹਨ ਜਦਕਿ ਵਿਰੋਧੀ ਧਿਰ ‘ਇੰਡੀਆ’ ਭਾਜਪਾ ਦੀ ਅਗਵਾਈ ਹੇਠਲੇ ਐੱਨਡੀਏ ਦੀਆਂ ਨੀਹਾਂ ਹਿਲਾਉਣ ਦੀ ਤਾਕ ’ਚ ਹੈ। ਚਾਰ ਸੂਬਿਆਂ ਅਰੁਣਾਚਲ ਪ੍ਰਦੇਸ਼ ਤੇ ਸਿੱਕਮ ’ਚ 19 ਅਪਰੈਲ ਅਤੇ ਆਂਧਰਾ ਪ੍ਰਦੇਸ਼ ’ਚ 13 ਮਈ ਤੇ ਉੜੀਸਾ ’ਚ ਚਾਰ ਗੇੜਾਂ 13, 20, 25 ਮਈ ਅਤੇ ਪਹਿਲੀ ਜੂਨ ਨੂੰ ਵਿਧਾਨ ਸਭਾਵਾਂ ਲਈ ਵੋਟਿੰਗ ਹੋਵੇਗੀ। ਦੋ ਨਵੇਂ ਚੋਣ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਅਤੇ ਗਿਆਨੇਸ਼ ਕੁਮਾਰ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੀਆਂ 6 ਵਿਧਾਨ ਸਭਾ ਸੀਟਾਂ ਸਣੇ 26 ਅਸੈਂਬਲੀ ਹਲਕਿਆਂ ਲਈ ਵੀ ਜ਼ਿਮਨੀ ਚੋਣ ਹੋਵੇਗੀ। ਹਿਮਾਚਲ ’ਚ ਕਾਂਗਰਸ ਦੇ ਛੇ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਨਾਲ ਇਹ ਸੀਟਾਂ ਖਾਲੀ ਹੋਈਆਂ ਹਨ। ਬਿਹਾਰ, ਪੱਛਮੀ ਬੰਗਾਲ ਅਤੇ ਉੱਤਰ ਪ੍ਰਦੇਸ਼ ’ਚ ਸਾਰੇ ਸੱਤ ਗੇੜਾਂ ਦੌਰਾਨ ਪੋਲਿੰਗ ਹੋਵੇਗੀ। ਪਹਿਲੇ ਗੇੜ ’ਚ 19 ਅਪਰੈਲ ਨੂੰ 102 ਹਲਕਿਆਂ ’ਚ ਵੋਟਿੰਗ ਹੋਵੇਗੀ ਅਤੇ ਇਸ ਨਾਲ 10 ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਚੋਣ ਅਮਲ ਮੁਕੰਮਲ ਹੋ ਜਾਵੇਗਾ। ਦੂਜੇ ਗੇੜ ’ਚ 89 ਸੀਟਾਂ, ਤੀਜੇ ਗੇੜ ’ਚ 94, ਚੌਥੇ ਗੇੜ ’ਚ 96, ਪੰਜਵੇਂ ਗੇੜ ’ਚ 49, ਛੇਵੇਂ ਅਤੇ ਸੱਤਵੇਂ ਗੇੜ ’ਚ 57-57 ਸੀਟਾਂ ’ਤੇ ਵੋਟਾਂ ਪੈਣਗੀਆਂ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਕਰੀਬ 97 ਕਰੋੜ ਰਜਿਸਟਰਡ ਵੋਟਰ ਹਨ ਜਿਨ੍ਹਾਂ ’ਚੋਂ 47.1 ਕਰੋੜ ਮਹਿਲਾ ਵੋਟਰ ਹਨ। ਉਨ੍ਹਾਂ ਕਿਹਾ ਕਿ 12 ਸੂਬਿਆਂ ’ਚ ਪੁਰਸ਼ਾਂ ਨਾਲੋਂ ਮਹਿਲਾ ਵੋਟਰਾਂ ਦੀ ਗਿਣਤੀ ਵਧ ਹੈ। ਵੋਟਾਂ ਲਈ 10.5 ਲੱਖ ਤੋਂ ਵੱਧ ਪੋਲਿੰਗ ਸਟੇਸ਼ਨ ਬਣਾਏ ਜਾਣਗੇ ਅਤੇ 55 ਲੱਖ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐੱਮ) ਦੀ ਵਰਤੋਂ ਹੋਵੇਗੀ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਚੋਣ ਕਮਿਸ਼ਨ ਚਾਰ ‘ਐੱਮ’ ਮਸਲ ਪਾਵਰ, ਮਨੀ ਪਾਵਰ, ਮਿਸਇਨਫਾਰਮੇਸ਼ਨ ਅਤੇ ਮਾਡਲ ਕੋਡ ਆਫ਼ ਕੰਡਕਟ ਦੀ ਉਲੰਘਣਾ ਦੇ ਟਾਕਰੇ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਬੱਚਿਆਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ ਹੈ ਅਤੇ ਜੇਕਰ ਇੰਜ ਹੋਇਆ ਤਾਂ ਚੋਣ ਕਮਿਸ਼ਨ ਸਖ਼ਤ ਕਾਰਵਾਈ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ਼ਤਿਹਾਰੀ ਖ਼ਬਰਾਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਦੇਸ਼ ’ਚ 88-4 ਲੱਖ ਦਿਵਿਆਂਗ ਵੋਟਰ ਹਨ ਜਿਨ੍ਹਾਂ ਲਈ ਪੋਲਿੰਗ ਬੂਥਾਂ ’ਤੇ ਰੈਂਪ ਬਣਾਏ ਜਾਣਗੇ ਅਤੇ ਵ੍ਹੀਲਚੇਅਰ ਵੀ ਮੁਹੱਈਆ ਕਰਵਾਈ ਜਾਵੇਗੀ।




### ਚੋਣਾਂ ਦੌਰਾਨ ਮੁਫ਼ਤ ਦੇ ਵਾਅਦਿਆਂ ਖ਼ਿਲਾਫ਼ ਸੁਣਵਾਈ ਕਰੇਗੀ

ਸੁਪਰੀਮ ਕੋਰਟ ਨੇ ਚੋਣਾਂ ਦੌਰਾਨ ਮੁਫ਼ਤ ਸੌਗਾਤਾਂ ਤੇ ਸਹੂਲਤਾਂ ਦਾ ਵਾਅਦਾ ਕਰਨ ਵਾਲੀਆਂ ਸਿਆਸੀ ਪਾਰਟੀਆਂ ਖ਼ਿਲਾਫ਼ ਜਨਹਿੱਤ ਪਟੀਸ਼ਨ ਵੀਰਵਾਰ ਨੂੰ ਸੁਣਵਾਈ ਲਈ ਸੂਚੀਬੱਧ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਹ ਅਹਿਮ ਕਦਮ 19 ਅਪਰੈਲ ਤੋਂ ਸ਼ੁਰੂ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਚੁੱਕਿਆ ਗਿਆ ਹੈ। ਜਨਹਿਤ ਪਟੀਸ਼ਨ ’ਚ ਚੋਣ ਕਮਿਸ਼ਨ ਤੋਂ ਅਜਿਹੀਆਂ ਸਿਆਸੀ ਪਾਰਟੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਅਤੇ ਚੋਣ ਨਿਸ਼ਾਨ ਜ਼ਬਤ ਕਰਨ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ।

ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਅੱਜ ਕਿਹਾ, ‘ਇਹ ਮਹੱਤਵਪੂਰਨ ਹੈ। ਅਸੀਂ ਇਸ ਨੂੰ ਕੱਲ੍ਹ ਸੁਣਾਂਗੇ।’




















ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ 24 ਫਰਵਰੀ 2024 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਇਸ ਸਬੰਧਤ 23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਗੁਰੂ ਪਿਆਰੀ ਸਾਧ ਸੰਗਤ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ, ਜੋ ਕਰੀਬ ਦੋ ਸਾਲਾਂ 'ਚ ਸੰਪੂਰਨ ਹੋਵੇਗੀ। ਇਸ ਵਾਸਤੇ ਵੱਧ ਤੋਂ ਵੱਧ ਮਾਇਆ ਦੇ ਸਹਿਯੋਗ ਦੀ ਲੋੜ ਹੈ।

## ਸੰਗਤ ਦੇ ਸੇਵਾਦਾਰ ਅਤੇ ਸੰਪਰਕ ਨੰਬਰ


ਵਿਨੋਦ ਕੁਮਾਰ (ਚੇਅਰਮੈਨ)
510-953-9800


ਤਰਲੋਚਨ ਸਿੰਘ (ਪ੍ਰਧਾਨ)
510-712-1743


ਨਰੇਸ਼ ਕੁਮਾਰ (ਜਨਰਲ ਸਕੱਤਰ)
510-857-4551


ਮਨਦੀਪ ਰਾਏ (ਖਜ਼ਾਨਚੀ)
415-342-9159

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

**31252 Veasy Street,**
**Union City, CA 94587**

## ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ


ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।



*ਇਸ ਸਬੰਧਤ 23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।*

ਆਓ ਆਪਾਂ ਸਾਰੇ ਪਰਿਵਾਰਾਂ ਨਾਲ 24 ਮਾਰਚ 2024 ਦਿਨ ਐਤਵਾਰ ਨੂੰ ਗੁਰੂ ਘਰ ਪਹੁੰਚ ਕ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।

**ਰਾਮ ਮੂਰਤੀ ਸਰੋਏ ਅਤੇ ਸਮੂਹ ਪਰਿਵਾਰ**



**Office: (510) 742-8120,**
**Cell; (510) 368-3983**

39039 Paseo Padre Parkway Suite
# 205 Fremont, CA 94538

---

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਆਓ ਆਪਾਂ ਸਾਰੇ ਪਰਿਵਾਰਾਂ ਨਾਲ 24 ਮਾਰਚ 2024 ਦਿਨ ਐਤਵਾਰ ਨੂੰ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।

# Amrik Chand
## (CPA)

We are in this business since 1989. Your satisfaction is our goal.



959 Corporate Way, Fremont, CA. 94539

**Phone : 510-490-8200**
**Fax : 510-490-8202**
**Email : achand@pacbell.net**



## ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ ॥1॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥1॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥

**ਵਿਨੋਦ ਕੁਮਾਰ ਚੁੰਬਰ**
**ਚੇਅਰਮੈਨ (510)-953-9800**

ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

*ਇਸ ਸਬੰਧਤ 23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।*

---



ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

*ਇਸ ਸਬੰਧਤ 23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।*

# ਤਰਲੋਚਨ ਸਿੰਘ ਬੱਧਣ

**ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)**

## ਸਮੂਹ ਬੱਧਣ ਪਰਿਵਾਰ



ਫਾਇਲ ਚਿੱਤਰ

ਤਰਲੋਚਨ ਸਿੰਘ ਬੱਧਣ ਅਤੇ ਅਨੀਤਾ ਬੱਧਣ, ਪਰਿਵਾਰ
(ਬੇਟੀਆਂ) ਮਾਨਸੀ ਬੱਧਣ ਅਤੇ ਨੈਨਸੀ ਬੱਧਣ, (ਬੇਟਾ) ਦਿਲਜਾਨ ਬੱਧਣ

ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਿਹ ॥





# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਦੇ 647 ਵੇਂ ਪ੍ਰਕਾਸ਼ ਪੁਰਬ ਅਤੇ ਖ਼ਾਲਸੇ ਦੇ ਸਿਰਜਨਾ ਦਿਵਸ ਵਿਸਾਖੀ ਦੇ ਪਾਵਨ ਪੁਰਬ ਨੂੰ ਸਮਰਪਿਤ

# ਤੀਜਾ ਮਹਾਨ ਨਗਰ ਕੀਰਤਨ

**ਐਤਵਾਰ 7 ਅਪ੍ਰੈਲ 2024 ਸਵੇਰੇ 11 ਵਜੇ ਤੋਂ 4 ਵਜੇ ਤੱਕ**

### ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 11 ਮਾਰਚ ਦਿਨ ਸੋਮਵਾਰ 2024 ਤੋਂ 7 ਅਪ੍ਰੈਲ ਦਿਨ ਐਤਵਾਰ 2024 ਤੱਕ
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਪ੍ਰੈਲ 2024
ਭੋਗ ਸ੍ਰੀ ਅਖੰਡ ਪਾਠ ਸਾਹਿਬ - ਮਿਤੀ 7 ਅਪ੍ਰੈਲ 2024, 9 ਵਜੇ - ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ 6 ਅਪ੍ਰੈਲ - ਦਿਨ ਸ਼ਨੀਵਾਰ 2024 ਸ਼ਾਮ 4 ਵਜੇ**


ਭਾਈ ਅਮਰਜੀਤ ਸਿੰਘ ਤਾਨ


ਭਾਈ ਆਤਮਜੋਤ ਸਿੰਘ (ਯੂਬਾ ਸਿਟੀ)


ਗੁਰਨਾਮ ਸਿੰਘ ਭੰਡਾਲ


ਹਜ਼ੂਰੀ ਰਾਗੀ ਜੱਥਾ ਭਾਈ ਗੁਰਦਿਆਲ ਸਿੰਘ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

- ਸ਼ਿਗਾਰਾ ਸਿੰਘ ਰੱਲ (ਪ੍ਰਧਾਨ) 530 713 1823
- ਗੁਰਨਾਮ ਸਿੰਘ ਭੰਡਾਲ (ਚੈਅਰਮੈਨ) 530 218 4468
- ਡਾ. ਜਗਮੇਲ ਸਿੰਘ ਰਾਏ (ਜਨਰਲ ਸਕੱਤਰ) 551 697 4769
- ਰਾਮਸੇਵਕ ਭਾਟੀਆ (ਕੈਸ਼ੀਅਰ) 530 649 5794
- ਦਲਵਿੰਦਰ ਰੱਲ (ਵਾਇਸ ਚੈਅਰਮੈਨ) 530 933 3938

ਹੈਡ ਗ੍ਰੰਥੀ - ਭਾਈ ਗੁਰਦਿਆਲ ਸਿੰਘ
ਫੋਨ - 530 441 4165

ਗੁਰੂਘਰ ਦਾ ਫੋਨ ਨੰਬਰ
530 674 2564

# SHRI GURU RAVIDASS TEMPLE

1480 HAYNE AVE YUBA CITY, CA 95993

ਦੇਸ਼ ਦੁਆਬਾ

## ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਅਤੇ ਦਲਿਤ ਮੁਕਤੀ

ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਭਾਰਤ ਦੇ ਕੁਝ ਕੁ ਗਿਣੇ ਚੁਣੇ ਪ੍ਰਸਿੱਧ ਸਮਾਜਿਕ ਅਤੇ ਰਾਜਨੀਤਕ ਇਨਕਲਾਬੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਦਲਿਤ ਸਮਾਜ ਨੂੰ ਆਪਣੀ ਸੋਚ ਦਾ ਹਿੱਸਾ ਬਣਾਇਆ। ਸ੍ਰ. ਭਗਤ ਸਿੰਘ ਨੇ ''ਕਿਰਤੀ'' ਪੱਤ੍ਰਿਕਾ ਦੇ ਜੂਨ 1928 ਵਾਲੇ ਅੰਕ ਵਿੱਚ ''ਅਛੂਤ ਦਾ ਸਵਾਲ'' ਨਾਂ ਦੇ ਸਿਰਲੇਖ ਹੇਠ ''ਆਦਿ ਧਰਮ'' ਦੀ ਲਹਿਰ ਨੂੰ ਮੁਖਾਤਿਬ ਹੁੰਦੇ ਹੋਏ ਭਾਰਤ ਵਿੱਚ ਦਲਿਤ ਜੀਵਨ ਦੀ ਜੋ ਪੇਸ਼ਕਾਰੀ ਕੀਤੀ ਹੈ ਉਸ ਦਾ ਨਮੂਨਾ ਸ਼ਾਇਦ ਹੀ ਉਨ੍ਹਾਂ ਦੇ ਸਮਕਾਲੀਆਂ ਦੀਆਂ ਲਿਖਤਾਂ ਵਿੱਚ ਮਿਲਦਾ ਹੋਵੇ।

ਸ੍ਰ. ਭਗਤ ਸਿੰਘ ਨੇ ''ਆਦਿ ਧਰਮ'' ਦੀ ਲਹਿਰ ਨਾਲ ਸੰਬੰਧਿਤ ਕਾਰਕੁਨਾਂ ਨੂੰ ਸੁਚੇਤ ਕਰਦੇ ਹੋਏ ''ਦਲਿਤ ਮੁਕਤੀ ਦੇ ਸਵਾਲ'' ਨੂੰ ਵਕਤ ਦੀਆਂ ਤਮਾਮ ਤਾਕਤਾਂ ਅਤੇ ਸਾਜ਼ਿਸ਼ਾਂ ਤੋਂ ਜਾਣੂ ਹੋਣ ਲਈ ਜ਼ੋਰ ਦਿੱਤਾ ਸੀ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਅਗਰ ਆਦਿ ਧਰਮ ਦੀ ਲਹਿਰ ਬ੍ਰਾਹਮਣਵਾਦੀ ਵਿਧਾਨ ਦੇ ਖਿਲਾਫ਼ ਲੜਦੇ ਹੋਏ ਬਰਤਾਨਵੀ ਸਾਮਰਾਜੀ ਸਾਜ਼ਿਸ਼ਾਂ ਨੂੰ ਚੰਗੀ ਤਰ੍ਹਾਂ ਨਾ ਸਮਝ ਸਕੀ, ਤਾਂ ਬ੍ਰਾਹਮਣਵਾਦੀ ਅੰਦਰੂਨੀ ਗੁਲਾਮੀ ਤੋਂ ਛੁਟਕਾਰਾ ਤਾਂ ਕੀ ਮਿਲਣਾ, ਸਗੋਂ ਸਾਮਰਾਜੀਆਂ ਤੋਂ ਵੀ ਖਹਿੜਾ ਨਹੀਂ ਛੁਡਾ ਸਕੇਗੀ। ਸ੍ਰ. ਭਗਤ ਸਿੰਘ ਨੇ ਬਰਤਾਨਵੀ ਸਾਮਾਜਿਕ ਅਤੇ ਬ੍ਰਾਹਮਣਵਾਦੀ ਵਰਣ ਵਿਵਸਥਾ ਨੂੰ ਇੱਕੋ ਲੜੀ 'ਚ ਪ੍ਰੋ ਕੇ ਉਨ੍ਹਾਂ ਦੋਨੋਂ ਕਾਲੇ ਨਾਗਾਂ ਦੇ ਦੰਦ ਖੱਟੇ ਕਰਨ ਦੀ ਤਜਵੀਜ਼ ਦਿੱਤੀ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਇਹ ਮੰਨਣਾ ਸੀ ਕਿ ਭਾਰਤ ਦੀ ਅਜ਼ਾਦੀ ਦਾ ਸਵਾਲ ਉਦੋਂ ਤੱਕ ਪੂਰਾ ਨਹੀਂ ਹੋ ਸਕੇਗਾ ਜਦੋਂ ਤੱਕ ਇੱਥੋਂ ਦੇ ਦਲਿਤ ਲੋਕਾਂ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟੀਆਂ ਨਹੀਂ ਜਾਂਦੀਆਂ, ਜਿਸ ਨੂੰ ਉਹ ਭਾਰਤ ਦੀ ਸਾਮਾਜਿਕ ਗੁਲਾਮੀ ਦੇ ਨਾਂ ਨਾਲ ਪੁਕਾਰਦੇ ਸਨ, ਜਿਸ ਦਾ ਉਹਨਾਂ ਨੇ ਜ਼ਿਕਰ ''ਅਛੂਤ ਦਾ ਸਵਾਲ'' ਵਿੱਚ ਬਹੁਤ ਹੀ ਖੁੱਲ੍ਹ ਕੇ ਕੀਤਾ ਹੈ। ਲਾਹੌਰ ਦੀ ਜੇਲ੍ਹ ਅੰਦਰ ਉਨ੍ਹਾਂ ਦੀ ਆਖਰੀ ਤਮੰਨਾ ਜੇਲ ਵਿਚਲੇ ਮੈਤਰ ਹੱਥੋਂ ਰੋਟੀ ਖਾਣੀ ਇਸ ਗੱਲ ਦੀ ਸ਼ਾਦੀ ਭਰਦਾ ਹੈ। ਅਗਰ ਸ੍ਰ. ਭਗਤ ਸਿੰਘ ਕੁਝ ਸਮਾਂ ਹੋਰ ਜਿੰਦਾ ਰਹਿੰਦੇ ਤਾਂ ਉਨ੍ਹਾਂ ਦਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਰਾਮ ਜੀ ਅੰਬੇਦਕਰ ਨਾਲ ਸੰਪਰਕ ਅਵਸ਼ ਬਣਨਾ ਸੀ ਅਤੇ ਜਿਸ ਦਾ ਭਾਰਤ ਦੀ ਦਲਿਤ ਲਹਿਰ ਨੂੰ ਬਹੁਤ ਹੀ ਲਾਭ ਹਾਸਿਲ ਹੋਣਾ ਸੀ।

ਡਾਕਟਰ ਅੰਬੇਦਕਰ ਅਤੇ ਸ੍ਰ. ਭਗਤ ਸਿੰਘ ਦੀ ਸੋਚ ਵਿੱਚ ਕਾਫੀ ਬਰਾਬਰਤਾ ਦੀ ਝਲਕ ਪੈਂਦੀ ਹੈ। ਦੋਨੋਂ ਹੀ ਭਾਰਤ ਦੀ ਰਾਜਨੀਤਕ ਅਜ਼ਾਦੀ ਨੂੰ ਭਾਰਤ ਦੀ ਸਮਾਜਿਕ ਅਜ਼ਾਦੀ ਨਾਲ ਜੋੜ ਕੇ ਦੇਖਦੇ ਸਨ ਅਤੇ ਦੋਨੋਂ ਹੀ ਬ੍ਰਾਹਮਣਵਾਦ ਅਤੇ ਸਾਮਰਾਜਵਾਦ ਨੂੰ ਭਾਰਤ ਦੇ ਪੱਕੇ ਦੁਸ਼ਮਣ ਮੰਨਦੇ ਸਨ। ਅੱਜ ਲੋੜ ਹੈ ਡਾਕਟਰ ਅੰਬੇਦਕਰ, ਸ੍ਰ. ਭਗਤ ਸਿੰਘ ਅਤੇ ਗਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਦੀ ਸੋਚ ਨੂੰ ਮਿਲਾ ਕੇ ਦਲਿਤ ਮੁਕਤੀ ਦੇ ਸਵਾਲ ਨੂੰ ਸਮਝਣ ਦੀ ਅਤੇ ਲੋੜ ਹੈ ਦਲਿਤ ਮੁਕਤੀ ਦੇ ਸਹੀ ਮਾਰਗ 'ਤੇ ਚੱਲਣ ਦੀ। ਇਹੀ ਅੱਜ ਦੇ ਦਿਨ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਥਾਪਰ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

**– ਪ੍ਰੇਮ ਕੁਮਾਰ ਚੁੰਬਰ**

# ਯੁੱਗ ਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਅਤੇ ਉਨ੍ਹਾਂ ਦਾ ਕ੍ਰਿਸ਼ਮਾ



ਸਾਲ 1934 ਦਾ ਵਰ੍ਹਾ ਸੀ, ਜਦੋਂ ਬਾਬਾ ਸਾਹਿਬ ਦਾ ਸੰਘਰਸ਼ ਜ਼ੋਰਾਂ ਨਾਲ ਚੱਲ ਰਿਹਾ ਸੀ। 1932 ਵਿੱਚ ਹੋਏ ਪੂਨਾ ਪੈਕਟ ਤੋਂ ਬਾਅਦ ਗੌਰਮਿੰਟ ਆਫ਼ ਇੰਡੀਆ ਐਕਟ 1935 ਹੋਂਦ ਵਿੱਚ ਆਉਣ ਜਾ ਰਿਹਾ ਸੀ, ਜਿਸ ਅਧੀਨ ਸਦੀਆਂ ਤੋਂ ਮਾਰਿਆਂ ਨੂੰ ਕੁਝ ਸਹੂਲਤਾਂ ਮਿਲਣੀਆਂ ਸ਼ੁਰੂ ਹੋਣੀਆਂ ਸਨ। ਇਸੇ ਵਰ੍ਹੇ ਦੇ ਮਾਰਚ ਮਹੀਨੇ ਦੀ 15 ਤਰੀਕ ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਖ਼ੁਆਸਪੁਰ ਵਿੱਚ ਮਾਤਾ ਬਿਸ਼ਨ ਦੇਈ ਅਤੇ ਪਿਤਾ ਸ. ਹਰੀ ਸਿੰਘ ਦੇ ਘਰ ਜਿਸ ਬਾਲਕ ਨੇ ਜਨਮ ਲਿਆ ਉਹ ਹੀ ਸਮਾਂ ਪਾ ਕੇ ਕਾਂਸ਼ੀ ਰਾਮ ਨਾਮੀ ਦਲਿਤ ਜੀਵਨ ਵਿੱਚ ਇੱਕ ਮਹਾਨ ਰਾਜਨੀਤੀਵਾਨ ਬਣਿਆ ਤੇ ਬਾਬਾ ਸਾਹਿਬ ਤੋਂ ਬਾਅਦ ਦਲਿਤਾਂ ਦਾ ਦੂਜਾ ਮਸੀਹਾ ਬਣਿਆ।

ਰੋਪੜ ਸਰਕਾਰੀ ਕਾਲਜ ਤੋਂ ਬੀ. ਐਸ. ਸੀ. ਪਾਸ ਕਰਕੇ, ਬਾਬਾ ਸਾਹਿਬ ਦੀ ਮੁੱਢਲੀ ਕਰਮਭੂਤੀ ਮਹਾਂਰਾਸ਼ਟਰ ਪੂਨੇ ਵਿੱਚ ਆਰਡੀਨੈਂਸ ਫੈਕਟਰੀ ਵਿੱਚ ਸਾਇੰਸਦਾਨ ਦੇ ਅਹੁਦੇ 'ਤੇ ਜਾ ਲੱਗੇ। ਉੱਥੇ ਕੰਮ ਕਰਦਿਆਂ ਪਹਿਲੀ ਵਾਰੀ ਡਾ. ਅੰਬੇਡਕਰ ਦਾ ਨਾਂ ਸੁਣਿਆ। ਇੱਕ ਜਗਿਆਸਾ ਉੱਤੇ ਵੱਧਦੀ ਹੀ ਚਲੀ ਗਈ। ਬਾਬਾ ਸਾਹਿਬ ਦੀਆਂ ਲਿਖਤਾਂ ਦੇ ਸਮੁੰਦਰ ਵਿੱਚ ਗੋਤੇ ਲਾਏ. ਫਿਰ ਇੱਕ ਦਿਨ ਅਜਿਹੀ ਰਚਨਾ ਹੱਥ ਆ ਗਈ ਜਿਸ ਨੇ ਕਾਂਸ਼ੀ ਰਾਮ ਦੀ ਇੱਕ ਸਾਇੰਸਦਾਨ ਤੋਂ ਕਾਇਆ ਕਲਪ ਕਰਕੇ ਦਲਿਤਾਂ ਦੀ ਇੱਕ ਪੂਰੀ-ਸੂਰੀ ਸੰਸਥਾ ਦਾ ਨੀਂਹ ਪੱਥਰ ਰੱਖ ਦਿੱਤਾ। ਇਹ ਇਨਕਲਾਬੀ ਕਿਤਾਬ 'ਜਾਤ-ਪਾਤ ਦਾ ਬੀਜਨਾਸ਼' ਇੱਕ ਯੁਗ ਪਲਟਾਊ ਰਚਨਾ ਹੋ ਨਿੱਬੜੀ। ਨੌਕਰੀ ਛੱਡ ਦਿੱਤੀ, ਵਿਆਹ ਦੀਆਂ ਤਿਆਰੀਆਂ ਸਨ ਛੱਡ ਦਿੱਤੀ, ਘਰ-ਬਾਰ ਤਿਆਗ ਦਿੱਤਾ ਤੇ ਸਦੀਆਂ ਤੋਂ ਲਿਤਾੜਿਆਂ ਲਈ ਕੰਮ ਕਰਨ ਖ਼ਾਤਰ ਬਾਬਾ ਸਾਹਿਬ ਦਾ, ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਨਰਾਇਣਾ ਗੁਰੂ ਤੇ ਪੇਰੀਅਰ ਵਾਲਾ ਰਾਹ ਫੜ ਲਿਆ। ਆਪਣੇ ਆਪ ਨਾਲ ਵਾਅਦਾ ਕੀਤਾ ਕਿ ਇਹ ਵਕਤ ਦੇ ਮਾਰੇ ਤੇ ਲਤਾੜੇ ਹੋਏ ਹੀ ਮੇਰਾ ਪਰਿਵਾਰ ਹੈ, ਜਿਨ੍ਹਾਂ ਲਈ ਮੈਂ ਜੀਣਾ ਹੈ ਤੇ ਮਰਨਾ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲੀ ਚਿੱਠੀ ਆਪਣੀ ਮਾਂ ਨੂੰ ਲਿਖ ਕੇ ਮਾਂ ਬਾਪ, ਘਰ ਬਾਰ ਤੋਂ ਆਖਰੀ ਅਲਵਿਦਾ ਲੈ ਲਈ ਅਤੇ ਮੈਦਾਨ ਵਿੱਚ ਨਿਤਰ ਪਏ।



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

6 ਦਸੰਬਰ, 1978 ਨੂੰ ਪੜ੍ਹੇ-ਲਿਖੇ ਲੋਕਾਂ ਦੀ ਸਰਬ-ਭਾਰਤੀ ਸੰਸਥਾ ਬਣਾਈ, ਜਿਸ ਦਾ ਨਾਂ ਬਾਮਸੇਫ਼ ਰੱਖਿਆ। ਇਸ ਵਿੱਚ ਐਸ. ਸੀ., ਐਸ. ਟੀ., ਬੈਕਵਰਡ ਤੇ ਧਾਰਮਿਕ ਘੱਟਗਿਣਤੀਆਂ ਦੇ ਨੌਕਰੀ-ਪੇਸ਼ਾ ਲੋਕ ਸੰਗਠਿਤ ਕੀਤੇ। ਇਸ ਸੰਸਥਾ ਦੀ ਇਹ ਖ਼ੂਬੀ ਸੀ ਕਿ ਇਸ ਦਾ ਮੈਂਬਰ ਸੰਸਥਾ ਨੂੰ ਆਪਣੇ ਦਫ਼ਤਰ ਦੇ ਕੰਮਾਂ ਲਈ ਨਹੀਂ, ਸਗੋਂ ਸਾਮਾਜਿਕ ਕੰਮਾਂ ਲਈ ਵਰਤਦਾ ਸੀ। ਸਾਰੇ ਦੇਸ਼ ਵਿੱਚ, ਬਹੁਤਾ ਕਰਕੇ ਮਹਾਂਰਾਸ਼ਟਰ ਅਤੇ ਉੱਤਰ ਭਾਰਤ ਵਿੱਚ ਇਸ ਦੇ ਲੱਗਭੱਗ ਦੋ ਲੱਖ ਮੈਂਬਰ ਤਿਆਰ ਕੀਤੇ ਗਏ। ਇਹ ਉਹੀ ਲੋਕੀਂ ਸਨ, ਜਿਨ੍ਹਾਂ ਨੂੰ ਕਾਂਸ਼ੀ ਰਾਮ ਨੇ ਝੰਜੋੜਿਆ ਸੀ, ਤੇ ਇਹ ਅਹਿਸਾਸ ਕਰਵਾਇਆ ਸੀ ਕਿ ਤੁਸੀਂ ਆਪਣੇ ਸਮਾਜ ਦੇ ਨਾਂ 'ਤੇ ਰਾਖਵੇਂਕਰਨ ਦੇ ਨਾਂ 'ਤੇ ਪੜ੍ਹਾਈ ਜਾਂ ਨੌਕਰੀ ਵਿੱਚ ਕਿਤੇ ਨਾ ਕਿਤੇ ਕੋਈ ਲਾਭ ਲਿਆ ਹੈ, ਜਿਸ ਦੇ ਇਵਜ਼ ਵਿੱਚ ਹੁਣ ਤੁਹਾਨੂੰ ਆਪਣੇ ਸਮਾਜ ਲਈ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਸੀ ਕਿ ਮੈਨੂੰ ਤਿੰਨ ਚੀਜ਼ਾਂ ਚਾਹੀਦੀਆਂ ਹਨ। ਮੈਂ ਇਨ੍ਹਾਂ ਨਾਲ ਇੱਕ ਜ਼ਬਰਦਸਤ ਲਹਿਰ ਤਿਆਰ ਕਰਕੇ ਦੇਵਾਂਗਾ। ਜਦੋਂ ਬਾਮਸੇਫ਼ ਨੂੰ ਕਾਂਸ਼ੀ ਰਾਮ ਵਿੱਚ ਅਤੇ ਕਾਂਸ਼ੀ ਰਾਮ ਨੂੰ ਬਾਮਸੇਫ਼ ਵਿੱਚ ਵਿਸ਼ਵਾਸ ਹੋ ਗਿਆ, ਤਾਂ ਡੀ. ਐਸ. ਫੋਰ ਦਲਿਤ ਸੋਸ਼ਿਤ ਸਮਾਜ ਸੰਘਰਸ਼ ਸਮੰਤੀ ਦੀ ਸੰਸਥਾ ਰਾਸ਼ਟਰੀ ਪੱਧਰ ਦੀ ਦੂਜੀ ਦਲਿਤ ਜੱਥੇਬੰਦੀ ਹੋਂਦ ਵਿੱਚ ਆ ਗਈ। ਸਾਹਿਬ ਕਾਂਸ਼ੀ ਰਾਮ ਨੇ ਬਾਮਸੇਫ਼ ਮੈਂਬਰਾਂ ਨੂੰ ਸਮਝਾਇਆ ਅਤੇ ਕਿਹਾ ਕਿ ਤੁਸੀਂ ਸਾਰੇ ਨੌਕਰੀ ਪੇਸ਼ਾ ਲੋਕ ਹੋ ਤੁਹਾਡੇ ਸਿਰ 'ਤੇ ਸਿਵਲ ਸਰਵਿਸ ਰੂਲ ਦੀ ਤਲਵਾਰ ਲਟਕਦੀ ਹੈ, ਜਿਸ ਕਰਕੇ ਤੁਸੀਂ ਆਪਣੇ ਸਮਾਜ ਦੇ ਹਿੱਤ ਵਿੱਚ ਕੀਤੀ ਗਈ ਐਜੀਟੇਸ਼ਨ ਵਿੱਚ ਹਿੱਸਾ ਨਹੀਂ ਲੈ ਸਕੋਗੇ, ਪਰ ਸਾਨੂੰ ਸੰਘਰਸ਼ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੋਣੀ। ਸਾਨੂੰ ਜੇਲ੍ਹਾਂ 'ਚ ਵੀ ਜਾਣਾ ਪੈ ਸਕਦਾ ਹੈ। ਸੋ ਸਾਰੇ ਮੈਂਬਰ ਆਪਣੇ-ਆਪਣੇ ਘਰਾਂ ਵਿੱਚ ਆਪਣੇ ਮਾਂ-ਬਾਪ, ਭੈਣ-ਭਰਾ ਤੇ ਹੋਰ ਬਜ਼ੁਰਗਾਂ ਨੂੰ ਇਸ ਕੰਮ ਲਈ ਤਿਆਰ ਕਰੋ। ਫਿਰ ਕੀ ਸੀ ਹਰ ਕੋਈ ਜੇਲ੍ਹ ਜਾਣ ਲਈ ਤਿਆਰ ਹੋ ਗਿਆ। ਇਹ ਸਾਹਿਬ ਕਾਂਸ਼ੀ ਰਾਮ ਦਾ ਹੀ ਕਮਾਲ ਸੀ ਕਿ ਉਹਨਾਂ ਨੇ ਬਾਮਸੇਫ਼ ਤੋਂ ਠੀਕ ਤਿੰਨ ਸਾਲ ਬਾਅਦ 6 ਦਸੰਬਰ 1981 ਨੂੰ ਡੀ. ਐਸ. ਫੋਰ (ਦਲਿਤ, ਸ਼ੋਸ਼ਿਤ, ਸੰਘਰਸ਼, ਸੰਮਤੀ) ਵਰਗੀ ਸੰਘਰਸ਼ਮਈ, ਜੱਥੇਬੰਦੀ ਬਣਾ ਕੇ ਹਾਕਮ ਸ਼੍ਰੇਣੀ ਦੀ ਨੀਂਦ ਹਰਾਮ ਕਰ ਦਿੱਤੀ।

ਇਹ ਸਿਆਸਤ ਦਾ ਮੁੱਢਲਾ ਪੜਾਅ ਸੀ ਜਿਸ ਸਮਾਜ ਨੂੰ ਸਿਆਸਤ ਦਾ ਊੜਾ-ਐੜਾ ਨਹੀਂ ਸੀ ਪਤਾ ਸਾਹਿਬ ਕਾਂਸ਼ੀ ਰਾਮ ਨੇ ਉਸ ਨੂੰ ਬੱਚਿਆਂ ਵਾਂਗੂ ਸਮਝਾਇਆ ਕਿ ਕਿਵੇਂ ਚੋਣ ਲੜਨੀ ਹੈ, ਕਿਵੇਂ ਦੂਜੀਆਂ ਪਾਰਟੀਆਂ ਨਾਲ ਮੁੱਠਭੇੜ ਕਰਨੀ ਹੈ, ਕਿਵੇਂ ਸਮਝੌਤੇ ਕਰਨੇ ਹਨ, ਇਹ ਨੁਕਤੇ ਸਾਹਿਬ ਕਾਂਸ਼ੀ ਰਾਮ ਨੇ ਕਲਾਸਾਂ ਲਾ-ਲਾ ਕੇ ਸਮਾਜ ਨੂੰ ਸਮਝਾਏ। ਪਹਿਲੀ ਚੋਣ 1982 ਵਿੱਚ ਹਰਿਆਣਾ ਤੋਂ ਸ਼ੁਰੂ ਕੀਤੀ ਗਈ। ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਇਹ ਸੁਨਹਿਰੀ ਅੱਖਰ ਲੋਕਾਂ ਦੇ ਦਿਲਾਂ ਵਿੱਚ ਵਸਾ ਦਿੱਤੇ ਕਿ ''ਆਪਣੀਆਂ ਦੀਵਾਰਾਂ 'ਤੇ ਲਿਖ ਲਓ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।'' ਪਹਿਲੇ ਪੜਾਅ ਤੇ ਭਾਵੇਂ ਕੋਈ ਸੀਟ ਨਹੀਂ ਜਿੱਤੀ, ਪਰ ਮੀਡੀਏ ਨੇ ਇੱਕ ਗੱਲ ਮੰਨੀ ਕਿ ਕੋਈ ਵੀ ਉਮੀਦਵਾਰ ਲੱਖ ਲੋਭ ਦੇਣ ਦੇ ਬਾਵਜੂਦ ਵਿਕਿਆ ਨਹੀਂ ਸੀ।

ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਜਨਮ ਦਿਨ 14 ਅਪ੍ਰੈਲ 1984 ਨੂੰ ਇੱਕ ਪੂਰੀ-ਪੂਰੀ ਰਾਜਨੀਤਕ ਪਾਰਟੀ ਦਾ ਐਲਾਨ ਕਰ ਦਿੱਤਾ ਗਿਆ, ਜਿਸ ਦਾ ਨਾਂ.... ਬਹੁਜਨ ਸਮਾਜ ਪਾਰਟੀ ਰੱਖਿਆ। ਦਿੱਲੀ ਤੋਂ ਜੰਮੂ ਕਸ਼ਮੀਰ ਤੱਕ ਚਾਰ ਹਜ਼ਾਰ ਕਿਲੋਮੀਟਰ ਦਾ ਸਫ਼ਰ ਆਪਣੇ ਜੱਥੇ ਨਾਲ ਆਪ ਵੀ ਨਾਲ ਸਾਈਕਲ ਚਲਾ ਕੇ ਪੂਰਾ ਕੀਤਾ। ਹੁਣ ਕਾਂਸ਼ੀ ਰਾਮ ਨੇ ਲੋਕਾਂ ਨੂੰ ਸਮਝਾਉਣਾ ਸ਼ੁਰੂ ਕੀਤਾ ਕਿ ਵੇਖੋ ਸਾਡੀ ਲੜਾਈ ਭਾਵੇਂ ਹਰ ਪਾਸਿਓਂ ਤਾਕਤਵਰ ਲੋਕਾਂ ਨਾਲ ਹੈ, ਪਰ ਘਬਰਾਉਣ ਦੀ ਲੋੜ ਨਹੀਂ ਇਹ ਵੋਟਾਂ ਦਾ ਰਾਜ ਹੈ, ਜਿਸ ਦੀਆਂ ਵੋਟਾਂ ਵੱਧ ਉਸ ਦਾ ਰਾਜ ਹੋਣਾ ਚਾਹੀਦਾ ਹੈ। ਅਸੀਂ ਇਹ ਰਾਜ ਲਿਆ ਕੇ ਰਹਾਂਗੇ। ਅਸੀਂ ਪਹਿਲੇ ਪੜਾਅ 'ਤੇ ਕਿਸੇ ਵੱਡੀ ਸਿਆਸੀ ਪਾਰਟੀ ਨੂੰ ਹਰਾਉਣ ਦੀ ਸਥਿਤੀ ਵਿੱਚ ਹੋਵਾਂਗੇ ਫਿਰ ਅਗਲੇ ਪੜਾਅ 'ਤੇ ਕਿਸੇ ਸਿਆਸੀ ਪਾਰਟੀ ਦੇ ਸਹਿਯੋਗ ਨਾਲ ਕੁਝ ਹੱਦ ਤੱਕ ਜਿੱਤਣ ਵਾਲੀ ਪਾਰਟੀ ਬਣਾਂਗੇ ਤੇ ਅਖ਼ੀਰਲੇ ਪੜਾਅ 'ਤੇ ਅਸੀਂ ਇਕੱਲਿਆਂ ਹੀ ਜਿੱਤਣ ਦੀ ਸਥਿਤੀ ਵਿੱਚ ਪੁੱਜ ਜਾਵਾਂਗੇ।

ਕਾਂਸ਼ੀ ਰਾਮ ਦਾ ਕ੍ਰਿਸ਼ਮਾ ਕੰਮ ਕਰਦਾ ਰਿਹਾ, ਉਹਨਾਂ ਵਿੱਚ ਲੋਕਾਂ ਦਾ ਵਿਸ਼ਵਾਸ ਦ੍ਰਿੜ੍ਹ ਹੁੰਦਾ ਗਿਆ ਤੇ ਕਾਂਸ਼ੀ ਰਾਮ ਦੇ ਪੈਰ ਹੋਰ ਮਜ਼ਬੂਤ ਹੁੰਦੇ ਗਏ। ਕਾਂਸ਼ੀ ਰਾਮ ਨੇ ਸਮਝਾਇਆ ਕਿ ਦੇਸ਼ ਵਿੱਚ 10-15% ਕਥਿਤ ਉੱਚ ਜਾਤੀ ਲੋਕ ਆਪਣੀਆਂ ਕੁਚਾਲਾਂ ਨਾਲ ਬਾਕੀ ਦੇ 8590% ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ ਤੇ ਉਹਨਾਂ 'ਤੇ ਰਾਜ ਕਰ ਰਹੇ ਹਨ, ਜਦੋਂ ਕਿ ਰਾਜ ਬਹੁ-ਗਿਣਤੀ (85%) ਵਾਲਿਆਂ ਦਾ ਹੋਣਾ ਚਾਹੀਦਾ ਹੈ। ਇਹ ਗੱਲ ਲੋਕਾਂ ਦੀ ਸਮਝ ਪੈ ਗਈ।

ਉਹਨਾਂ ਦੱਸਿਆ ਕਿ ਸਭ ਵੱਡੀਆਂ ਪਾਰਟੀਆਂ 'ਸਾਂਪਨਾਥ' ਤੇ 'ਨਾਗਨਾਥ' ਹਨ, ਜੋ ਆਮ ਲੋਕਾਂ ਨੂੰ ਡੱਸਦੀਆਂ ਹਨ, ਦਲਿਤ ਸਮਾਜ ਨੂੰ ਡੱਸਦੀਆਂ ਹਨ। ਇਸੇ ਲਈ ਦੇਸ਼ ਦੀ ਸਮੁੱਚੀ ਉੱਨਤੀ ਨਹੀਂ ਹੋ ਰਹੀ ਸਿਰਫ਼ ਉਹਨਾਂ 15% ਲੋਕਾਂ ਦੀ ਹੀ ਤਰੱਕੀ ਹੋ ਰਹੀ ਹੈ। ਲੋਕਾਂ ਨੇ ਗੱਲ ਸਮਝੀ, ਤਾਂ ਰਾਜਨੀਤਕ ਪਿੜ ਵਿੱਚ ਖਲਬਲੀ ਮੱਚ ਗਈ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੀ ਮੁੱਖ ਮੰਤਰੀ ਦੀ ਕੁਰਸੀ ਇੱਕ ਦਲਿਤ ਔਰਤ ਮਾਇਆਵਤੀ ਨੇ ਮੱਲ ਲਈ, ਪਰ ਲੜਾਈ ਡਾਢਿਆਂ ਨਾਲ ਸੀ। ਕੁਰਸੀ ਜ਼ਿਆਦਾ ਦੇਰ ਨਾ ਰਹੀ। ਕਾਂਸ਼ੀ ਰਾਮ ਦਾ ਕ੍ਰਿਸ਼ਮਾ ਫਿਰ ਕੰਮ ਕਰ ਗਿਆ ਤੇ ਮਾਇਆਵਤੀ ਨੇ ਫਿਰ ਕੁਰਸੀ ਜਾ ਮੱਲੀ ਕੁਝ ਦੇਰ ਬਾਅਦ ਫਿਰ ਖੁੱਸ ਗਈ। ਪਰ ਹੁਣ ਦਲਿਤ ਸਮਾਜ ਵਿੱਚ ਰਾਜ ਕਰਨ ਦੀ ਜਾਗ ਲੱਗ ਚੁੱਕੀ ਸੀ। ਜਾਬਰਾਂ ਨਾਲ ਬਰਾਬਰ ਦੀ ਲੜਾਈ ਲੜਨ ਜੋਗਾ ਸਮਾਜ ਸਾਹਿਬ ਕਾਂਸ਼ੀ ਰਾਮ ਨੇ ਤਿਆਰ ਕਰ ਦਿੱਤਾ ਸੀ। ਫਿਰ ਉਸ ਨੇ ਇੱਕ ਦਿਨ ਪੱਕੇ ਪੈਰੀਂ ਮਜ਼ਬੂਤ ਹੋ ਕੇ ਦਲਿਤ ਔਰਤ ਨੂੰ ਕੁਰਸੀ 'ਤੇ ਬਿਠਾ ਦਿੱਤਾ। ਵਿਰੋਧੀ ਸੋਚਦੇ ਰਹਿ ਗਏ, ਘਾੜਤਾਂ ਘੜਦੇ ਰਹਿ ਗਏ, ਪਰ ਸੱਤਾ ਪ੍ਰਾਪਤੀ ਦੀ ਅਜਿਹੀ ਜਾਗ ਸਾਹਿਬ ਕਾਂਸ਼ੀ ਰਾਮ ਨੇ ਲਗਾਈ ਕਿ ਅੱਜ ਅੱਖਾਂ ਦੇਸ਼ ਦੀ ਸਭ ਤੋਂ ਵੱਡੀ ਕੁਰਸੀ 'ਤੇ ਲਾਉਣ ਦੀ ਸਮਰੱਥਾ ਦਲਿਤ ਸਮਾਜ ਨੇ ਪੈਦਾ ਕਰ ਲਈ ਹੈ।

ਸਾਹਿਬ ਕਾਂਸ਼ੀ ਰਾਮ ਕਹਿੰਦੇ ਸਨ, ਸਾਡਾ ਅਸਲ ਪੜਾਅ ਦਿੱਲੀ ਹੈ ਇਸੇ ਲਈ ਦਿੱਲੀ ਦੇ ਤਖ਼ਤ 'ਤੇ ਕਬਜ਼ੇ ਦੀ ਭਾਵਨਾ ਅੱਜ ਦਲਿਤ ਸਮਾਜ ਲਗਾਈ ਬੈਠਾ ਹੈ। ਉਹ ਕਹਿੰਦੇ ਸਨ ਕਿ ਸੱਤਾ ਪ੍ਰਾਪਤੀ ਤੱਕ ਸਾਡੀ ਇਹ ਰਣਨੀਤੀ ਹੈ ਕਿ ਕੋਈ ਵੀ ਇੱਕ ਪਾਰਟੀ ਤਾਕਤ ਵਿੱਚ ਨਾ ਆਵੇ ਅਤੇ ਸਾਡੇ ਸਹਾਰੇ ਬਿਨਾਂ ਵੀ ਕੋਈ ਪਾਰਟੀ ਤਾਕਤ ਵਿੱਚ ਨਾ ਆਵੇ। ਉਹਨਾਂ ਨੇ ਆਖੇ ਬੋਲ ਅੱਖਰ-ਅੱਖਰ ਸੱਚ ਹੁੰਦੇ ਜਾ ਰਹੇ ਹਨ। ਅੱਜ ਕਿਸੇ ਇਕੱਲੀ ਪਾਰਟੀ ਦਾ ਰਾਜ ਨਹੀਂ ਹੈ। ਉਹ ਕਹਿੰਦੇ ਸਨ ਕਿ ਅਸੀਂ ਮਜ਼ਬੂਰ, ਲਾਚਾਰ ਸਰਕਾਰਾਂ ਚਾਹੁੰਦੇ ਹਾਂ ਜਦੋਂ ਤੱਕ ਕਿ ਅਸੀਂ ਆਪ ਸੱਤਾ ਵਿੱਚ ਨਹੀਂ ਆਉਂਦੇ। ਇਹ ਵਾਪਰ ਰਿਹਾ ਹੈ। ਉਹ ਕਹਿੰਦੇ ਸਨ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪੂਜਾ ਨਹੀਂ ਉਸ ਦੀ ਸੋਚ ਨੂੰ ਅਪਣਾਓ। ਉਹ ਉਸ ਦੀ ਸੋਚ 'ਤੇ ਪਹਿਰਾ ਦਿੰਦੇ ਰਹੇ ਅਤੇ ਉਸ ਦੀ ਸੋਚ ਨੂੰ ਅਪਨਾਉਣ ਲਈ ਪ੍ਰੇਰਦਿਆਂ, ਦਲਿਤ ਸਮਾਜ ਲਈ ਵੱਡੇ ਪੂਰਨੇ ਪਾਉਂਦਿਆਂ ਸਫ਼ਲਤਾ ਦੀਆਂ ਪੌੜੀਆਂ ਚੜ੍ਹਦੇ-ਚੜ੍ਹਦੇ ਅੰਤ 9 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਸਕੂਲ ਵਿਚ ਵਿਦਿਆਰਥੀ ਵੱਲੋਂ ਕੀਤੀਆਂ 4 ਹੱਤਿਆਵਾਂ ਦਾ ਮਾਮਲਾ

# ਅਦਾਲਤ ਵੱਲੋਂ ਵਿਦਿਆਰਥੀ ਦਾ ਪਿਤਾ ਦੋਸ਼ੀ ਕਰਾਰ, ਅਪਰੈਲ ਵਿਚ ਸੁਣਾਈ ਜਾਵੇਗੀ ਸਜ਼ਾ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਜੇਮਜ ਕਰੰਬਲੇ ਜੋ ਉਸ ਨਬਾਲਗ ਵਿਦਿਆਰਥੀ ਦਾ ਪਿਤਾ ਹੈ ਜਿਸ ਨੇ ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਆਕਸਫੋਰਡ ਹਾਈ ਸਕੂਲ ਵਿਚ 30 ਨਵੰਬਰ 2021 ਨੂੰ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤੇ ਇਕ ਅਧਿਆਪਕ ਸਮੇਤ 6 ਹੋਰ ਵਿਦਿਆਰਥੀਆਂ ਨੂੰ ਜਖਮੀ ਕਰ ਦਿੱਤਾ ਸੀ, ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਦੀ ਖਬਰ ਹੈ। ਕਰੰਬਲੇ ਨੂੰ 4 ਦੋਸ਼ਾਂ ਤਹਿਤ ਗੈਰ ਇਰਾਦਾ ਹੱਤਿਆਵਾਂ ਲਈ ਦੋਸ਼ੀ ਕਰਾਰ ਦਿੱਤਾ ਗਿਆ। ਇਕ ਮਹੀਨਾ ਪਹਿਲਾਂ ਅਦਾਲਤ ਨੇ ਵਿਦਿਆਰਥੀ ਦੀ ਮਾਂ ਜੈਨੀਫਰ ਕਰੰਬਲੇ ਨੂੰ ਵੀ ਇਨਾਂ ਦੋਸ਼ਾਂ ਤਹਿਤ ਹੀ ਦੋਸ਼ੀ ਕਰਾਰ ਦਿੱਤਾ ਸੀ।

ਇਸ ਤੋਂ ਪਹਿਲਾਂ ਆਪਣੀ ਬਹਿਸ ਮੁਕੰਮਲ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਜੇਮਜ ਕਰੰਬਲੇ ਦੀ ਸਿਰੇ ਦੀ ਲਾਪਰਵਾਹੀ ਕਾਰਨ ਇਹ ਘਟਨਾ ਵਾਪਰੀ ਸੀ ਜਿਸ ਨੇ ਹਮਲੇ ਤੋਂ ਇਕ ਦਿਨ ਪਹਿਲਾਂ ਆਪਣੇ ਪੁੱਤਰ ਨੂੰ 9 ਐਮ ਐਮ ਦੀ ਗੰਨ ਲਿਆ ਕੇ ਦਿੱਤੀ ਸੀ ਪਰੰਤੂ ਉਹ ਗੰਨ ਦੀ ਸੰਭਾਲ ਕਰਨ ਵਿਚ ਅਸਫਲ ਰਿਹਾ ਤੇ ਉਸ ਨੇ ਆਪਣੇ ਪੁੱਤਰ ਦੀ ਮਾਨਸਿਕ ਹਾਲਤ ਨੂੰ ਵੀ ਨਹੀਂ ਸਮਝਿਆ। ਅਦਾਲਤ ਨੇ ਪਤੀ ਪਤਨੀ ਨੂੰ ਸਜ਼ਾ ਸਣਾਉਣ ਲਈ 9 ਅਪ੍ਰੈਲ ਦੀ ਤਰੀਕ ਨਿਸ਼ਚਤ ਕੀਤੀ ਹੈ। ਜੱਜ ਨੇ ਕਿਹਾ ਕਿ 9 ਅਪ੍ਰੈਲ ਨੂੰ ਸਵੇਰੇ 9 ਵਜੇ ਸਜ਼ਾ ਸੁਣਾਈ ਜਾਵੇਗੀ। ਫੈਸਲੇ ਉਪਰੰਤ ਜੇਮਜ ਕਰੰਬਲੇ ਨੂੰ ਹੱਥਕੜੀ ਲਾ ਕੇ ਅਦਾਲਤ ਤੋਂ ਬਾਹਰ ਲਿਜਾਇਆ ਗਿਆ। ਫੈਸਲਾ ਸੁਣਾਉਣ ਸਮੇ ਪੀੜਤ ਮਾਪੇ ਵੀ ਹਾਜਰ ਸਨ।

# ਭਾਰਤੀ ਮੂਲ ਦੇ ਵਿਅਕਤੀ ਉਪਰ ਬੰਦਰਗਾਹ 'ਤੇ ਵਰਕਰ ਨੂੰ ਗਾਲਾਂ ਕੱਢਣ ਤੇ ਮਾਰਨ ਦੀ ਧਮਕੀ ਦੇਣ ਦਾ ਦੋਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਨ ਡਇਏਗੋ (ਕੈਲੀ-ਫੋਰਨੀਆ) ਬੰਦਰਗਾਹ ਵਿਖੇ ਮੋਟਰ ਕਿਸ਼ਤੀ ਖੜੀ ਕਰਨ ਤੋਂ ਰੋਕਣ 'ਤੇ ਭਾਰਤੀ ਮੂਲ ਦੇ ਇਕ ਲੱਖਪਤੀ ਵਿਅਕਤੀ ਵੱਲੋਂ ਇਕ ਵਰਕਰ ਨੂੰ ਗਾਲਾਂ ਕੱਢਣ ਤੇ ਅਸ਼ਲੀਲ ਹਰਕਤਾਂ ਕਰਨ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤੀ ਮੂਲ ਦੇ ਅਜੇ ਠਾਕਰ ਜੋ 45 ਲੱਖ ਡਾਲਰ ਦੇ ਮੁੱਲ ਵਾਲੀ ਲੈਂਬੋਰਘਿਨੀ ਮੋਟਰ ਕਿਸ਼ਤੀ ਦਾ ਮਾਲਕ ਹੈ, ਨੇ ਜਦੋਂ ਬੰਦਰਗਾਹ ਉਪਰ ਆਪਣੀ ਕਿਸ਼ਤੀ ਖੜੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਕ ਵਰਕਰ ਨੇ ਉਸ ਨੂੰ ਅਜਿਹਾ ਕਰਨ ਤੋਂ ਮਨਾਂ ਕਰ ਦਿੱਤਾ। ਇਸ 'ਤੇ ਉਹ ਭੜਕ ਉਠਿਆ ਤੇ ਉਸ ਨੇ ਮੰਦਾ ਚੰਗਾ ਬੋਲਣਾ ਸ਼ੁਰੂ ਕਰ ਦਿੱਤਾ। ਇਸ ਸਬੰਧੀ ਵਾਇਰਲ ਹੋਈ ਵੀਡੀਓ ਵਿਚ ਅਜੇ ਠਾਕਰ ਵਰਕਰ ਨੂੰ ਮੰਦਾ ਚੰਗਾ ਬੋਲਦਾ ਹੋਇਆ ਨਜਰ ਆ ਰਿਹਾ ਹੈ ਤੇ ਉਸ ਵੱਲ ਅਸ਼ਲੀਲ ਹਰਕਤ ਵੀ ਕਰਦਾ ਹੋਇਆ ਵਿਖਾਈ ਦਿੰਦਾ ਹੈ। ਉਹ 21 ਸਾਲਾ ਵਰਕਰ ਨੂੰ ਮਾਰ ਦੇਣ ਦੀ ਧਮਕੀ ਵਾਰ ਵਾਰ ਦਿੰਦਾ ਹੈ। ਅਜੇ ਠਾਕਰ ਨੇ ਆਪਣੇ ਇੰਸਟਾਗਰਾਮ ਸਫੇ 'ਤੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਸ ਨੇ ਆਪਣੇ ਮੁਲਾਜ਼ਮ ਦੇ ਸਮਰਥਨ ਵਿਚ ਕਾਰਵਾਈ ਕੀਤੀ ਹੈ ਜਿਸ ਨੂੰ ਬੰਦਰਗਾਹ ਦੇ ਮੁਲਾਜ਼ਮ ਨੇ ਕਿਸ਼ਤੀ ਖੜੀ ਕਰਨ ਤੋਂ ਰੋਕਿਆ ਤੇ ਉਸ ਨੂੰ ਧਮਕੀ ਦਿੱਤੀ। ਮੈ ਇਸ ਲਈ ਮੁਆਫੀ ਨਹੀਂ ਮੰਗਾਂਗਾ।



# ਪ੍ਰੋ. ਸਰਬਜੀਤ ਮੰਗੂਵਾਲ ਦੀ ਨਿਵੇਕਲੀ ਕਿਤਾਬ 'ਫੁੱਟਬਾਲ ਦੇ ਅੰਗ ਸੰਗ' ਪੰਜਾਬੀ ਸਾਹਿਤ ਅਤੇ ਖੇਡ ਪ੍ਰੇਮੀਆਂ ਲਈ ਵੱਡਾ ਤੋਹਫਾ- ਧਰਮਿੰਦਰ ਮਸਾਣੀ

**ਫਿਲੌਰ (ਜੱਸੀ)–**ਪਿਛਲੇ ਦਿਨੀ ਦੁਆਬੇ ਦੇ ਸੀਨੀਅਰ ਫੁੱਟਬਾਲ ਕੋਚ ਪ੍ਰੋ ਸਰਬਜੀਤ ਮੰਗੂਵਾਲ ਦੀ ਕਿਤਾਬ 'ਫੁੱਟਬਾਲ ਦੇ ਅੰਗ ਸੰਗ' ਖੇਡ ਜਗਤ ਦੀ ਝੋਲੀ ਪਈ ਜੋ ਕਿ ਖੇਡ ਜਗਤ ਅਤੇ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।ਪ੍ਰੋ ਸਰਬਜੀਤ ਮੰਗੂਵਾਲ ਦੀ ਇਸ ਕਿਤਾਬ ਨੂੰ ਪੰਜਾਬ ਦੀਆਂ ਬਹੁਤ ਹੀ ਵੱਡੀਆਂ ਤੇ ਸਤਿਕਾਰਿਤ ਲਾਇਬ੍ਰੇਰੀਆਂ ਵਿਚ ਬਹੁਤ ਸਨਮਾਨਿਤ ਸਥਾਨ ਮਿਲਿਆ ਹੈ। ਕਿਤਾਬ ਦੀ ਖਾਸ ਗੱਲ ਇਹ ਹੈ ਕਿ ਕਿਤਾਬ ਨੂੰ ਪੜ੍ਹਦਿਆਂ ਤੁਸੀ ਇੰਝ ਮਹਿਸੂਸ ਕਰੋਗੇ ਕਿ ਤੁਸੀਂ ਆਪ ਵੀ ਇਕ ਖਿਡਾਰੀ ਹੋ। ਕਿਤਾਬ ਦੀ ਪੜਚੋਲ ਕਰਦਿਆਂ ਕਿਤਾਬ ਦੇ ਸਾਹਿਤਕ ਕੱਦ ਦਾ ਅੰਦਾਜਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਿਤਾਬ ਦੀ ਭੂਮਿਕਾ ਲਿਖਣ ਵਾਲਿਆਂ ਵਿਚ ਪ੍ਰੋ:ਜਗਮੋਹਣ ਸਿੰਘ ( ਭਾਣਜਾ ਸ਼ਹੀਦ ਭਗਤ ਸਿੰਘ), ਕਾ. ਦਰਸ਼ਣ ਖਟਕੜ,ਕਾ। ਸਰਦਾਰਾ ਸਿੰਘ ਮਾਹਲ, ਪ੍ਰੋ ਸੁਰਜੀਤ ਜੱਜ, ਅਸ਼ੋਕ ਭੌਰਾ ( ਅਮਰੀਕਾ), ਪ੍ਰੋ ਸੰਧੂ ਵਰਿਆਣਵੀ, ਹਰਬੰਸ ਹੀਉਂ, ਇਕਬਾਲ ਸਿੰਘ ਜੱਬੋਵਾਲੀਆ (ਪ੍ਰਸਿੱਧ ਖੇਡ ਲੇਖਕ) ਜਸਵੰਤ ਖਟਕੜ ਵਰਗੇ ਦਿਗੱਜ ਵਿਦਵਾਨ ਚਿਹਰੇ ਸ਼ਾਮਿਲ ਹਨ। ਪ੍ਰੋ ਸਰਬਜੀਤ ਦੀ ਬੇਟੀ ਮਨਜਿੰਦਰ ਜੋਤੀ (ਪ੍ਰਸਿੱਧ ਖਿਡਾਰੀ ਅਤੇ ਕੋਚ) ਸਮੇਤ ਉਹਨਾ ਦੇ ਪੁੱਤਰਾਂ ਨੇ ਵੀ ਬਹੁਤ ਭਾਵੁੱਕ ਸ਼ਬਦ ਲਿਖਕੇ ਸਰਬਜੀਤ ਨੂੰ ਵਧਾਈ ਦਿੱਤੀ ਹੈ। ਪੰਜਾਬੀ ਖੇਡ ਜਗਤ ਦਾ ਇਹ ਅਣਮੋਲ ਖਜਾਨਾ ਹਰ ਇਕ ਪੰਜਾਬੀ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ। ਲੋਕ ਸੰਘਰਸ਼ ਨੂੰ ਪ੍ਰਣਾਏ ਆਪਣੀ ਬਹੁਤੀ ਜਿੰਦਗੀ ਖੇਡ ਜਗਤ ਦੇ ਲੇਖੇ ਲਾਉਣ ਵਾਲੇ ਪ੍ਰੋ ਸਰਬਜੀਤ ਮੰਗੂਵਾਲ ਇੱਕ ਵਿਲੱਖਣ ਸ਼ਖਸ਼ੀਅਤ ਦੇ ਮਾਲਕ ਹਨ ਤੇ ਹਮੇਸ਼ਾ ਪੰਜਾਬ ਦੇ ਭਵਿੱਖ ਬਾਰੇ ਸੋਚਦੇ ਰਹਿੰਦੇ ਹਨ।




# ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਦੀ ਮੌਜੂਦਾ ਭਾਰਤੀ ਕੌਂਸਲਰ ਨਿਤਿਆ ਰਮਨ ਨੇ ਮੁੜ ਚੋਣ ਜਿੱਤੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਅਮਰੀਕੀ ਨਿਤਿਆ ਰਮਨ ਦੁਬਾਰਾ ਫਿਰ ਲਾਸ ਏਂਜਲਸ ਦੀ ਕੌਂਸਲ ਮੈਂਬਰ ਚੁਣੀ ਗਈ ਹੈ। ਉਸ ਨੇ ਜਿੱਤ ਲਈ ਲੋੜੀਂਦੀਆਂ 50% ਤੋਂ ਵਧ ਵੋਟਾਂ ਪ੍ਰਾਪਤ ਕਰ ਲਈਆਂ ਹਨ। ਲਾਸ ਏਂਜਲਸ ਦੀ ਚੌਥੇ ਡਿਸਟ੍ਰਿਕਟ ਸੀਟ ਤੋਂ ਦੂਸਰੀ ਵਾਰ ਚੋਣ ਮੈਦਾਨ ਵਿਚ ਉੱਤਰੀ ਰਮਨ ਨੂੰ 2 ਉਮੀਦਵਾਰਾਂ ਵੱਲੋਂ ਚੁਣੌਤੀ ਦਿੱਤੀ ਗਈ ਸੀ । ਇਨਾਂ ਵਿਰੋਧੀ ਉਮੀਦਵਾਰਾਂ ਨੇ ਬੇਘਰੇ ਲੋਕਾਂ ਦੀ ਸਮੱਸਿਆ ਤੇ ਅਪਰਾਧ ਨਾਲ ਨਜਿੱਠਣ ਦੀ ਰਮਨ ਦੀ ਸਮਰੱਥਾ ਉਪਰ ਸਵਾਲ ਉਠਾਏ ਸਨ ਪਰੰਤੂ ਵੋਟਰਾਂ ਨੇ ਉਨਾਂ ਵੱਲੋਂ ਉਠਾਏ ਸਵਾਲਾਂ ਨੂੰ ਨਕਾਰ ਦਿੱਤਾ ਤੇ ਮੁੜ ਉਸ ਦੀ ਕਾਬਲੀਅਤ 'ਤੇ ਮੋਹਰ ਲਾ ਦਿੱਤੀ।

ਰਮਨ ਨੂੰ ਕੁਲ 32430 (50.64%) ਵੋਟਾਂ ਮਿਲੀਆਂ ਜਦ ਕਿ ਦੂਸਰੇ ਸਥਾਨ 'ਤੇ ਰਹੇ ਉਸ ਦੇ ਵਿਰੋਧੀ ਡਿਪਟੀ ਸਿਟੀ ਅਟਾਰਨੀ ਏਥਾਨ ਵੀਵਰ ਨੂੰ 24730 (38.62%) ਵੋਟਾਂ ਮਿਲੀਆਂ। ਏਥਾਨ ਰਮਨ ਨੇ ਆਪਣੀ ਹਾਰ ਸਵਿਕਾਰ ਕਰਦਿਆਂ ਰਮਨ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਉਨਾਂ ਕਿਹਾ ਕਿ ਅਸੀਂ ਸਾਡੇ ਸ਼ਹਿਰ ਦੇ ਅਹਿਮ ਮੁੱਦਿਆਂ ਬਾਰੇ ਸਹਿਮਤ ਰਹੇ ਹਾਂ ਪਰੰਤੂ ਇਨਾਂ ਮੁੱਦਿਆਂ ਦੇ ਹਲ ਨੂੰ ਲੈ ਕੇ ਵੱਖਰੇ ਵਿਚਾਰ ਰਖਦੇ ਹਾਂ ਪਰੰਤੂ ਅਸੀਂ ਕੱਟੜ ਵਿਰੋਧੀ ਕਦੇ ਵੀ ਨਹੀਂ ਰਹੇ। ਮੈਂ ਇਸ ਕਮਾਲ ਦੀ ਜਿੱਤ ਲਈ ਰਮਨ ਨੂੰ ਵਧਾਈ ਦਿੰਦਾ ਹਾਂ। ਰਮਨ ਨੇ ਜਿੱਤ ਉਪਰੰਤ ਕਿਹਾ ਹੈ ਕਿ ਉਹ ਆਪਣੇ ਸਾਰੇ ਵਾਲੰਟੀਅਰਾਂ,ਹਮਾਇਤੀਆਂ ਤੇ ਸਾਡੇ ਜਿਲੇ ਦੇ ਵਾਸੀਆਂ ਦਾ ਧੰਨਵਾਦ ਕਰਦੀ ਹਾਂ ਜਿਨਾਂ ਨੇ ਮੈਨੂੰ ਦੁਬਾਰਾ



# ਭਾਰਤੀ ਰੇਲ ਡਾਕ ਸੇਵਾ ਦੀ ਆਲ ਇੰਡੀਆ ਮੁਲਾਜ਼ਮ ਯੂਨੀਅਨ ਸਰਕਲ ਪੰਜਾਬ ਵਲੋਂ ਰਾਮ ਪ੍ਰਕਾਸ਼ ਟੋਨੀ ਨੂੰ ਸਰਬ ਸੰਮਤੀ ਨਾਲ ਚੁਣਿਆ ਪ੍ਰਧਾਨ

**ਦੁਸਾਂਝ ਕਲਾਂ (ਜੱਸੀ)–** ਭਾਰਤੀ ਰੇਲ ਡਾਕ ਸੇਵਾ ਵਿਭਾਗ ਦੀ ਆਲ ਇੰਡੀਆ ਯੂਨੀਅਨ ਭਾਰਤੀ ਰੇਲ ਡਾਕ ਸੇਵਾ ਦੀ ਆਰ. ਫੋਰ, ਐਨ ਐਫ਼. ਪੀ . ਈ ਅਤੇ ਮੇਲ ਗਾਰਡ, ਐਮ. ਟੀ. ਐਸ, ਐਮ. ਐਮ ਮੁਲਾਜ਼ਮ ਯੂਨੀਅਨ ਦੀ ਲੁਧਿਆਣਾ ਸਰਕਲ ਪੰਜਾਬ ਦੀ ਕਾਨਫਰੰਸ ਲੁਧਿਆਣਾ ਵਿਖੇ ਹੋਈ। ਇਹ ਕਾਨਫਰੰਸ ਕਾਮਰੇਡ ਪ੍ਰੀਤਮ ਸਿੰਘ ਦੀ ਪ੍ਰਧਾਨਗੀ ਹੇਠ ਲੁਧਿਆਣਾ ਵਿਖੇ ਹੋਈ।

ਇਸ ਮੌਕੇ ਕਾਮਰੇਡ ਕੇ. ਕੇ. ਸ਼ਰਮਾ, ਲਖਵਿੰਦਰ ਸਿੰਘ ਡਾਇਰੈਕਟਰ ਅੰਬਾਲਾ ਬੈਂਕ , ਕਾਮਰੇਡ ਮੁਖਤਿਆਰ ਅਹਿਮਦ ਦਿੱਲੀ , ਕਾਮਰੇਡ ਪੀ. ਸੁਰੇਸ਼ ਦਿੱਲੀ, ਹਰਦੀਪ ਚੰਦਰ ਸਰਕਲ ਸੈਕਟਰੀ, ਕਾਮਰੇਡ ਏ.ਪੀ, ਕਾਮਰੇਡ ਮਦਨ ਮੋਹਨ, ਪਰਮਿੰਦਰ ਸਿੰਘ ਡਵੀਜ਼ਨ ਸੈਕਟਰੀ, ਅਸ਼ੀਸ਼ ਗੁਪਤਾ, ਆਦਿ ਨੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਬਾਰੇ ਜਾਣੂ ਕਰਵਾਇਆ ਅਤੇ ਇਸ ਦਾ ਡੱਟ ਕੇ ਵਿਰੋਧੀ ਕਰਨ ਲਈ ਮੁਲਾਜ਼ਮਾਂ ਨੂੰ ਤਿਆਰ ਰਹਿਣ ਲਈ ਕਿਹਾ। ਦੂਸਰੇ ਗੇੜ ਦੇ ਸੈਸ਼ਨ ਵਿੱਚ ਆਲ ਇੰਡੀਆ ਮੁਲਾਜ਼ਮ ਯੂਨੀਅਨ ਦੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਸਮੇਂ ਰਾਮ ਪ੍ਰਕਾਸ਼ ਨੂੰ ਸਰਕਲ ਪੰਜਾਬ ਦਾ ਪ੍ਰਧਾਨ, ਰੌਹਲ ਕੁਮਾਰ ਨੂੰ ਉਪ ਪ੍ਰਧਾਨ, ਅਕਸ਼ੇ ਕੁਮਾਰ ਨੂੰ ਉਪ ਪ੍ਰਧਾਨ, ਵਿਪਨ ਕੁਮਾਰ ਨੂੰ ਖ਼ਜ਼ਾਨਚੀ, ਹਰਦੀਪ ਚੰਦਰ ਸਰਕਲ ਸੈਕਟਰੀ , ਅਸੈਸਟੈਂਟ ਸਰਕਲ ਸੈਕਟਰੀ ਜੋਤੀ ਸ਼ਰਮਾ, ਅਸੈਸਟੈਂਟ ਸਰਕਲ ਸੈਕਟਰੀ ਹਰਦੀਪ ਅੱਤਰੀ ਆਦਿ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ।







ਇਸ ਮੌਕੇ ਆਲ ਇੰਡੀਆ ਮੁਲਾਜ਼ਮ ਯੂਨੀਅਨ ਵਲੋਂ ਸਰਕਲ ਪੰਜਾਬ ਅਤੇ ਦਿੱਲੀ ਤੋਂ ਆਏ ਹੋਏ ਆਹੁਦੇਦਾਰਾਂ ਨੂੰ ਸਨਮਾਨ ਚਿੰਨ੍ਹ ਅਤੇ ਇਕ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਦੀਪ ਕੁਮਾਰ, ਮਹਿੰਦਰ ਪਾਲ, ਰਕੇਸ਼ ਕੁਮਾਰ, ਬਲਜਿੰਦਰ ਸਿੰਘ, ਸਤਕਰਨ ਕੌਰ, ਰੌਹਲ ਕੁਮਾਰ, ਅਮਨਪ੍ਰੀਤ ਕੌਰ, ਗੁਰਜੀਤ ਗਿੱਲ, ਮਨਜੀਤ ਸਿੰਘ, ਸਿਮਰਨਜੀਤ ਸਿੰਘ, ਲਖਵਿੰਦਰ ਸਿੰਘ, ਪ੍ਰੀਤਮ ਚੰਦ, ਜਗਜੀਤ ਸਿੰਘ, ਖੁਸ਼ਬੂ ਸ਼ਰਮਾ, ਹਰਜਿੰਦਰ ਸਿੰਘ ਤਲਜਿੰਦਰ ਸਿੰਘ ਬ੍ਰਾਂਚ ਸੈਕਟਰੀ ਅਤੇ ਹੋਰ ਆਹੁਦੇਦਾਰਾਂ ਨੇ ਮੁਲਾਜ਼ਮਾਂ ਅਤੇ ਮਹਿਮਾਨਾਂ ਵਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।

## SANT KRISHAN NATH JI ITALY TOUR - 2024

24/03/24 – NAPOLI
31/03/24 – ROMA
01/04/24 – REGGIO EMILIA (HOME)
6-7/04/24 – VICENZA
14/04/24 – VILLAFRANCA VERONA
21/04/24 – PARMA PIACENZA
28/04/24 – CESOLE MANTOVA
01/05/24 – REGGIO EMILIA (HOME)
05/05/24 – TREVISO
12/05/24 – CREMONA
19/05/24 – BERGAMO



*Not Ad*

# ਮਾਤਾ ਬੀਬੀ ਨੰਤ ਕੌਰ ਜੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ

ਨਿਮਰਤਾ ਅਤੇ ਤਿਆਗ ਦੀ ਮੂਰਤ, ਅੱਤ ਦੀ ਗਰੀਬੀ ਵਿੱਚ ਹੱਡ ਭੰਨਵੀ, ਸਖਤ ਮਿਹਨਤ ਕਰਨ ਵਾਲੇ ਸਤਿਕਾਰਯੋਗ ਮਾਤਾ ਬੀਬੀ ਨੰਤ ਕੌਰ 13 ਮਾਰਚ 2024 ਦਿਨ ਬੁੱਧਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਇਸ ਸੰਸਾਰ ਤੋਂ ਰੁਖਸਤ ਹੋ ਗਏ। ਉਨ੍ਹਾਂ ਦਾ ਜਨਮ ਸਤਿਕਾਰਯੋਗ ਪਿਤਾ ਸ੍ਰੀ ਉਜਾਗਰ ਅਤੇ ਮਾਤਾ ਸ੍ਰੀਮਤੀ ਜੈ ਕੌਰ ਦੇ ਗ੍ਰਹਿ ਪਿੰਡ ਜੌੜਾ ਬਲਾਕ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1940 ਈਸਵੀ (ਲਗਭੱਗ) ਨੂੰ ਹੋਇਆ। ਉਨ੍ਹਾਂ ਦੇ ਪੰਜ ਭਰਾ ਅਤੇ ਦੋ ਭੈਣਾਂ ਸਨ। ਮਾਤਾ ਜੀ ਦੇ ਪਿਤਾ ਸ੍ਰੀ ਉਜਾਗਰ ਰਾਮ ਖੱਡੀ ਬੁਣਨ (ਕੱਪੜਾ ਬੁਣਨ) ਦਾ ਕਿੱਤਾ ਕਰਦੇ ਸਨ। ਮਾਤਾ ਨੰਤ ਕੌਰ ਜੀ ਦੀ ਸ਼ਾਦੀ ਸਤਿਕਾਰਯੋਗ ਸ੍ਰੀ ਅਰਜਨ ਰਾਮ ਜੀ ਨਾਲ 1958 ਈਸਵੀ (ਲਗਭੱਗ) ਵਿੱਚ ਹੋਈ। ਸਤਿਕਾਰਯੋਗ ਸ੍ਰੀ ਅਰਜਨ ਰਾਮ ਜੀ ਦੇ ਪਿਤਾ ਸ੍ਰੀ ਸੂਕਾ ਰਾਮ, ਦਾਦਾ ਸ਼੍ਰੀ ਬੂੜਾ ਰਾਮ ਜੀ ਪੜਦਾਦਾ ਸ੍ਰੀ ਲੀਕੜ ਜੀ ਅਤੇ ਮਾਤਾ ਸ੍ਰੀਮਤੀ ਜੀਣੀ ਜੀ ਸਨ। ਸ੍ਰੀ ਅਰਜਨ ਰਾਮ ਜੀ ਦਾ ਜਨਮ ਪਿੰਡ ਬਿਨਪਾਲਕੇ ਬਲਾਕ ਭੋਗਪੁਰ ਜ਼ਿਲ੍ਹਾ ਜਲੰਧਰ ਵਿਖੇ 1935 ਈਸਵੀ (ਲਗਭੱਗ) ਵਿੱਚ ਹੋਇਆ। ਸ੍ਰੀ ਅਰਜਨ ਰਾਮ ਕੱਪੜਾ ਬੁਣਨ ਅਤੇ ਤੂਤ ਦੇ ਦਰੱਖਤ ਦੀਆਂ ਟਾਹਣੀਆਂ ਤੋਂ ਟੋਕਰੇ ਬਣਾਉਣ ਦਾ ਕਿੱਤਾ ਕਰਦੇ ਸਨ। ਅੱਜ ਤੋਂ ਤਕਰੀਬਨ 34 ਵਰੇ ਪਹਿਲਾਂ 30 ਅਪ੍ਰੈਲ 1990 ਦਿਨ ਸੋਮਵਾਰ ਨੂੰ ਸ੍ਰੀ ਅਰਜਨ ਰਾਮ ਲੰਬੀ ਬਿਮਾਰੀ ਉਪਰੰਤ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ। ਮਾਤਾ ਨੰਤ ਕੌਰ ਨੇ ਬੜੀ ਸੂਝ-ਬੂਝ ਨਾਲ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ ਉਨ੍ਹਾਂ ਨੂੰ ਪੜਾਇਆ, ਲਿਖਾਇਆ ਅਤੇ ਕੰਮਾਂ ਕਾਰਾਂ ਤੇ ਲਗਾਇਆ ਇਨ੍ਹਾਂ ਦੇ ਵਿਆਹ ਕੀਤੇ। ਬੱਚਿਆਂ ਨੂੰ ਆਪਣੇ ਪਿਤਾ ਦੀ ਘਾਟ ਦਾ ਅਹਿਸਾਸ ਨਹੀਂ ਹੋਣ ਦਿੱਤਾ। ਬੱਚਿਆਂ ਨੇ ਵੀ ਆਪਣੀ ਮਾਤਾ ਵਿੱਚ ਹੀ ਆਪਣੇ ਪਿਤਾ ਨੂੰ ਜਿਊਂਦੇ ਜਾਗਦੇ ਦੇਖਿਆ ਅਤੇ ਕਦੇ ਵੀ ਆਪਣੇ ਪਿਤਾ ਦੀ ਬਰਸੀ ਨਹੀਂ ਮਨਾਈ। ਮਾਂ ਦੇ ਚਲਾਣੇ ਤੇ ਪੁੱਤਰੀ ਜਸਵਿੰਦਰ ਕੌਰ ਕਿਹਾ ਕਿ ਅਸਲ ਵਿਚ ਅੱਜ ਸਾਡਾ ਪਿਓ ਇਸ ਦੁਨੀਆ ਤੋਂ ਰੁਖਸਤ ਹੋਇਆ ਹੈ। ਪਿਤਾ ਸ੍ਰੀ ਅਰਜਨ ਰਾਮ ਅਤੇ ਮਾਤਾ ਸ੍ਰੀਮਤੀ ਨੰਤ ਕੌਰ ਨੇ ਅੱਤ ਦੀ ਗਰੀਬੀ ਨਾਲ ਜੂਝਦਿਆਂ, ਸਖਤ ਮਿਹਨਤ ਕਰਕੇ ਆਪਣੇ ਪਰਿਵਾਰ ਨੂੰ ਪਾਲਿਆ ਅਤੇ ਬੁਲੰਦੀਆਂ ਤੇ ਪਹੁੰਚਾਇਆ। ਇਨ੍ਹਾਂ ਦੀ ਫੁਲਵਾੜੀ ਵਿੱਚ ਵੱਡੇ ਸਪੁੱਤਰ ਨਰੰਜਨ ਲਾਲ, ਨੂੰਹ ਸੁਰਜੀਤ ਕੌਰ, ਪੋਤਰੀ ਤਰਸੇਮ ਕੌਰ, ਪੋਤਰੀ ਰੀਨਾ ਕੁਮਾਰੀ/ਗੁਲਾਬ ਸਿੰਘ (ਪੋਤ ਜਵਾਈ) ਪੜਦੋਹਤੀ ਸਹਿਜਦੀਪ ਕੌਰ, ਪੜਦੋਹਤਾ ਸਾਹਿਬਜੋਤ ਸਿੰਘ, ਪੋਤਰੀ ਡਾਕਟਰ ਸ਼ਮਾ ਰਾਣੀ/ਡਾਕਟਰ ਮਨਿੰਦਰ ਸਿੰਘ (ਪੋਤ ਜਵਾਈ) ਪੋਤਰਾ ਬਲਜਿੰਦਰ ਸਿੰਘ, ਪੋਤਰੀ ਰਾਜਵਿੰਦਰ ਕੌਰ। ਸਪੁੱਤਰੀ ਜਸਵਿੰਦਰ ਕੌਰ/ਪ੍ਰੇਮ ਪਾਲ (ਜਵਾਈ) ਵਾਸੀ ਸਿਕੰਦਰਪੁਰ ਜ਼ਿਲ੍ਹਾ ਜਲੰਧਰ ਦੋਹਤੀ ਹਰਪ੍ਰੀਤ ਕੌਰ, ਦੋਹਤਾ ਰਾਜਿੰਦਰ ਕੁਮਾਰ, ਦੋਹਤੀ ਮਨਪ੍ਰੀਤ ਕੌਰ, ਦੋਹਤਾ ਪ੍ਰਦੀਪ ਕੁਮਾਰ। ਸਪੁੱਤਰ ਇੰਦਰਜੀਤ ਸਿੰਘ ਨੂੰਹ ਦਰਸ਼ਨ ਕੌਰ, ਪੋਤਰੀ ਮਨਦੀਪ ਕੌਰ/ਸਨੀ (ਪੋਤ ਜਵਾਈ) ਪੜਦੋਹਤੀ ਜਪਨੂਰ ਕੌਰ, ਜਗਦੀਪ ਸਿੰਘ ਪੋਤਰਾ, ਹਰਦੀਪ ਸਿੰਘ ਪੋਤਰਾ/ਪੋਤ ਨੂੰਹ ਸ਼ੈਲੀ ਰਾਣੀ। ਸਪੁੱਤਰ ਚਰਨਜੀਤ ਸਿੰਘ, ਨੂੰਹ ਸ਼ਾਂਤੀ ਰਾਣੀ, ਪੋਤਰੀ ਪ੍ਰਿਆਂਸ਼ੂ, ਪੋਤਰੀ ਰਵਿਨੂਰ ਕੌਰ। ਸਪੁੱਤਰ ਦਿਲਬਾਗ ਸਿੰਘ, ਨੂੰਹ ਕਾਂਤਾ ਕੁਮਾਰੀ ਅਤੇ ਪੋਤਰੀ ਏਂਜ਼ਲ ਕੌਰ ਸਾਰੇ ਜੀਅ ਚਹਿਕਦੀ, ਮਹਿਕਦੀ, ਖੁਸ਼ੀਆਂ ਬਖੇਰਦੀ ਫੁਲਵਾੜੀ ਹੈ। ਹੁਣ ਤੱਕ ਦੀ ਇਸ ਫੁਲਵਾੜੀ ਵਿੱਚ ਸਭ ਤੋਂ ਛੋਟਾ ਤੇ ਸਭ ਤੋਂ ਤੇਜ, ਚਲਾਕ, ਚੁਸਤ, ਅੜੀਅਲ ਅਤੇ ਸਾਰਿਆਂ ਦਾ ਪਿਆਰਾ ਫੁੱਲ ਪੋਤਰੀ ਰਵਿਨੂਰ ਕੌਰ ਹੈ। ਜੋ ਅਜੇ ਢਾਈ ਸਾਲ ਦੀ ਹੈ ਪਰ ਫਿਰ ਵੀ ਉਹ ਕਦੇ ਕਦਾਈਂ ਆਪਣੀ ਦਾਦੀ ਨੂੰ ਬਾਥਰੂਮ ਵਿੱਚੋਂ ਫੜ ਕੇ ਬਾਹਰ ਲਿਆਉਂਦੀ ਸੀ ਕਦੇ-ਕਦਾਈਂ ਆਪਣੀ ਦਾਦੀ ਮਾਂ ਦੇ ਦਵਾਈ ਦੇ ਟਾਈਮ ਤੇ ਪੱਤੇ ਵਿੱਚੋਂ ਗੋਲੀ ਕੱਢ ਕੇ ਉਸ ਦੇ ਮੂੰਹ ਵਿੱਚ ਪਾਉਂਦੀ ਸੀ ਅਤੇ ਕਦੀ ਉਸ ਦੇ ਜੂਠੇ ਬਰਤਨ ਚੁੱਕ ਕੇ ਰਸੋਈ ਵਿੱਚ ਜਾ ਕੇ ਰੱਖਦੀ ਸੀ। ਮਾਤਾ ਜੀ ਦਾ ਸਪੁੱਤਰ ਚਰਨਜੀਤ ਸਿੰਘ ਬਿਲਪਾਲਕੇ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ।) ਦੇ ਮਾਧਿਅਮ ਦੁਆਰਾ ਪਿਛਲੇ 30 ਸਾਲਾਂ ਤੋਂ ਬੇਗਮਪੁਰਾ ਮਿਸ਼ਨ ਦੇ ਰਹਿਬਰਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਲਈ ਸੰਸਥਾ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਮਾਤਾ ਪਿਤਾ ਦੀ ਘਾਟ ਤਾਂ ਕਦੇ ਪੂਰੀ ਨਹੀਂ ਹੋ ਸਕਦੀ ਪਰ ਇਹ ਵੀ ਸੱਚਾਈ ਹੈ ਕਿ ਮਾਤਾ ਪਿਤਾ ਨੇ ਕਦੇ ਵੀ ਆਪਣੇ ਬੱਚਿਆਂ ਦੇ ਕੋਲ ਬੈਠੇ ਨਹੀਂ ਰਹਿਣਾ। ਸਤਿਗੁਰੂ ਰਵਿਦਾਸ ਜੀ ਕਿਰਪਾ ਕਰਨ ਕਿ ਇਹ ਫੁਲਵਾੜੀ ਇਸੇ ਤਰ੍ਹਾਂ ਮਹਿਕਦੀ ਅਤੇ ਖੁਸ਼ੀਆਂ ਬਖੇਰਦੀ ਰਹੇ ਅਤੇ ਆਪਣੇ ਰਹਿਬਰਾਂ ਦੇ ਮਿਸ਼ਨ ਪ੍ਰਚਾਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੀ ਰਹੇ। ਮਾਤਾ ਨੰਤ ਕੌਰ ਜੀ ਦੇ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ 24 ਮਾਰਚ 2024 ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਜਿਲਾ ਜਲੰਧਰ ਵਿਖੇ ਹੋ ਰਹੀ ਹੈ।

**ਪ੍ਰੇਮ ਕੁਮਾਰ ਚੁੰਬਰ**
**ਮੁੱਖ ਸੰਪਾਦਕ ਅੰਬੇਦਕਰ ਟਾਈਮ, ਦੇਸ਼ ਦੁਆਬਾ**

ਜੋ ਦਿਨ ਆਵਹਿ ਸੋ ਦਿਨ ਜਾਹੀ ।।
ਕਰਨਾ ਕੂਚੁ ਰਹਨੁ ਥਿਰੁ ਨਾਹੀ ।।

ਜੈ ਗੁਰੂਦੇਵ !



ਧੰਨ ਗੁਰੂਦੇਵ !

ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਬੀਬੀ ਨੰਤ ਕੌਰ ਜੀ ਮਿਤੀ **13 ਮਾਰਚ 2024** ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਮਿਤੀ **24 ਮਾਰਚ 2024** ਦਿਨ ਐਤਵਾਰ ਨੂੰ ਦੁਪਹਿਰ **12** ਵਜੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਨੇੜੇ ਭੋਗਪੁਰ ਜ਼ਿਲ੍ਹਾ ਜਲੰਧਰ ਵਿਖੇ ਹੋਵੇਗੀ। ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕਿਰਪਾਲਤਾ ਕਰਨੀ ਜੀ।

ਸਤਿਗੁਰੂ ਦੀ ਭਾਣੇ ਵਿੱਚ
ਨਰੰਜਨ ਲਾਲ / ਸੁਰਜੀਤ ਕੌਰ - ਸਪੁੱਤਰ ਤੇ ਨੂੰਹ
ਜਸਵਿੰਦਰ ਕੌਰ / ਪ੍ਰੇਮ ਪਾਲ - ਸਪੁੱਤਰੀ ਤੇ ਜਵਾਈ
ਇੰਦਰਜੀਤ ਸਿੰਘ / ਦਰਸ਼ਨ ਕੌਰ- ਸਪੁੱਤਰ ਤੇ ਨੂੰਹ
ਚਰਨਜੀਤ ਸਿੰਘ / ਸ਼ਾਂਤੀ ਰਾਣੀ- ਸਪੁੱਤਰ ਤੇ ਨੂੰਹ
ਦਿਲਬਾਗ ਸਿੰਘ/ ਕਾਂਤਾ ਕੁਮਾਰੀ- ਸਪੁੱਤਰ ਤੇ ਨੂੰਹ
ਅਤੇ ਸਮੂਹ ਪਰਿਵਾਰ।

LIVE ON
AMBEDKAR KRANTIKARI TV

ਮੋਬਾਇਲ 78141-42944--99159-50551-87290-27675

HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਪਿੰਡ ਢੇਸੀਆਂ ਕਾਹਨਾਂ ਵਿਖੇ ਮਨਾਇਆ ਗਿਆ

## ਡੀ.ਸੀ ਮਹੇ ਯੂ.ਕੇ, ਰਕੇਸ਼ ਸਰੋਆ ਯੂ.ਐਸ.ਏ, ਕੁਲਵੰਤ ਰਾਏ ਜੱਖੂ ਨੇ ਕੇਕ ਕੱਟਿਆ





**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਬਾਮਸੇਫ ਡੀ.ਐਸ.ਫੋਰ ਤੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਡਾ. ਅੰਬੇਦਕਰ ਭਵਨ ਰਜਿ: ਢੇਸੀਆਂ ਕਾਹਨਾਂ (ਜਲੰਧਰ) ਵਲੋਂ ਨਗਰ ਨਿਵਾਸੀਆਂ, ਐਨ.ਆਰ.ਆਈ ਅਤੇ ਨੌਜੁਆਨਾਂ ਦੇ ਸਹਿਯੋਗ ਨਾਲ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਸਾਰੇ ਪਾਰਟੀ ਵਰਕਰਾ, ਬੀਬੀਆਂ ਭੈਣਾਂ ਅਤੇ ਬੱਚਿਆਂ ਵਲੋਂ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਵੱਖ-ਵੱਖ ਬੁਲਾਰਿਆ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਜਿੰਦਗੀ ਤੇ ਜੀਵਨ ਤੇ ਚਾਨਣਾ ਪਾਇਆ ਗਿਆ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਸੰਘਰਸ਼ਮਈ ਜਿੰਦਗੀ ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ ਤੇ ਦੱਸਿਆਂ ਬਾਬਾ ਸਾਹਿਬ ਡਾ ਅਬੰਡੇਕਰ ਜੀ ਤੇ ਬਹੁਜਨ ਰਹਿਬਰਾਂ ਦਾ ਮਿਸ਼ਨ ਜੇਕਰ ਅੱਜ ਜਿਊਂਦਾ ਹੈ ਤਾਂ ਸਾਹਿਬ ਕਾਂਸ਼ੀ ਰਾਮ ਜੀ ਕਰਕੇ ਹੀ ਹੈ। ਜਿਹਨਾਂ ਸੁਤੇ ਹੋਏ ਸਮਾਜ ਨੂੰ ਜਾਗ੍ਰਿਤ ਕਰਕੇ ਰਾਜ ਭਾਗ ਵਿੱਚ ਹਿਸੇਦਾਰ ਹੋਣ ਦੇ ਯੋਗ ਬਣਾਇਆ ਹੈ। ਬਹੁਜਨ ਰਾਜਨੀਤੀ ਦਾ ਅਗਾਜ ਸਾਇਕਲ ਤੋਂ ਸ਼ੁਰੂ ਕਰਕੇ ਹੈਲੀਕਾਪਟਰ ਰਾਹੀਂ ਮਹਾਪੁਰਸ਼ਾਂ ਦੇ ਅੰਦੋਲਨ ਨੂੰ ਦੇਸ਼ ਦੇ ਕੋਨੇ ਕੋਨੇ ਵਿੱਚ ਲੈ ਕੇ ਗਏ। ਗਰੀਬ ਤੇ ਬਹੁਜਨ ਸਮਾਜ ਦੇ ਵਖ ਵਖ ਵਰਗਾਂ ਨੂੰ ਐਮ.ਐਲ.ਏ, ਐਮ ਪੀ ਬਣਾਇਆ ਤੇ ਦੇਸ਼ ਦੇ ਸਭ ਤੋਂ ਵਡੇ ਸੂਬੇ ਊਤਰ ਪ੍ਰਦੇਸ਼ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਦੀ ਅਗਵਾਈ ਵਿਚ ਸਰਕਾਰ ਬਣਾਈ ਕਾਂਸ਼ੀ ਰਾਮ ਜੀ ਨੇ ਸਮੂਚਾ ਜੀਵਨ ਬਹੁਜਨ ਸਮਾਜ ਵਿਚ ਸਵੈਮਾਣ ਪੈਦਾ ਕਰਨ ਲਈ ਲਗਾਇਆ।

ਇਸ ਮੌਕੇ ਡੀ.ਸੀ ਮਹੇ ਯੂ.ਕੇ ਅਤੇ ਰਕੇਸ਼ ਸਰੋਆ ਯੂ.ਐਸ.ਏ ਅਤੇ ਐਸ.ਪੀ (ਰਿਟਾਇਰ) ਕੁਲਵੰਤ ਰਾਏ ਜੱਖੂ ਦੁਆਰਾ ਕੇਕ ਕੱਟਿਆ ਗਿਆ। ਇਸ ਮੌਕੇ ਲੇਖਕ ਰਵੀ ਸਰਨ ਫਿਲੌਰੀਆ ਅਤੇ ਅਤੇ ਮਿਸਨਰੀ ਗਾਇਕ ਵਿੱਕੀ ਬਹਾਦਰਕੇ ਦੁਆਰਾ ਆਪਣੀਆ ਰਚਨਾਵਾਂ ਨਾਲ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ ਤੋਂ ਜਾਣੂ ਕਰਵਾਇਆ। ਇਸ ਮੌਕੇ ਮਾਸਟਰ ਸਾਧੂ ਰਾਮ, ਬਲਵੀਰ ਚੰਦ ਮਹੇ ਯੂ.ਕੇ, ਸਦਾ ਰਾਮ ਜੱਖੂ ਯੂ.ਕੇ, ਮਨਮੋਹਣ ਜੱਖੂ (ਜੱਖੂ ਜਰਮਨ) ਅਮਨਦੀਪ ਜੱਖੂ (ਪ੍ਰਧਾਨ) ਰਣਜੀਤ ਸਰੋਆ, ਆਰ.ਐਮ ਦੀਪ ਇਟਲੀ, ਬਲਜੀਤ ਮਹੇ ਇਟਲੀ, ਕੁਲਵੀਰ ਸਰੋਏ ਅਤੇ ਸਵਰਗੀ ਸ੍ਰੀ ਕਾਬਲ ਰਾਮ ਮਹੇ, ਸੁਦੇਸ਼ ਕੁਮਾਰ, ਤਰਸੇਮ ਲਾਲ ਮਹੇ, ਕੁਲਦੀਪ ਜੱਖੂ, ਸੁਰਿੰਦਰ ਬੱਬੀ ਆਦਿ ਨੂੰ ਵੀ ਯਾਦ ਕੀਤਾ ਗਿਆ ਕਿਉਂਕਿ ਇਨ੍ਹਾਂ ਨੇ ਵੀ ਲੰਮਾ ਸਮਾਂ ਮੂਮਮੈਂਟ ਵਿੱਚ ਯੋਗਦਾਨ ਪਾਇਆ। ਇਸ ਮੌਕੇ ਹਲਕਾ ਫਿਲੌਰ ਤੋਂ ਖ਼ੁਸੀ ਰਾਮ ਸਰਪੰਚ (ਨੰਗਲ) ਰਾਮ ਜੀ ਦਾਸ ਵਿਰਦੀ, ਡਾਕਟਰ ਭੁਪਿੰਦਰ ਸਿੰਘ, ਰਾਮ ਲੁਭਾਇਆ, ਲਵਲੀ ਸਰੋਆ, ਬਲਵਿੰਦਰ ਗੰਨਾ ਪਿੰਡ ਬੂੱਟਾ ਪੰਚ, ਲੇਖ ਰਾਜ ਗੁਰਾਇਆ, ਲਾਡੀ ਮਹਿਸੋਪੁਰੀਆ ਆਦਿ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਗੁਰੁਦੁਆਰਾ ਸਾਹਿਬ ਵਿਖੇ ਲੰਗਰ ਅਟੁੱਟ ਵਰਤਾਇਆ ਗਿਆ। ਡਾ।ਅੰਬੇਦਕਰ ਭਵਨ ਰਜਿ: ਢੇਸੀਆਂ ਕਾਹਨਾਂ (ਜਲੰਧਰ) ਸੁਸੀਲ ਵਿਰਦੀ (ਸਾਬਕਾ ਸਰਪੰਚ) ਹਰਜੀਤ ਸਿੰਘ, ਸਰਬਜੀਤ ਜੱਖੂ, ਬਲਜਿੰਦਰ ਰਾਜੂ, ਕੁਲਦੀਪ ਜੱਖੂ, ਡਾ. ਰਾਜਿੰਦਰ ਮਹੇ ਕਨੇਡਾ,ਜਲੰਧਰੀ ਨਾਥ, ਜੋਗਿੰਦਰ ਪਾਲ, ਕੀਰਤ ਪਾਲ ਜੱਖੂ, ਡਾ. ਸੁਦਾਗਰ ਮਹੇ,ਅਮਰੀਕ ਮਹੇ, ਮੁਲਖ ਰਾਜ ਜੱਖੂ (ਨੇਤਾ ਜੀ) ਡਾ. ਬਲਵਿੰਦਰ ਜੱਖੂ, ਦਵਿੰਦਰ ਬਿੱਟੂ, ਰਾਜ ਕੁਮਾਰ, ਧਰਮਪਾਲ ਸਰੋਆ, ਸਨੀ ਮਹੇ, ਨਿਰਮਲ ਪੱਪੂ, ਸਰਬਜੀਤ ਸੱਬੀ, ਦੁਆਰਾ ਜਨਮ ਦਿਨ ਮਨਾਉਣ ਮੌਕੇ ਪਹੁੰਚਣ ਤੇ ਸਾਰਿਆਂ ਦਾ ਧੰਨਵਾਦ ਕੀਤਾ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਬੀਚ ਉਪਰ ਹੋਈ ਗੋਲੀਬਾਰੀ ਵਿੱਚ 1 ਮੌਤ ਤੇ 3 ਹੋਰ ਜ਼ਖਮੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਡਾਊਨ ਟਾਊਨ ਜੈਕਸਨਵਿਲੇ ਬੀਚ (ਫਲੋਰਿਡਾ) 'ਤੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਬੀਚ ਉਪਰ ਸੇਂਟ ਪੈਟਰਿਕ ਦਿਵਸ ਮਨਾਉਣ ਲਈ ਆਏ ਲੋਕਾਂ ਦਾ ਭਾਰੀ ਇਕੱਠ ਸੀ। ਜੈਕਸਨਵਿਲੇ ਬੀਚ ਪੁਲਿਸ ਮੁੱਖੀ ਜੇਨ ਪਾਲ ਸਮਿਥ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ 3 ਵੱਖ ਵੱਖ ਥਾਵਾਂ 'ਤੇ ਹੋਈ।

ਉਨਾਂ ਕਿਹਾ ਕਿ ਸ਼ਾਮ 7।50 ਦੇ ਆਸ ਪਾਸ ਪੁਲਿਸ ਵੱਲੋਂ ਬੀਚ 'ਤੇ ਇਕੱਠੀ ਹੋਈ 400 ਦੇ ਕਰੀਬ ਨਬਾਲਗਾਂ ਦੀ ਭੀੜ ਨੂੰ ਖਿੰਡਾ ਦੇਣ ਬਾਅਦ ਬੈਸਟ ਵੈਸਟਰਨ ਹੋਟਲ ਨੇੜੇ ਦੋ ਜਣਿਆਂ ਨੇ ਇਕ ਦੂਸਰੇ ਦੇ ਗੋਲੀਆਂ ਮਾਰੀਆਂ। ਦੋਨਾਂ ਤੋਂ ਇਲਾਵਾ ਇਸ ਘਟਨਾ ਵਿਚ ਨੇੜੇ ਖੜਾ ਇਕ ਰਾਹਗੀਰ ਵੀ ਜ਼ਖਮੀ ਹੋ ਗਿਆ। ਇਨਾਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਦੂਸਰੀ ਘਟਨਾ ਡਾਊਨਟਾਊਨ ਬਾਰ ਦੇ ਪਿਛਵਾੜੇ ਹੋਈ ਜਿਥੇ ਇਕ 21 ਸਾਲਾ ਵਿਅਕਤੀ ਦੀ ਮੌਤ ਹੋ ਗਈ। ਉਨਾਂ ਕਿਹਾ ਕਿ ਸ਼ੱਕੀ 6 ਫੁੱਟ ਉੱਚਾ ਕਾਲਾ ਵਿਅਕਤੀ ਹੈ ਜਿਸ ਨੇ ਛੋਟੀ ਦਾਹੜੀ ਰਖੀ ਹੋਈ ਹੈ। ਉਹ ਮੌਕੇ ਤੋਂ ਫਰਾਰ ਹੋ ਗਿਆ। ਤੀਸਰੀ ਘਟਨਾ ਵਿਚ ਇਕ ਵਿਅਕਤੀ ਪਿਸਤੌਲ ਨਾਲ ਗੋਲੀ ਚਲਾਉਣ ਉਪਰੰਤ ਫਰਾਰ ਹੋ ਗਿਆ। ਇਸ ਘਟਨਾ ਵਿਚ ਕਿਸੇ ਦੇ ਜਖਮੀ ਹੋਣ ਦੀ ਰਿਪੋਰਟ ਨਹੀਂ ਹੈ।

# ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ ਵਿੱਚ ਸ਼ਾਮਲ, ਅੰਮ੍ਰਿਤਸਰ ਤੋਂ ਲੜ ਸਕਦੇ ਨੇ ਚੋਣ

**ਅੰਮ੍ਰਿਤਸਰ–** ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਅੱਜ ਰਸਮੀ ਤੌਰ 'ਤੇ ਭਾਜਪਾ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਭਾਜਪਾ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਨੇ



ਭਾਰਤੀ ਜਨਤਾ ਪਾਰਟੀ ਵਿੱਚ ਜੀ ਆਇਆਂ ਕਿਹਾ। ਉਨ੍ਹਾਂ ਦੇ ਨਾਲ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਅਤੇ ਸਕੱਤਰ ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਸਨ।

ਸਮੁੰਦਰੀ ਪਰਿਵਾਰ ਨਾਲ ਸਬੰਧਤ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਅਮਰੀਕਾ ਵਿੱਚ ਭਾਰਤ ਦੇ ਸਫੀਰ ਰਹਿ ਚੁੱਕੇ ਹਨ। ਸੇਵਾਮੁਕਤੀ ਤੋਂ ਬਾਅਦ ਉਹ ਅੰਮ੍ਰਿਤਸਰ ਵਿਚ ਹਨ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਸੰਭਾਵੀ ਉਮੀਦਵਾਰਾਂ ਦੀ ਕਤਾਰ ਵਿਚ ਦੇਖਿਆ ਜਾ ਰਿਹਾ ਹੈ ।


ਨਵੀਂ ਦਿਲੀ ਵਿੱਚ ਅੱਜ ਭਾਜਪਾ ਆਗੂ ਸ੍ਰੀ ਤਾਵੜੇ ਨੇ ਸ੍ਰੀ ਸੰਧੂ ਨੂੰ ਭਾਜਪਾ ਵਿਚ ਸ਼ਾਮਿਲ ਕਰਨ ਮੌਕੇ ਉਨ੍ਹਾਂ ਦੇ ਪਰਿਵਾਰਕ ਪਿਛੋਕੜ 'ਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਸ੍ਰੀ ਸੰਧੂ ਦੇ ਦਾਦਾ ਤੇਜਾ ਸਿੰਘ ਸਮੁੰਦਰੀ ਸਨ , ਜਿਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਅਤੇ ਦੇਸ਼ ਦੇ ਆਜ਼ਾਦੀ ਸੰਘਰਸ਼ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਦੇ ਮਾਪਿਆਂ ਦੀ ਸਿੱਖਿਆ ਦੇ ਖੇਤਰ ਵਿੱਚ ਅਹਿਮ ਦੇਣ ਹੈ। ਪਿਤਾ ਬਿਸ਼ਨ ਸਿੰਘ ਸਮੁੰਦਰੀ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਹਨ। ਉਨ੍ਹਾਂ ਵੱਖ-ਵੱਖ ਮੁਲਕਾਂ ਵਿੱਚ ਭਾਰਤੀ ਸਫੀਰ ਵਜੋਂ ਅਹਿਮ ਸੇਵਾਵਾਂ ਨਿਭਾਈਆਂ।

ਇਸ ਮੌਕੇ ਸ੍ਰੀ ਸੰਧੂ ਨੇ ਭਾਜਪਾ ਪ੍ਰਧਾਨ ਜੇਪੀ ਨੱਢਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਿਛਲੇ 10 ਸਾਲ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਕੰਮ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਭਾਰਤ ਦੀ ਸਾਂਝ ਹੁਣ ਭਾਈਵਾਲੀ 'ਚ ਬਦਲ ਚੁੱਕੀ ਹੈ। ਅਮਰੀਕੀ ਕੰਪਨੀਆਂ ਭਾਰਤ 'ਚ ਪੂੰਜੀ ਨਿਵੇਸ਼ ਕਰ ਰਹੀਆਂ ਹਨ। ਇਸ ਨਿਵੇਸ਼ ਦਾ ਲਾਭ ਅੰਮ੍ਰਿਤਸਰ ਤੇ ਪੰਜਾਬ ਨੂੰ ਵੀ ਹੋਣਾ ਚਾਹੀਦਾ ਹੈ। ਗੁਰੂ ਨਗਰੀ ਅੰਮ੍ਰਿਤਸਰ ਉਸ ਦਾ ਹੋਮ ਟਾਊਨ ਹੈ। ਅੰਮ੍ਰਿਤਸਰ ਦੀ ਸਿੱਖਿਆ, ਵਪਾਰ, ਉਦਯੋਗ, ਮੈਡੀਕਲ-ਹੈਲਥ ਕੇਅਰ, ਟੂਰਿਜ਼ਮ, ਖੇਤੀ ਸੈਕਟਰ ਵਿੱਚ ਵਿਕਾਸ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਵਿਕਾਸ ਨੀਤੀਆਂ ਦੇਸ਼ ਦੇ ਬਾਕੀ ਹਿੱਸਿਆਂ ਵਾਂਗ ਅੰਮ੍ਰਿਤਸਰ ਵੀ ਪਹੁੰਚਣੀਆਂ ਚਾਹੀਦੀਆਂ ਹਨ।

# ਫਰੀਦਕੋਟ ਸੀਟ ਤੋਂ ਇਸ ਵਾਰ ਹੋ ਸਕਦਾ ਹੈ ਤਿੰਨ ਕਲਾਕਾਰਾਂ ਦਾ ਮੁਕਾਬਲਾ

## ਕਰਮਜੀਤ ਅਨਮੋਲ ਦੇ ਮੁਕਾਬਲੇ ਹੰਸ ਰਾਜ ਹੰਸ ਨੂੰ ਮੈਦਾਨ ਵਿੱਚ ਉਤਾਰ ਸਕਦੀ ਹੈ ਭਾਜਪਾ







**ਫ਼ਰੀਦਕੋਟ–** ਭਾਜਪਾ ਨੇ ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੂੰ ਸਿਆਸੀ ਟੱਕਰ ਦੇਣ ਲਈ ਹੰਸ ਰਾਜ ਹੰਸ ਨੂੰ ਇੱਥੋਂ ਉ-ਮੀਦਵਾਰ ਐਲਾਨਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜੇ ਹੰਸ ਰਾਜ ਹੰਸ ਫਰੀਦਕੋਟ ਤੋਂ ਚੋਣ ਲੜਦੇ ਹਨ ਤਾਂ ਫਰੀਦਕੋਟ ਲੋਕ ਸਭਾ ਹਲਕੇ ਦਾ ਮੁਕਾਬਲੇ ਸਭ ਤੋਂ ਦਿਲਚਸਪ ਹੋਵੇਗਾ, ਕਿਉਂਕਿ ਮੁਹੰਮਦ ਸਦੀਕ ਨੇ ਵੀ ਕਾਂਗਰਸ ਪਾਰਟੀ ਕੋਲ ਫਰੀਦਕੋਟ ਲੋਕ ਸਭਾ ਹਲਕੇ ਤੋਂ ਚੋਣ ਲੜਣ ਦੀ ਇੱਛਾ ਪ੍ਰਗਟਾਈ ਹੈ ਅਤੇ ਉਹ

ਫਰੀਦਕੋਟ ਤੋਂ ਕਾਂਗਰਸ ਪਾਰਟੀ ਦੇ ਮੌਜੂਦਾ ਲੋਕ ਸਭਾ ਮੈਂਬਰ ਵੀ ਹਨ। ਭਾਰਤੀ ਜਨਤਾ ਪਾਰਟੀ ਕੋਲ ਫਰੀਦਕੋਟ ਲੋਕ ਸਭਾ ਹਲਕੇ ਲਈ ਸਥਾਨਕ ਉਮੀਦਵਾਰ ਨਹੀਂ ਹੈ, ਇਸ ਲਈ ਹੰਸ ਰਾਜ ਹੰਸ ਨੂੰ ਇੱਥੋਂ ਤਿਆਰ ਰਹਿਣ ਲਈ ਕਿਹਾ ਗਿਆ ਹੈ ਅਤੇ ਭਾਜਪਾ ਦੀ ਇੱਕ ਸੂਬਾ ਪੱਧਰੀ ਟੀਮ ਹੰਸ ਰਾਜ ਹੰਸ ਨੂੰ ਫਰੀਦਕੋਟ ਤੋਂ ਉਮੀਦਵਾਰ ਐਲਾਨਣ ਲਈ ਹੋਮ ਵਰਕ ਵੀ ਕਰ ਰਹੀ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗਗਨਦੀਪ ਸੁਖੀਜਾ ਨੇ ਸੰਪਰਕ ਕਰਨ 'ਤੇ ਕਿਹਾ ਕਿ ਦਿੱਲੀ ਤੋਂ ਲੋਕ ਸਭਾ ਮੈਂਬਰ ਅਤੇ ਸੂਫ਼ੀ ਗਾਇਕ ਹੰਸ ਰਾਜ ਹੰਸ ਨੂੰ ਫਰੀਦਕੋਟ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆ ਜਾ ਸਕਦਾ ਹੈ ਅਤੇ ਇਸ ਲਈ ਬਾਕਾਇਦਾ ਤੌਰ 'ਤੇ ਹੰਸ ਰਾਜ ਹੰਸ ਨਾਲ ਵਿਚਾਰ ਚਰਚਾ ਹੋ ਗਈ ਹੈ।

# ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਸਾਹਿਬ ਕਾਂਸ਼ੀ ਰਾਮ ਭਵਨ ਜਲੰਧਰ ਵਿਖੇ 22 ਮਾਰਚ ਨੂੰ - ਜਸਵੰਤ ਰਾਏ

## ਲੋਕ ਸਭਾ ਦੇ ਮੱਦੇਨਜ਼ਰ ਉਮੀਦਵਾਰਾਂ ਦੀ ਚੋਣ 'ਤੇ ਚਰਚਾ ਅਤੇ ਸੰਗਠਨ ਦੀ ਰਿਪੋਰਟ ਲਈ ਜਾਵੇਗੀ

**ਫਗਵਾੜਾ 19 ਮਾਰਚ (ਬੀ.ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ 22 ਮਾਰਚ ਨੂੰ ਸੂਬਾ ਪੱਧਰੀ ਮੀਟਿੰਗ ਸਾਹਿਬ ਕਾਂਸ਼ੀ ਰਾਮ ਭਵਨ ਜਲੰਧਰ ਵਿਖੇ ਕੀਤੀ ਜਾਵੇਗੀ। ਮੀਟਿੰਗ ਵਿੱਚ ਕੇਂਦਰੀ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਅਤੇ ਸ੍ਰੀ ਵਿਪੁਲ ਕੁਮਾਰ ਮੁੱਖ ਮਹਿਮਾਨ ਹੋਣਗੇ। ਸੂਬਾ ਇੰਚਾਰਜ ਵਿਧਾਇਕ ਡਾ। ਨਛੱਤਰ ਪਾਲ ਅਤੇ ਸ੍ਰੀ ਅਜੀਤ ਸਿੰਘ ਭੈਣੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹਿਣਗੇ। ਮੀਟਿੰਗ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸ। ਜਸਵੀਰ ਸਿੰਘ ਗੜ੍ਹੀ ਕਰਨਗੇ।

ਮੀਟਿੰਗ ਵਿੱਚ ਸੂਬਾ ਕਮੇਟੀ ਅਹੁਦੇਦਾਰ, ਜਿਲ੍ਹਾਂ ਪ੍ਰਧਾਨ ਅਤੇ ਹਲਕਾ ਇੰਚਾਰਜ ਸ਼ਾਮਿਲ ਹੋਣਗੇ। ਮੀਟਿੰਗ ਪਾਰਲੀਮੈਂਟ ਵਾਈਜ ਹੋਵੇਗੀ। ਇਹ ਜਾਣਕਾਰੀ ਦਿੰਦਿਆਂ ਬਹੁਜਨ ਸਮਾਜ ਪਾਰਟੀ ਦੇ ਸੂਬਾ ਦਫਤਰ ਸਕੱਤਰ ਸ੍ਰੀ ਜਸਵੰਤ ਰਾਏ ਜੀ ਨੇ ਕਿਹਾ ਕਿ ਪਾਰਲੀਮੈਂਟ ਹੁਸ਼ਿਆਰਪੁਰ, ਪਾਰਲੀਮੈਂਟ ਜਲੰਧਰ ਅਤੇ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ ਦੀ ਲੀਡਰਸ਼ਿਪ ਦਾ ਸਮਾਂ ਸਵੇਰੇ 10 ਵਜੇ ਹੋਵੇਗਾ। ਪਾਰਲੀਮੈਂਟ ਗੁਰਦਾਸਪੁਰ, ਪਾਰਲੀਮੈਂਟ ਅੰਮ੍ਰਿਤਸਰ ਸਾਹਿਬ ਤੇ ਪਾਰਲੀਮੈਂਟ ਖਡੂਰ ਸਾਹਿਬ ਦੁਪਹਿਰ 12 ਵਜੇ ਮੀਟਿੰਗ ਹੋਵੇਗੀ।ਪਾਰਲੀਮੈਂਟ ਫਿਰੋਜ਼ਪੁਰ, ਪਾਰਲੀਮੈਂਟ ਫਰੀਦਕੋਟ ਤੇ ਪਾਰਲੀਮੈਂਟ ਬਠਿੰਡਾ ਦੀ ਮੀਟਿੰਗ ਦੋਪਹਿਰ 1 ਵਜੇ ਹੋਵੇਗੀ। ਪਾਰਲੀਮੈਂਟ ਲੁਧਿਆਣਾ ਤੇ ਪਾਰਲੀਮੈਂਟ ਸੰਗਰੂਰ ਦੀ ਮੀਟਿੰਗ ਦੋਪਹਿਰ 2 ਵਜੇ ਹੋਵੇਗੀ। ਪਾਰਲੀਮੈਂਟ ਪਟਿਆਲਾ ਫਤਿਹਗੜ੍ਹ ਸਾਹਿਬ ਦੀ ਮੀਟਿੰਗ ਦੋਪਹਿਰ 3 ਵਜੇ ਹੋਵੇਗੀ।

ਮੀਟਿੰਗ ਵਿੱਚ ਹਲਕਾ ਪੱਧਰੀ ਸੰਗਠਨ ਰਿਪੋਰਟ ਲਈ ਜਾਵੇਗੀ, ਆਗਾਮੀ ਲੋਕ ਸਭਾ ਦੇ ਮੱਦੇਨਜ਼ਰ ਉਮੀਦਵਾਰਾਂ ਦੀ ਚੋਣ ਤੇ ਚਰਚਾ ਕੀਤੀ ਜਾਵੇਗੀ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰਚਾਰ ਕਮੇਟੀਆਂ, ਲੋਕ ਸਭਾ ਪੱਧਰੀ ਪ੍ਰੋਗਰਾਮ ਆਦਿ ਗਤੀਵਿਧੀਆਂ ਤੇ ਚਰਚਾ ਹੋਵੇਗੀ।

# ਸੋਸਾਇਟੀ ਫਾਰ ਹਿਊਮਨ ਅਲਾਇੰਸ ਨੀਡ ਵਲੋਂ ਏਡਜ਼ ਅਤੇ ਟੀ ਬੀ ਦੀਆਂ ਬਿਮਾਰੀਆਂ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੀ ਚਲ ਰਹੀ ਸੰਸਥਾ ਸੋਸਾਇਟੀ ਫ਼ਾਰ ਹਿਊਮਨ ਅਲਾਇਸ ਨੀਡ (ਸ਼ਾਨ) ਹੁਸ਼ਿਆਰਪੁਰ ਵੱਲੋਂ ਪ੍ਰੋ-ਜੈਕਟ ਮੈਨੇਜਰ ਰੋਹਿਤ ਸ਼ਰਮਾ ਦੀ ਅਗਵਾਈ ਵਿੱਚ ਕਮਿਊਨਿਟੀ ਈਵੈਂਟ "ਨਈ ਰਾਹ" ਦਾ ਅਜੋਜਨ ਕੀਤਾ ਗਿਆ। ਪ੍ਰੋਜੈਕਟ ਮੈਨੇਜਰ ਰੋਹਿਤ ਸ਼ਰਮਾ ਵਲੋਂ ਦਸੀਆ ਗਿਆ ਕਿ ਇਸ ਈਵੈਂਟ ਦਾ ਮੁੱਖ ਉਦੇਸ਼ ਕਮਿਊਨਿਟੀ ਨੂੰ ਐਚ ਆਈ ਵੀ/ਏਡਜ਼ ਅਤੇ ਟੀ ਬੀ ਵਰਗੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕਰਨਾ ਅਤੇ ਐਚ ਆਈ ਵੀ ਨੂੰ ਲੈ ਕੇ ਜੋ ਮੱਤ-ਭੇਦ ਨੇ ਉਹਨਾਂ ਨੂੰ ਖਤਮ ਕਰਨਾ ਸੀ। ਈਵੈਂਟ ਦਾ ਅਗਾਜ ਡਾ. ਸਵਾਤੀ ਸ. ਐਮ. ਓ। ਸਿਵਲ ਹਸਪਤਾਲ ਹੁਸ਼ਿਆਰਪੁਰ, ਡਾਕਟਰ ਸ਼ਕਤੀ ਸ਼ਰਮਾ ਜ਼ਿਲਾ ਟੀ.ਬੀ. ਅਫਸਰ, ਡਾਕਟਰ ਦੀਪਕ ਇੰਚਾਰਜ ਏ.ਆਰ.ਟਿ., ਡਾਕਟਰ ਸ਼ੀਪਰਾ ਸੀਂ.ਐਚ ਹੁਸ਼ਿਆਰਪੁਰ, ਅਨਮੋਲ ਜੈਨ ਐਮ।ਸੀ ਅਤੇ ਸ਼੍ਰੀ ਬਜਰੰਗੀ ਪਾਂਡੇ ਚੀਫ਼ ਐਡੀਟਰ ਜੀ।ਬੀ।ਸੀ ਅੱਪਡੇਟ ਵਲੋਂ ਸ਼ਮਾ ਰੌਸ਼ਨ ਕਰਕੇ ਕੀਤਾ ਗਿਆ। ਡਾ। ਸਵਾਤੀ ਅਤੇ ਡਾ। ਸ਼ਕਤੀ ਸ਼ਰਮਾ ਵਲੋਂ ਸਾਰੇ ਲੋਕਾ ਨੂੰ ਐਚ ਆਈ ਵੀ/ਏਡਜ਼ ਬਾਰੇ ਜਾਣਕਾਰੀ ਦਿੱਤੀ ਗਈ ਤੇ ਐਚ ਆਈ ਵੀ ਤੋਂ ਗ੍ਰਸਤ ਲੋਕਾ ਨਾਲ



ਭੇਦ ਭਾਵ ਨਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਕਮਿਊਨਿਟੀ ਮੈਂਬਰਾ ਨੂੰ ਅਪਣਾ ਐਚ ਆਈ ਵੀ ਦਾ ਟੈਸਟ ਹਰ 6 ਮਹੀਨਿਆ ਤੇ ਕਰਵਾਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਇਸ ਨਾ-ਮੁਰਾਦ ਬਿਮਾਰੀ ਤੋਂ ਬਚਿਆ ਜਾ ਸਕੇ ਅਤੇ ਕਮਿਊਨਿਟੀ ਨੂੰ ਵੱਖ ਵੱਖ ਰੋਜ਼ਗਾਰ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕਮਿਊਨਿਟੀ ਨੂੰ ਉਤਸ਼ਾਹਿਤ ਕਰ ਕੇ "ਨਵੀਂ ਰਾਹ" ਤੇ ਲੀਆਂ ਦਾ ਉਪਰਾਲਾ ਕੀਤਾ ਗਿਆ। ਇਸ ਮੌਕੇ ਤੇ ਸਰਬਜੀਤ ਕੌਰ ਕੌਂਸਲਰ, ਮਨਜੀਤ ਕੌਰ ਕੌਂਸਲਰ, ਆਰਤੀ ਠਾਕੁਰ ਕੌਂਸਲਰ, ਰੋਹਿਨੀ ਗੋਤਮ ਪ੍ਰੋ-ਜੇਕਟ ਮੈਨੇਜਰ ਹਿਮਾਲਿਆ ਫਾਊਂਡੇਸ਼ਨ, ਸ਼ਿਖਾ ਡੋਗਰਾ ਪ੍ਰੋਜੇਕਟ ਮੈਨੇਜਰ ਮੰਚ, ਰਜਨੀ, ਅਜੇ ਕੁਮਾਰ, ਤਰਲੋਕ ਸਿੰਘ, ਨਵਜੋਤ ਸਿੰਘ, ਦੀਪਕ, ਹਰਜਿੰਦਰ, ਸਾਹਿਲ ਆਦਿ ਸ਼ਾਮਿਲ ਸਨ।

# ਕੇ ਸੀ ਕਾਲਜ ਆਫ਼ ਫਾਰਮੇਸੀ ਦੇ ਬੀ. ਫਾਰਮਾ ਦੇ ਪਹਿਲੇ, ਪੰਜਵੇਂ ਅਤੇ ਸੱਤਵੇਂ ਸਮੈਸਟਰ ਦੇ ਨਤੀਜੇ ਰਹੇ ਸ਼ਾਨਦਾਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਲੋ ਕੇ ਸੀ ਕਾਲਜ ਆਫ਼ ਫਾਰਮੇਸੀ ਦਾ ਨਵੰਬਰ-ਦਸੰਬਰ 2023 ਦਾ ਬੀ. ਫਾਰਮਾ (ਚਾਰ ਸਾਲਾ ਦੀ ਡਿਗਰੀ) ਦੇ ਪਹਿਲੇ, ਪੰਜਵੇਂ ਅਤੇ ਸੱਤਵੇਂ ਸਮੈਸਟਰ ਦੇ ਘੋਸ਼ਿਤ ਨਤੀਜੇ ਸ਼ਾਨਦਾਰ ਰਹੇ ਹਨ। ਕਾਲਜ ਪ੍ਰਿੰਸੀਪਲ ਡਾਕਟਰ ਅਮਰਦੀਪ ਕੌਰ ਅਤੇ ਸਹਾਇਕ ਪ੍ਰੋਫੈਸਰ ਨਿਸ਼ਾ ਨੇ ਦੱਸਿਆ ਕਿ ਪਹਿਲੇ ਸਮੈਸਟਰ 'ਚ ਮਨੀਸ਼ਾ ਨੇ 8.77 ਐਸ ਜੀ ਪੀ ਏ (ਸਮੈਸਟਰ ਗ੍ਰੇਡ ਪੁਆਇੰਟ ਔਸਤ) ਲੈ ਕੇ ਕਾਲਜ 'ਚੋਂ ਪਹਿਲਾ, ਰਾਜ ਰਾਣੀ 8.67 ਐਸ ਜੀ ਪੀ ਏ ਲੈ ਕੇ ਦੂਜਾ, ਅਲੀਸ਼ਾ 8।59 ਐਸ ਜੀ ਪੀ ਏ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਪੰਜਵੇਂ ਸਮੈਸਟਰ 'ਚ ਖੁਸ਼ੀ ਨੇ 8.46 ਐਸ ਜੀ ਪੀ ਏ ਲੈ ਕੇ ਪਹਿਲਾ ਅਤੇ ਹਰਜੋਤ ਨੇ 8.31 ਐਸ ਜੀ ਪੀ



ਏ ਲੈ ਕੇ ਦੂਜਾ ਸਥਾਨ ਪਾਇਆ ਹੈ। ਇਸੇ ਤਰ੍ਹਾਂ ਸੱਤਵੇਂ ਸਮੈਸਟਰ 'ਚ ਮਨੀਸ਼ਾ 9।50 ਐਸ ਜੀ ਪੀ ਏ ਲੈ ਕੇ ਪਹਿਲਾ, ਨਵਜੋਤ ਅਤੇ ਦਮਨਪ੍ਰੀਤ ਨੇ ਸਾਂਝੇ ਤੌਰ ਤੇ 9 ਐਸ ਜੀ ਪੀ ਏ ਲੈ ਕੇ ਦੂਜਾ ਸਥਾਨ ਪਾਇਆ ਹੈ, ਇਸੇ ਤਰ੍ਹਾਂ ਦੀਪਿਕਾ ਅਤੇ ਲਵਪ੍ਰੀਤ ਨੇ 8.83 ਐਸ ਜੀ ਪੀ ਏ ਲੈ ਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ ਹੈ। ਕੇ ਸੀ ਗਰੁੱਪ ਦੇ ਚੇਅਰਮੈਨ ਪ੍ਰੇਮ ਪਾਲ ਗਾਂਧੀ, ਕੈਂਪਸ ਡਾਇਰੈਕਟਰ ਡਾ। ਰਸ਼ਮੀ ਗੁਜਰਾਤੀ, ਫਾਰਮੇਸੀ ਦੀ ਪ੍ਰਿੰਸੀਪਲ ਡਾ। ਅਮਨਦੀਪ ਕੌਰ ਦੇ ਨਾਲ ਸਹਾਇਕ ਪ੍ਰੋਫੈਸਰ ਨਿਸ਼ਾ, ਮੁਹੰਮਦ ਸੁਹੇਲ, ਅੰਕਿਤਾ, ਖੁਸ਼ਦੀਪ ਕੌਰ, ਮਨਪ੍ਰੀਤ, ਮੁਕੇਸ਼ ਨੇ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ 30 ਨੁਕਾਤੀ ਲੋਕ-ਏਜੰਡਾ ਜਾਰੀ ਕਰਨ ਦਾ ਐਲਾਨ

## ਵੋਟ ਪਾਰਟੀਆਂ ਦੇ ਭਰਮਾਊ ਨਾਹਰਿਆਂ ਤੇ ਝੂਠੇ ਮੈਨੀਫੈਸਟੋਆਂ ਦੀ ਥਾਂ ਅਸਲ ਲੋਕ ਮੁੱਦੇ ਉਭਾਰਨ ਦਾ ਫੈਸਲਾ

**ਚੰਡੀਗੜ੍ਹ, (ਦਲਜੀਤ ਕੌਰ)** ਲੋਕ ਸਭਾ ਚੋਣਾਂ 'ਚ ਲੱਗੀਆਂ ਹਾਕਮ ਪਾਰਟੀਆਂ ਦੀਆਂ ਚੋਣ ਮੁਹਿੰਮਾਂ ਦਰਮਿਆਨ ਪੰਜਾਬ ਦੀਆਂ ਲੋਕ ਜਥੇਬੰਦੀਆਂ ਵੱਲੋਂ ਲੋਕਾਂ ਦੇ ਅਸਲ ਮੁੱਦਿਆਂ ਵਾਲਾ 30 ਨੁਕਾਤੀ ਲੋਕ-ਏਜੰਡਾ ਨਾਂ ਦਾ ਦਸਤਾਵੇਜ਼ ਬਰਨਾਲੇ ਦੀ ਕਾਨਫਰੰਸ ਤੋਂ ਜਾਰੀ ਕੀਤਾ ਜਾਵੇਗਾ। ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ 23 ਮਾਰਚ ਮੌਕੇ ਬਰਨਾਲੇ 'ਚ ਕੀਤੀ ਜਾ ਰਹੀ ਵਿਸ਼ਾਲ ਕਾਨਫਰੰਸ ਦੇ ਮੌਕੇ ਪੰਜਾਬ ਦੀਆਂ ਸੰਘਰਸ਼ਸ਼ੀਲ ਲੋਕ ਜਥੇਬੰਦੀਆਂ ਹਾਕਮਾਂ ਦੀਆਂ ਵੋਟ ਪਾਰਟੀਆਂ ਦੇ ਭਰਮਾਊ ਨਾਹਰਿਆਂ ਤੇ ਝੂਠੇ ਮੈਨੀਫੈਸਟੋਆਂ ਦੇ ਮੁਕਾਬਲੇ ਅਸਲ ਲੋਕ ਮੁੱਦਿਆਂ ਦੇ ਇਸ ਏਜੰਡੇ ਨੂੰ ਪੰਜਾਬ ਸਮੇਤ ਪੂਰੇ ਦੇਸ਼ ਦੇ ਲੋਕਾਂ ਸਾਹਮਣੇ ਰੱਖਣਗੀਆਂ। ਹਾਕਮਾਂ ਦੀਆਂ ਚੋਣ ਖੇਡਾਂ ਤੋਂ ਝਾਕ ਛੱਡ ਕੇ ਇਹਨਾਂ ਮੁੱਦਿਆਂ ਲਈ ਲੋਕ ਸੰਘਰਸ਼ਾਂ ਨੂੰ ਵਿਸ਼ਾਲ, ਤਿੱਖੇ ਤੇ ਤੇਜ਼ ਕਰਨ ਦਾ ਹੋਕਾ ਦੇਣਗੀਆਂ।

ਇਸ ਸੰਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਸਨਅਤੀ ਕਾਮਿਆਂ, ਮੁਲਾਜ਼ਮਾਂ, ਠੇਕਾ ਕਾਮਿਆਂ ਤੇ ਵਿਦਿਆਰਥੀਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਵੱਲੋਂ ਲਾਏ ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਨੂੰ ਬੁਲੰਦ ਕੀਤਾ



ਜਾਵੇਗਾ। ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਦੇ ਸਾਰੇ ਲੋਕਾਂ ਦੀਆਂ ਹੱਕੀ ਮੰਗਾਂ ਹਾਕਮਾਂ ਵੱਲੋਂ ਵਿੱਢੇ ਸਾਮਰਾਜੀ ਨੀਤੀਆਂ ਵਾਲੇ ਆਰਥਿਕ-ਸੁਧਾਰਾਂ ਦੇ ਹੱਲੇ ਖ਼ਿਲਾਫ਼ ਬਣਦੀਆਂ ਹਨ। ਚੋਣਾਂ 'ਚ ਉੱਤਰੀਆਂ ਸਭ ਪਾਰਟੀਆਂ ਵਿਕਾਸ ਦੇ ਨਾਂ ਹੇਠ ਸੰਸਾਰ ਵਪਾਰ ਸੰਸਥਾ ਵਰਗੀਆਂ ਸਾਮਰਾਜੀ ਸੰਸਥਾਵਾਂ ਦੀਆਂ ਨੀਤੀਆਂ ਨੂੰ ਹੀ ਲਾਗੂ ਕਰਨ ਦੇ ਐਲਾਨ ਕਰ ਰਹੀਆਂ ਹਨ। ਜਦਕਿ ਪਿਛਲੇ ਤਿੰਨ ਦਹਾਕਿਆਂ ਤੋਂ ਇਹੀ ਨੀਤੀਆਂ ਕਿਰਤੀ ਲੋਕਾਂ ਦੀ ਜ਼ਿੰਦਗੀ 'ਚ ਤਬਾਹੀ ਦਾ ਕਾਰਨ ਬਣੀਆਂ ਹੋਈਆਂ ਹਨ। ਉਹਨਾਂ ਦੱਸਿਆ ਕਿ ਲੋਕ ਜਥੇਬੰਦੀਆਂ ਵੱਲੋਂ ਪੇਸ਼ ਕੀਤਾ ਜਾਣ ਵਾਲਾ 30 ਮੁੱਦਿਆਂ ਦਾ ਏਜੰਡਾ ਇਹਨਾਂ ਨੀਤੀਆਂ ਨੂੰ ਰੱਦ ਕਰਨ ਤੇ ਇਹਨਾਂ ਚੋਂ ਨਿਕਲਦੇ ਕਦਮ ਫੌਰੀ ਵਾਪਸ ਲੈਣ ਅਤੇ ਲੋਕਾਂ ਦੀ ਬੇਹਤਰੀ ਲਈ ਬਜਟ ਸੋਮੇ ਜਟਾਉਣ ਦੁਆਲੇ ਕੇਂਦਰਿਤ ਹੋਵੇਗਾ। ਚੋਣਾਂ ਦੇ ਇਸ ਘੜਮੱਸ ਦਰਮਿਆਨ ਇਸ ਲੋਕ ਏਜੰਡੇ ਦੇ ਮੁੱਦਿਆਂ ਨੂੰ ਲੋਕਾਂ ਦੇ ਘਰ ਘਰ ਲੈ ਕੇ ਜਾਣ ਦੀ ਮੁਹਿੰਮ ਦਾ ਆਗਾਜ਼ ਕੀਤਾ ਜਾਵੇਗਾ।

ਆਗੂਆਂ ਨੇ ਕਿਹਾ ਐੱਮਐੱਸਪੀ ਦੀ ਕਾਨੂੰਨੀ ਗਰੰਟੀ, ਸਰਕਾਰੀ ਖਰੀਦ ਤੇ ਸਰਬਜਨਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ, ਸਾਮਰਾਜੀਆਂ/ਵੱਡੇ ਸਰਮਾਏਦਾਰਾਂ ਤੇ ਜਗੀਰਦਾਰਾਂ ਦੀ ਲੁੱਟ ਤੋਂ ਮੁਕਤ ਕਿਸਾਨ ਮਜ਼ਦੂਰ ਤੇ ਵਾਤਾਵਰਨ ਪੱਖੀ ਖੇਤੀ ਨੀਤੀ ਬਣਾਉਣ, ਠੇਕਾ ਕਾਮਿਆਂ ਨੂੰ ਰੈਗੂਲਰ ਕਰਨ ਤੇ ਠੇਕਾ ਭਰਤੀ ਦੀ ਨੀਤੀ ਰੱਦ ਕਰਨ, ਨਵੇਂ ਕਿਰਤ ਕੋਡ ਰੱਦ ਕਰਨ, ਪੁਰਾਣੀ ਪੈਨਸ਼ਨ ਦਾ ਹੱਕ ਬਹਾਲ ਕਰਨ ਵਰਗੇ ਭਖਵੇਂ ਮੁੱਦਿਆਂ ਤੋਂ ਲੈ ਕੇ ਸਿੱਖਿਆ ਸਿਹਤ ਤੇ ਆਵਾਜਾਈ ਵਰਗੇ ਖੇਤਰਾਂ ਦੇ ਸਰਕਾਰੀਕਰਨ ਦੇ ਕਦਮ ਲੈਣ ਤੱਕ ਦੀ ਲੰਮੀ ਲੜੀ ਦੇ ਮੁੱਦਿਆਂ ਨੂੰ ਉਭਾਰਿਆ ਜਾਵੇਗਾ। ਉਹਨਾਂ ਸਭਨਾਂ ਮਿਹਨਤਕਸ਼ ਵਰਗਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਾਮਰਾਜੀ ਹੱਲੇ ਖਿਲਾਫ਼ ਹੋ ਰਹੀ 23 ਮਾਰਚ ਦੀ ਬਰਨਾਲਾ ਕਾਨਫਰੰਸ ਵਿੱਚ ਵਧ ਚੜ੍ਹ ਕੇ ਪੁੱਜਣ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਢਾਹਾਂ ਕਲੇਰਾਂ ਦੀਆਂ ਮਿਸ਼ਨਰੀ ਸੰਸਥਾਵਾਂ ਸਮਾਜ ਦਾ ਮਾਣ ਹਨ - ਸਰਹਾਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਅਤੇ ਵਾਟਰ ਰਿਸੋਰਸਿਸ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਪੰਜਾਬ ਦੇ ਵਾਇਸ ਚੇਅਰਮੈਨ ਕੁਲਜੀਤ ਸਿੰਘ ਸਰਹਾਲ ਨੇ ਢਾਹਾਂ ਕਲੇਰਾਂ ਵਿੱਖੇ ਸਥਾਪਿਤ ਮਿਸ਼ਨਰੀ ਅਦਾਰਿਆਂ ਦੇ ਵਿਹੜੇ ਪੁੱਜੇ। ਉਹਨਾਂ ਇਹਨਾਂ ਅਦਾਰਿਆਂ ਦੀ ਪ੍ਰਬੰਧਕੀ ਸੰਸਥਾ ਗੁਰੂ ਨਾਨਕ ਮਿਸ਼ਨ



ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਸਮੂਹ ਨੁਮਾਇੰਦਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਟਰੱਸਟ ਦੇ ਨਵੇਂ ਪ੍ਰਧਾਨ ਡਾ। ਕੁਲਵਿੰਦਰ ਸਿੰਘ ਢਾਹਾਂ ਦੀ ਸਨਮਾਨ ਰਸਮ ਵੀ ਨਿਭਾਈ। ਆਪ ਆਗੂ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਢਾਹਾਂ ਕਲੇਰਾਂ ਦੇ ਪੇਂਡੂ ਖਿੱਤੇ ਵਿੱਚ ਵੱਡੇ ਪੱਧਰ ਦੀਆਂ ਸਿਹਤ ਤੇ ਸਿੱਖਿਆ ਸਹੂਲਤਾਂ ਪ੍ਰਦਾਨ ਹੋਣੀਆਂ ਸ਼ਲਾਘਾਯੋਗ ਹੈ। ਉਹਨਾਂ ਇਹਨਾਂ ਅਦਾਰਿਆਂ ਦੀ ਸਥਾਪਤੀ ਲਈ ਇੱਥੋਂ ਦੇ ਸਮੂਹ ਸਹਿਯੋਗੀਆਂ ਅਤੇ ਵਿਦੇਸਾਂ ਦੀ ਧਰਤੀ 'ਤੇ ਬੈਠੇ ਐਨਆਰਆਈਜ਼ ਨੂੰ ਵੀ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਇਸ ਨਿੱਘ ਮੋਹ ਲਈ ਧੰਨਵਾਦ ਕਰਦਿਆਂ ਟਰੱਸਟ ਦੇ ਪ੍ਰਧਾਨ ਡਾਕਟਰ ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਉਹ ਸਮੁੱਚੀ ਟੀਮ ਨਾਲ ਪਹਿਲਾਂ ਵਾਂਗ ਕਾਰਜਸ਼ੀਲ ਰਹਿੰਦਿਆਂ ਗੁਰੂ ਨਾਨਕ ਮਿਸ਼ਨ ਨੂੰ ਸਮਰਪਿਤ ਸਮੂਹ ਅਦਾਰਿਆਂ ਦੀ ਚੜ੍ਹਦੀ ਕਲਾ ਲਈ ਸਮਰਪਿਤ ਰਹਿਣਗੇ।

ਇਸ ਮੌਕੇ ਜਸਵਰਿੰਦਰ ਸਿੰਘ ਜੱਸਾ ਕਲੇਰਾਂ, ਜਸਪ੍ਰੀਤ ਸਿੰਘ ਰੋਬੀ ਕੰਗ ਸਟੇਟ ਸੈਕਟਰੀ ਅਤੇ ਦੋਆਬਾ ਯੂਥ ਪ੍ਰਧਾਨ, ਸਾਬੀ ਕੁਲਥਮ, ਸ਼ੋਸ਼ਲ ਮੀਡੀਆ ਬਲਾਕ ਪ੍ਰਧਾਨ, ਸਰਬਜੀਤ ਸਿੰਘ ਸ਼ੋਸ਼ਲ ਮੀਡੀਆ ਇੰਚਾਰਜ਼ ਨਵਾਂਸ਼ਹਿਰ ਆਦਿ ਸ਼ਾਮਲ ਸਨ।

# ਆਲਮ ਢਿੱਲੋਂ ਸਿੱਖੀ ਸਰੂਪ ਵਿੱਚ ਗਾਇਕੀ ਖੇਤਰ ਵਿੱਚ ਕਰ ਰਿਹੈ ਪ੍ਰਵੇਸ਼, ਆ ਰਿਹਾ ਪਲੇਠਾ ਗੀਤ ਮਾਝਾ ਵਾਈਬ

ਸਿੱਖੀ ਵੀ ਆਪਣੇ ਆਪ ਵਿੱਚ ਇੱਕ ਫੈਸ਼ਨ ਏ ਤੇ ਸਿੱਖੀ ਸਰੂਪ ਤੇ ਸਰਦਾਰੀ ਦਿੱਖ ਵਿੱਚ ਨਵਾਂ ਗਾਇਕ ਆਲਮ ਢਿੱਲੋਂ ਨਜ਼ਰ ਆਏਗਾ। ਸਿੱਖੀ ਸਰੂਪ ਵਿੱਚ ਆ ਰਹੇ ਨੌਜਵਾਨ ਗਾਇਕ ਦਾ ਪਿੰਡ ਦੋਲੋ ਨੰਗਲ ਨੇੜੇ ਬਿਆਸ ਅੰਮ੍ਰਿਤਸਰ ਹੈ। ਸਰਦਾਰ ਲਈ ਪੂਰੀ ਮਿਹਨਤ ਲਾਈ ਹੈ।

ਆਲਮ ਢਿੱਲੋਂ ਲਈ ਸੰਗੀਤ ਪ੍ਰਬੰਧ ਦੇਖ ਰਹੇ ਪੱਬਾ ਢਿੱਲੋਂ ਅਨੁਸਾਰ ਸ਼ਾਨਦਾਰ ਪੋਸਟਰ ਨਾਲ ਯੂਟਿਊਬ ਤੇ ਇਸ ਦੀ ਝਲਕ ਪਾਈ ਹੈ। ਆਲਮ ਢਿੱਲੋਂ ਦਾ "ਮਾਝਾ ਵਾਈਬ" ਲਈ



ਆਲਮ ਹਕੀਕਤ ਸਿੰਘ ਢਿੱਲੋਂ ਦਾ ਪਲੇਠਾ ਗੀਤ "ਮਾਝਾ ਵਾਈਬ" ਆ ਰਿਹਾ ਹੈ। ਤਾਏ ਦੀ ਧੀ ਚਲੀ ਹੋਏ ਤਾਂ ਚਾਚੇ ਦੀ ਕਿਉਂ ਕੱਲੀ ਰਹੇ ਤੇ ਹਰਮਨ ਪਿਆਰੇ ਗਾਇਕ ਪ੍ਰੇਮ ਢਿੱਲੋਂ ਦੇ ਨੇੜਲੇ ਹਨ ਆਲਮ ਢਿੱਲੋਂ, ਗੀਤਕਾਰ ਪ੍ਰੇਮ ਢਿੱਲੋਂ ਦੀ ਤਰਾਂ ਮਾਝੇ ਦਾ ਨੌਜ਼ਵਾਨ ਸਰਦਾਰ ਗਾਇਕ ਆਲਮ ਢਿੱਲੋਂ ਆ ਰਿਹਾ ਏ ਕੁਲ ਆਲਮ ਨੂੰ ਆਪਣੀ ਆਵਾਜ਼ ਨਾਲ ਸਰੋਬਾਰ ਕਰਨ ਤੇ ਆਲਮ ਢਿੱਲੋਂ ਦਾ ਪਹਿਲਾ ਟਰੈਕ ਆਉਣ ਲਈ ਤਿਆਰ ਹੈ।ਆਲਮ ਢਿੱਲੋਂ ਦੇ ਇਸ ਗਾਣੇ ਦਾ ਨਾਮ "ਮਾਝਾ ਵਾਈਬ " ਹੈ। ਇਸ ਅੱਤੀ ਆਧੁਨਿਕ ਗਾਣੇ ਲਈ ਹਰਮਨ ਰੰਧਾਵਾ ਨੇ ਰਾਈਪ ਕੀਤਾ ਹੈ। ਭੁੱਲਰ ਲਵ ਨੇ ਆਲਮ ਢਿੱਲੋਂ ਦੇ ਇਸ ਗਾਣੇ ਇੰਸਟਾਗ੍ਰਾਮ ਤੇ ਬਾਕੀ ਸੋਸ਼ਲ ਸਾਈਟਾਂ ਤੇ ਯੋਜਨਾ ਮਈ ਤਰੀਕੇ ਨਾਲ ਕੰਮ ਜ਼ਾਰੀ ਹੈ। ਆਲਮ ਹਕੀਕਤ ਸਿੰਘ ਢਿੱਲੋਂ ਗਾਇਕ ਆਲਮ ਢਿੱਲੋਂ ਦਾ ਪੂਰਾ ਨਾਮ ਹੈ ਤੇ ਨੌਜਵਾਨ ਵਰਗ ਦੀ ਸੰਗੀਤ ਪਸੰਦ ਤੇ ਓਸ ਦੀ "ਮਾਝਾ ਵਾਈਬ" ਕਿਵੇਂ ਰਹਿੰਦੀ ਹੈ ,ਇਹੀ ਦੇਖਣਾ ਹੈ ਫਿਲਹਾਲ ਆ ਰਿਹਾ ਹੈ ਸ਼ਾਨਦਾਰ ਗਾਣਾ "ਮਾਝਾ ਵਾਈਬ".... ਆਲਮ ਢਿੱਲੋਂ ਨੇ ਬਚਪਨ ਵਿੱਚ ਆਪਣੇ ਘਰੇ ਸ਼ੂਟਿੰਗ "ਸੀਰਿਯਸ ਕੇਸ" ਫ਼ਿਲਮ ਦੀ ਦੇਖੀ ਸੀ ਤੇ ਇਸ ਦੇ ਪਿਤਾ ਪੱਬਾ ਢਿੱਲੋਂ ਇੱਕ ਅਭਿਨੇਤਾ ਰਹੇ ਹਨ । ਖ਼ੈਰ ਖੁਸ਼ੀ ਹੈ ਕਿ ਸਿੱਖੀ ਸਰੂਪ ਵਿੱਚ ਆਲਮ ਢਿੱਲੋਂ ਗਾਇਕੀ ਵਿੱਚ ਵਿਚਰਨ ਆ ਰਹੇ ਹਨ। **- ਅੰਮ੍ਰਿਤ ਪਵਾਰ**




# ਹਮਿਲਟਨ ਵਿਖੇ 11ਵੇਂ ਖ਼ੂਨਦਾਨ ਅਤੇ ਪਲਾਜ਼ਮਾ ਕੈਂਪ ਰਾਹੀਂ ਸ਼ਹੀਦਾਂ ਦੀ ਕੁਰਬਾਨੀ ਨੂੰ ਕੀਤਾ ਯਾਦ



**ਆਕਲੈਂਡ, (ਜਰਨੈਲ ਸਿੰਘ ਰਾਹੋਂ/ਹਰਜਿੰਦਰ ਸਿੰਘ ਬਸਿਆਲਾ)-** ਵਾਇਕਾਟੋ ਸ਼ਹੀਦੇ ਆਜਮ ਭੱਗਤ ਸਿੰਘ ਟਰੱਸਟ ਹਮੈਲਟਿੱਨ ਵੱਲੋਂ 11ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਦੇ ਵਿਚ ਖ਼ੂਨਦਾਨ ਅਤੇ ਪਲਾਜ਼ਮਾ ਦਾਨ ਕੀਤਾ ਗਿਆ। ਇਹ ਕੈਂਪ ਸਵੇਰੇ ਸੱਤ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਚੱਲਿਆ। ਨੌਜਵਾਨ ਮੁੰਡੇ, ਕੁੜੀਆ ਸਮੇਤ ਸਥਾਨਿਕ ਭਾਈਚਾਰੇ ਦੇ ਪਤਵੰਤੇ ਸੱਜਣਾਂ ਨੇ ਵੀ ਇਸ ਕੈਂਪ ਵਿਚ ਹਿੱਸਾ ਲਿਆ। ਖ਼ੂਨ ਦਾਨ ਕੈਂਪ ਨੂੰ ਬਹੁਤ ਸੁਚੱਜੇ ਢੰਗ ਨਾਲ ਟਰੱਸਟ ਦੇ ਪ੍ਰਧਾਨ ਜਰਨੈਲ ਸਿੰਘ ਰਾਹੋਂ ਦੀ ਅਗਵਾਈ ਵਿੱਚ ਮਨਦੀਪ ਬਰਾੜ, ਗੁਰਪ੍ਰੀਤ ਸਿੰਘ ਢੱਡਾ, ਵਿਜੇ ਪਾਲ ਸੂਰੀਆ, ਹਰੀਸ਼ ਬਿਰਲਾ, ਮੁਕੇਸ਼ ਕੁਮਾਰ, ਸੰਦੀਪ ਕਲਸੀ, ਨਰਿੰਦਰ ਸੱਗੂ, ਹਰਗੁਣਜੀਤ ਸਿੰਘ, ਹਰਜੀਤ ਕੌਰ, ਜਸਪ੍ਰੀਤ ਕੌਰ ਕਲਸੀ, ਸਰਵਜੀਤ ਕੌਰ, ਪ੍ਰਿਆ ਬਿਰਲਾ, ਸਰਵਜੀਤ ਸਿੰਘ, ਕਰਿੱਸਟੀ ਬਿਰਲਾ, ਕਰਿਸਟੀਨ ਬਿਰਲਾ 'ਤੇ ਕਰਸਟਿੱਨਾ ਬਿਰਲਾ ਕੈਂਪ ਨੂੰ ਕਾਮਯਾਬ ਕਰਨ ਲਈ ਪੂਰੀ ਮਿੱਹਨਤ ਨਾਲ ਕੰਮ ਕੀਤਾ। ਟਰੱਸਟ ਵੱਲੋਂ ਕੈਂਪ ਵਿੱਚ ਦਾਨੀਆਂ ਲਈ ਚਾਹ-ਸਮੋਸੇ, ਡਰਾਈ ਫਰੂਟ, ਜੂਸ, ਫਰੂਟਸ ਦਾ ਪ੍ਰਬੰਧ ਕੀਤਾ ਗਿਆ ਸੀ। ਕੈਂਪ ਨੂੰ ਉਪਰੋਕਤ ਸਮਾਨ ਭੇਜਣ ਲਈ ਸ਼ਪੈਸ਼ਲ ਤੌਰ ਤੇ ਮਿਠਾਈ ਵਾਲਾ ਹਮੈਲਟਿੱਨ, ਫਰੈਕਟਿੱਨ ਫਰੈਸ਼ ਹਮੈਲਟਿੱਨ, ੦-1-7-9 ਕੰਪਨੀ ਦੇ ਸੰਨੀ ਤੇ ਜੀਵਨ ਕੁਮਾਰ ਅਤੇ ਵੈਜੀ ਹੈਵਨ ਮੌਰਿੱਸਵਿੱਲ ਦੇ ਕੁਲਵਿੰਦਰ ਬੰਗੇ ਦਾ ਸ਼ਪੈਸ਼ਲ ਧੰਨਵਾਦ ਕੀਤਾ ਗਿਆ। ਇਸ ਕੈਂਪ ਵਿੱਚ ਹਮੈਲਟਿੱਨ ਟੈਕਸੀ ਸੁਸਾਇਟੀ ਦੇ ਚੇਅਰਮੈਨ ਜਿੰਦਾਂ ਔਜਲਾ ਮੁਠੱਡਾ, ਹਰਪ੍ਰੀਤ ਸਿੰਘ ਨੀਟਾ ਆਪਣੇ ਸਾਥੀਆਂ ਸਮੇਤ ਅਤੇ ਗੁਰੂ ਨਾਨਕ ਸਿੱਖ ਟੈਂਪਲ ਤੋਂ ਪਰਮਜੀਤ ਸਿੰਘ ਪ੍ਰੀਹਾਰ, ਪਰਵਿੰਦਰ ਸਿੰਘ ਚਾਹਲ ਦਾ ਸ਼ਪੈਸ਼ਲ ਤੌਰ ਤੇ ਧੰਨਵਾਦ ਕੀਤਾ ਗਿਆ। ਟਰੱਸਟ ਨੂੰ ਸਪੌਂਸਰਜ ਕਰਨ ਲਈ ਭੁਪਿੰਦਰ ਸਿੰਘ ਬੈਂਸ, ਹਰਦਿਆਲ ਸਿੰਘ ਦਿਉਲ, ਕੁਲਵਿੰਦਰ ਸਿੰਘ ਬੰਗੇਂ, ਮਦਨਜੀਤ ਸਿੰਘ ਬੰਗੇਂ ਦਾ ਬਹੁੱਤ ਬਹੁੱਤ ਧੰਨਵਾਦ। ਸਾਰੇ ਡੌਨਰਜ ਨੂੰ ਟਰੱਸਟ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿੱਤ ਕੀਤਾ ਗਿਆ 60 ਤੋਂ ਉਪਰ ਡੌਨਰਜ ਨੇ ਪਲਾਜਮਾਂ ਤੇ ਬਲੱਡ ਯੁਨਿੱਟ ਦਾਨ ਕੀਤਾ ਗਿਆ 11 ਡੌਨਰਜ ਦੀ ਰੀਬੁਕਿੰਗ ਕੀਤੀ ਗਈ ਡਾਕ. ਗੌਰਵ ਸ਼ਰਮਾ ਸਾਬਕਾ ਐਮ ਪੀ ਵੀ ਹਰੇਕ ਵਾਰ ਦੀ ਤਰਾਂ ਬਲੱਡ ਦਾਨ ਕਰਨ ਆਏ ਉਹਨਾਂ ਦਾ ਵੀ ਧੰਨਵਾਦ। ਮਨਪ੍ਰੀਤ ਸਿੰਘ ਵੀ ਵੱਡੀ ਗਿੱਣਤੀ ਵਿੱਚ ਆਪਣੇ ਸਾਥੀਆਂ ਨਾਲ ਖ਼ੂਨਦਾਨ ਕਰਨ ਆਏ ਕੈਂਪ ਦਾ ਉਦਘਾਟਨ ਸ. ਜੋਗਾ ਸਿੰਘ ਸਾਧੜਾ ਬਲੱਡ ਬੈਂਕ ਸ਼ਹੀਦ ਭੱਗਤ ਸਿੰਘ ਨਗਰ ਦੇ ਅਡਵਾਇਜਰੀ ਬੋਰਡ ਦੇ ਮੈਂਬਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ।



ਇਹ ਕੈਂਪ ਮਾਸਟਰ ਜਰਨੈਲ ਸਿੰਘ ਭੰਗਲ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਉਹ ਸ਼ੁਰੂ ਤੋਂ ਹੀ ਟਰੱਸਟ ਦੇ ਮੁੱਖ ਸਹਿਯੋਗੀਆਂ ਵਿੱਚੋਂ ਸਨ ਅੰਤ ਵਿੱਚ ਟਰੱਸਟ ਦੇ ਪ੍ਰਧਾਨ ਜਰਨੈਲ ਸਿੰਘ ਰਾਹੋਂ ਵੱਲੋਂ ਸਾਰਿਆਂ ਦਾਧੰਨਵਾਦ ਕਰਨ ਤੇ 12ਵੇਂ ਕੈਂਪ ਸਤੰਬਰ ਵਿੱਚ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤੀ ਕੀਤੀ ਗਈ।

# ਗ੍ਰੀਨ ਪਾਰਟੀ ਦੀ ਸਾਂਸਦ ਡਾਰਲੀਨ ਤਾਨਾ ਨੂੰ ਕਰਮਚਾਰੀਆਂ ਦੇ ਸ਼ੋਸ਼ਣ ਲਈ ਕੀਤਾ ਮੁਅੱਤਲ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਕੁਝ ਦਿਨ ਪਹਿਲਾਂ ਗ੍ਰੀਨ ਪਾਰਟੀ ਦੀ ਇਕ ਮਹਿਲਾ ਸਾਂਸਦ ਗੋਲਰਿਜ਼ ਗਹਿਰਾਮਨ ਨੇ ਚੋਰੀ ਦੇ ਮਾਮਲਿਆਂ ਵਿਚ ਆਪਣੇ ਆਪ ਨੂੰ ਦੋਸ਼ੀ ਮੰਨ ਲਿਆ ਸੀ ਅਤੇ ਇਸਨੇ ਜਨਵਰੀ ਦੇ ਵਿਚ ਅਸਤੀਫਾ ਵੀ ਦੇ ਦਿੱਤਾ ਸੀ, ਹੁਣ ਇਸਦੀ ਇਕ ਹੋਰ ਮਹਿਲਾ ਸਾਂਸਦ ਡਾਰਲੀਨ ਤਾਨਾ ਨੂੰ ਪਾਰਟੀ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਹੈ। ਉਸਨੂੰ ਸਾਂਸਦ ਦੀਆਂ ਸਾਰੀਆਂ ਜ਼ਿੰਮੇਵਾਰੀਆ ਤੋਂ ਵੀ ਮੁਅੱਤਲ ਵੀ ਕੀਤਾ ਗਿਆ। ਇਸਦੇ ਪਤੀ ਦੀ ਮਲਕੀਅਤ ਵਾਲੇ ਕਾਰੋਬਰ 'ਈ-ਸਾਈਕਲਜ਼ ਨਿਊਜ਼ੀ-ਲੈਂਡ' ਉਤੇ ਕੰਮ ਕਰਦੇ ਇਕ ਕਰਮਚਾਰੀ ਨੇ ਦੋਸ਼ ਲਾਇਆ ਸੀ ਕਿ ਉਸਦੇ ਲਗਪਗ 25,000 ਡਾਲਰ ਮਿਹਨਤਾਨੇ ਦੇ ਮਾਰ ਲਏ ਗਏ ਹਨ। ਇਸ ਮਿਹਨਤਾਨੇ ਦੇ ਵਿਚ ਤਨਖਾਹ ਅਤੇ ਛੁੱ-ਟੀਆਂ ਦੇ ਪੈਸੇ ਸ਼ਾਮਿਲ ਸਨ। ਅਜਿਹੀ ਸ਼ਿਕਾਇਤ ਉਸਦੇ ਇਕ ਹੋਰ ਕਰਮਚਾਰੀ ਨੇ ਵੀ ਕੀਤੀ ਹੈ। ਇਨ੍ਹਾਂ ਸ਼ਿਕਾਇਤਾਂ ਸਬੰਧੀ ਤਾਨਾ ਨੇ ਪਾਰਟੀ ਨੂੰ ਇਕ ਫਰਵਰੀ ਨੂੰ ਦੱਸ ਦਿੱਤਾ ਸੀ। ਵਰਨਣਯੋਗ ਹੈ ਕਿ ਤਾਨਾ 2019 ਤੋਂ ਬਾਅਦ ਸਬੰਧਿਤ ਕੰਪਨੀ ਦੀ ਡਾਇਰੈਕਟਰ ਨਹੀਂ ਹੈ, ਪਰ ਉਸ ਨੂੰ ਇਸ ਘਟਨਾ ਬਾਰੇ ਪਹਿਲਾਂ ਪਤਾ ਸੀ। ਪਾਰਟੀ ਨੇ ਇਕ ਨਿਜੀ ਵਕੀਲ ਵੀ ਰੱਖਿਆ ਜੋ ਕਿ ਜਾਂਚ-ਪੜ੍ਹਤਾਲ ਕਰੇਗਾ ਅਤੇ ਰਿਪੋਰਟ ਦੇਵੇਗਾ। ਗ੍ਰੀਨ ਪਾਰਟੀ ਨੇ ਕਿਹਾ ਹੈ ਕਿ ਉਹ ਹਮੇਸ਼ਾਂ ਪ੍ਰਵਾਸੀਆਂ ਦੇ ਹੱਕਾਂ ਦੀ ਪੂਰਤੀ ਲਈ ਖੜ੍ਹੇ ਹਨ। ਗ੍ਰੀਨ ਪਾਰਟੀ ਨੇ ਕਿਹਾ ਕਿ ਉਸਦੇ ਹਰ ਉਮੀਦਵਾਰ ਨੂੰ ਕੋਈ ਵੀ ਅਜਿਹੀ ਗੱਲ ਪਾਰਟੀ ਨੂੰ ਦੱਸਣੀ ਹੁੰਦੀ ਹੈ, ਜਿਸ ਦੇ ਨਾਲ ਪਾਰਟੀ ਦੀ ਛਾਪ ਖਰਾਬ ਹੋ ਸਕਦੀ ਹੈ, ਪਰ ਇਸ ਮਾਮਲੇ ਵਿਚ ਅਜਿਹਾ ਨਹੀਂ ਹੋਇਆ। ਤਾਨਾ ਦੇ ਪਤੀ ਹੌਫ ਨੇਇਲਸਨ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ।



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:

**WhatsApp +91 8360876705,**

**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**

**(ਫੈਕਸ) 1-916-238-1393**

**www.deshdoaba.com**

**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ




ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

## ਲੋਕ ਸਭਾ ਚੋਣਾਂ-2024 ਦੇ ਸਬੰਧ ਵਿੱਚ ਜਿਲ੍ਹਾ ਚੋਣ ਅਫ਼ਸਰ ਪਠਾਨਕੋਟ ਵੱਲੋਂ ਸਮੂਹ ਵਿਭਾਗਾਂ ਦੇ ਮੁੱਖੀਆਂ ਨਾਲ ਵਿਸੇਸ ਮੀਟਿੰਗ

**ਪਠਾਨਕੋਟ–** ਲੋਕ ਸਭਾ ਚੋਣਾਂ-2024 ਦੇ ਸਬੰਧ ਵਿੱਚ ਜਿਲ੍ਹਾ ਚੋਣ ਅਫ਼ਸਰ ਪਠਾਨਕੋਟ ਵੱਲੋਂ ਸਮੂਹ ਵਿਭਾਗਾਂ ਦੇ ਮੁੱਖੀਆਂ ਨਾਲ ਇੱਕ ਵਿਸ਼ੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਵਿਸ਼ੇਸ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰਕਲ੍ਹਾ, ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਪਵਨ ਕੁਮਾਰ ਡੀ.ਆਰ.ਓ. ਪਠਾਨਕੋਟ ਅਤੇ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜ਼ਰ ਸਨ।



ਮੀਟਿੰਗ ਨੂੰ ਸੰਬੋਧਤ ਕਰਦਿਆਂ ਆਦਿੱਤਿਆ ਉੱਪਲ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਚੋਣਾਂ ਦੌਰਾਨ ਕਿਸੇ ਵੀ ਸਰਕਾਰੀ ਇਮਾਰਤ ਅਤੇ ਸਰਕਾਰੀ ਜਾਇਦਾਦ ਨੂੰ ਡਿਫੇਸ ਕਰਨ ਦੀ ਸਖਤ ਮਨਾਹੀ ਹੈ। ਸਮੂਹ ਵਿਭਾਗਾਂ ਦੇ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਉਹਨਾਂ ਦੇ ਦਫਤਰ ਦੀ ਇਮਾਰਤ ਅਤੇ ਸਰਕਾਰੀ ਜਾਇਦਾਦ ਉਪਰ ਕੋਈ ਵੀ ਪੋਲੀਟੀਕਲ ਹੋਰਡਿੰਗ, ਬੈਨਰ, ਝੰਡੇ, ਪੋਸਟਰ ਆਦਿ ਨਾ ਲੱਗੇ ਹੋਣ। ਦਰੱਖਤਾਂ ਲਈ ਵਣ ਵਿਭਾਗ, ਖੰਭਿਆ ਤੇ ਪਾਵਰਕਾਮ ਅਤੇ ਸ਼ਹਿਰੀ ਗਲੀਆਂ ਦੇ ਪੋਲਾਂ ਲਈ ਨਗਰ ਨਿਗਮ/ਨਗਰ ਕੌਂਸਲ ਦੀ ਜਿੰਮੇਵਾਰੀ ਹੋਵੇਗੀ। ਇਸੇ ਤਰਜ਼ ਦੇ ਬਾਕੀ ਵਿਭਾਗ ਵੀ ਚੋਣ ਜ਼ਾਬਤੇ ਦੀ ਸਖਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਉਣਗੇ।

ਉਨ੍ਹਾਂ ਕਿਹਾ ਕਿ ਜਨਤਕ ਸਥਾਨਾਂ ਦੇ ਧਿਆਨਹਿੱਤ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਪਣੇ ਅਧਿਕਾਰ ਖੇਤਰ ਉੱਘੀਆ ਥਾਵਾਂ ਤੇ ਜਿਵੇਂ ਸੜਕਾਂ, ਮੇਨ ਚੌਂਕਾਂ, ਰੇਲਵੇ ਸਟੇਸ਼ਨ, ਬੱਸ ਸਟੈਂਡ, ਹਵਾਈ ਅੱਡੇ, ਰੇਲਵੇ ਪੁਲ, ਰੋਡਵੇਜ਼, ਸਰਕਾਰੀ ਬੱਸਾਂ, ਇਲੈਕਟ੍ਰਿਕ/ਟੈਲੀਫੋਨ ਦੇ ਖੰਭਿਆਂ, ਮਿਉਂਸਪਲ/ਸਥਾਨਕ ਸੰਸਥਾਵਾਂ ਦੀਆਂ ਇਮਾਰਤਾਂ ਆਦਿ ਬੱਸ ਸਟੈਂਡ, ਰੇਲਵੇ ਸਟੇਸ਼ਨ, ਹਸਪਤਾਲਾਂ ਆਦਿ ਵਿੱਚ ਨਿੱਜੀ ਤੌਰ ਤੇ ਦੌਰਾ ਕਰਕੇ ਸਰਕਾਰੀ ਪ੍ਰਾਪਟੀਜ਼ ਤੇ ਲੱਗੇ ਪੋਲੀਟੀਕਲ ਹੋਰਡਿੰਗ, ਬੈਨਰ, ਝੰਡੇ, ਪੋਸਟਰ ਅਤੇ ਪੇਂਟਿੰਗ ਆਦਿ 48 ਘੰਟੇ ਦੇ ਅੰਦਰ-ਅੰਦਰ ਹਟਾਏ ਜਾਣ । ਉਨ੍ਹਾਂ ਕਿਹਾ ਕਿ ਨਿੱਜੀ ਜਾਇਦਾਦਾਂ ਤੇ ਲਗਾਏ ਗਏ ਸਾਰੇ ਅਣਅਧਿਕਾਰਤ ਰਾਜਨੀਤਿਕ ਇਸ਼ਤਿਹਾਰ ਚੋਣਾਂ ਦੇ ਐਲਾਨ ਤੋਂ (72 ਘੰਟਿਆਂ ਦੇ ਅੰਦਰ) ਹਟਾ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਉਮੀਦਵਾਰ/ਕੋਈ ਹੋਰ ਵਿਅਕਤੀ ਵੱਲੋਂ ਚੋਣਾਂ ਦੌਰਾਨ ਚੋਣ ਪ੍ਰਚਾਰ ਚੋਣਾਂ ਦੌਰਾਨ ਜਾਂ ਚੋਣ ਸਬੰਧੀ ਯਾਤਰਾ ਕਰਨ ਲਈ ਚੋਣ ਪ੍ਰਚਾਰ ਕਰਨ ਲਈ ਸਰਕਾਰੀ ਵਾਹਨਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਹੋਵੇਗੀ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਲੋਕ ਸਭਾ ਚੋਣਾਂ-2024 ਨੂੰ ਲੈ ਕੇ ਜਿਲ੍ਹਾ ਪਠਾਨਕੋਟ ਵਿਖੇ ਜਿਲ੍ਹਾ ਚੋਣ ਅਫਸਰ ਵੱਲੋਂ ਕੀਤੀ ਪ੍ਰੈਸ ਕਾਨਫਰੰਸ

**ਪਠਾਨਕੋਟ–** ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਵੱਲੋਂ ਮਿਤੀ 16/03/2024 ਨੂੰ 3.00 ਵਜੇ ਲੋਕ ਸਭਾ ਦੀਆ ਆਮ ਚੋਣਾਂ, 2024 ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ, ਚੋਣਾਂ ਦੇ ਐਲਾਨ ਹੋਣ ਦੀ ਮਿਤੀ ਤੋਂ ਆਦਰਸ਼ ਚੋਣ ਜ਼ਾਬਤਾ ਅਮਲ ਵਿਚ ਆ ਚੁੱਕਾ ਹੈ, ਜੋ ਕਿ ਚੋਣ ਪ੍ਰੀਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਨੇ ਇੱਕ ਪ੍ਰੈਸ ਕਾਨਫਰੰਸ ਦੋਰਾਨ ਕੀਤਾ। ਉਨ੍ਹਾਂ ਆਮ ਜਨਤਾ, ਸਮੂਹ ਰਾਜਸੀ ਪਾਰਟੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਚੋਣਾਂ ਨੂੰ ਅਮਨ-ਸ਼ਾਤੀ ਅਤੇ ਪਾਰਦਰਸ਼ੀ ਬਣਾਉਣ ਲਈ ਸਮੁੱਚੇ ਜ਼ਿਲ੍ਹੇ ਵਿਚ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ । ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਦਾਖਲ ਕਰਨ ਦੀ ਪ੍ਰਕਿਰਿਆ ਚੋਣ ਕਮਿਸ਼ਨ ਜੀ ਵੱਲੋਂ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਹੀ ਸ਼ੁਰੂ ਹੋ ਜਾਵੇਗੀ। ਉਮੀਦਵਾਰਾਂ ਵੱਲੋਂ ਨਾਮਜ਼ਦਗੀ ਦਾਖਲ ਕਰਨ ਲਈ ਨੌਮੀਨੇਸ਼ਨ ਫਾਰਮ ਵਿਚ ਆਪਣੇ ਨਿੱਜੀ ਵੇਰਵੇ ਕਮਿਸ਼ਨ ਦੇ ਪੋਰਟਲ www.suivdha.eic.govi.n ਤੇ ਆਨ-ਲਾਈਨ ਵੀ ਭਰੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਉਮੀਦਵਾਰਾਂ ਨੂੰ ਆਨ ਲਾਈਨ ਨਾਮਜ਼ਦਗੀ ਦਾਖਲ ਕਰਨ ਦੀ ਸਹੂਲਤ ਦਿੱਤੀ ਗਈ ਹੈ।



ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸੁਜਾਨਪੁਰ ਅਸੈਂਬਲੀ ਸੈਗਮੈਂਟ ਲਈ ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ, ਭੋਆ ਅਸੈਂਬਲੀ ਸੈਗਮੈਂਟ ਲਈ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਅਤੇ ਪਠਾਨਕੋਟ ਅਸੈਂਬਲੀ ਸੈਗਮੈਂਟ ਲਈ ਡਾ. ਸੁਮਿਤ ਮੁਧ ਐਸ.ਡੀ.ਐਮ ਪਠਾਨਕੋਟ ਨੂੰ ਸਹਾਇਕ ਰਿਟਰਨਿੰਗ ਅਫਸਰ ਨਿਯੁਕਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਪਠਾਨਕੋਟ ਦੇ ਲੋਕ ਸਭਾ ਹਲਕੇ ਵਿਚ ਕੁੱਲ 493494 ਵੋਟਰ ਹਨ, ਜਿੰਨ੍ਹਾਂ ਵਿਚੋਂ 261808 ਮਰਦ, 231678 ਔਰਤਾਂ, 8 ਕਿੰਨਰ, 15031 ਨੌਜਵਾਨ (18-19 ਸਾਲ), 3805 ਦਿਵਿਆਂਗ ਵੋਟਰ, 101 ਪ੍ਰਵਾਸੀ ਭਾਰਤੀ ਅਤੇ 9258 ਸੀਨੀਅਰ ਸਿਟੀਜਨ/80+ ਵੋਟਰ ਹਨ । ਸਰਵਿਸ ਵੋਟਰਾਂ ਦੀ ਗਿਣਤੀ 8708 ਹੈ। ਪੋਲਿੰਗ ਕਰਵਾਉਣ ਲਈ ਜ਼ਿਲੇ ਵਿਚ ਕੁੱਲ 568 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਚੋਣਾਂ ਵਿਚ ਦਿਵਿਆਂਗ ਵੋਟਰਾਂ, ਸੀਨੀਅਰ ਸਿਟੀਜ਼ਨਾਂ/85 ਸਾਲ ਦੇ ਵੋਟਰਾਂ ਨੂੰ ਪੋਸਟਲ ਬੈਲਟ ਦੀ ਸੁਵਿਧਾ ਦਿੱਤੀ ਜਾਵੇਗੀ। ਪਿਛਲੀਆਂ ਲੋਕ ਸਭਾ ਚੋਣਾਂ, 2019 ਮੌਕੇ 73153 ਫ਼ੀਸਦੀ ਵੋਟਾਂ ਪਈਆਂ ਸਨ। ਉਨ੍ਹਾਂ ਦੱਸਿਆ ਕਿ ਅਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਲਈ ਪੋਲਿੰਗ ਸਟੇਸ਼ਨਵਾਈਜ਼ Vulnerable Mapipng ਕਰਵਾਈ ਗਈ ਹੈ । ਉਨ੍ਹਾਂ ਇਸ ਮੋਕੇ ਲੋਕ ਸਭਾ ਚੋਣਾਂ ਦੋਰਾਨ ਵੱਖ ਵੱਖ ਤਰ੍ਹਾਂ ਦੀ ਪਰਮਿਸਨਾਂ ਤੇ ਵੀ ਰੋਸਨੀ ਪਾਈ। ਉਨ੍ਹਾਂ ਦੱਸਿਆ ਕਿ ਚੋਣਾਂ ਦੇ ਪ੍ਰੋਸੈਸ ਦੀ ਨਿਗਰਾਨੀ ਲਈ ਵੱਖ ਵੱਖ ਟੀਮਾਂ ਸਥਾਪਤ ਕਰ ਦਿੱਤੀਆ ਗਈਆਂ ਹਨ। ਇਹ ਟੀਮਾਂ, ਨਕਦੀ, ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਵਾਲੀਆਂ ਗੱਡੀਆਂ ਦੀ ਖੋਜ ਕਰਨਗੀਆਂ। ਲੋਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਪੈਸਾ ਇੱਧਰ-ਉੱਧਰ ਲੈ ਕੇ ਜਾਣਾ ਚਾਹੁੰਦੇ ਹਨ ਤਾਂ ਇਹ ਡਿਮਾਂਡ ਡਰਾਂਫਟਾਂ, ਟਰੈਵਲਰ ਚੈਕਸ ਜਾਂ ਅਜਿਹੇ ਕਿਸੇ ਰੂਪ ਵਿਚ ਲੈ ਕੇ ਜਾਣ। ਨਕਦੀ ਲੈ ਕੇ ਜਾਣ ਤੋ ਗੁਰੇਜ਼ ਕੀਤਾ ਜਾਵੇ, ਕਿਉਂਕਿ ਇਹ ਜਬਤ ਹੋ ਸਕਦੀ ਹੈ। ਕੀਤੀਆਂ ਗਈਆਂ ਸਾਰੀਆਂ ਖੋਜਾਂ ਦੀ ਵੀਡੀਓਗ੍ਰਾਫੀ ਕੀਤੀ ਜਾਵੇਗੀ।

# ਸਰਕਾਰੀ ਕਾਲਜ ਮਹੈਣ ਵਿੱਚ ਜਾਗਰੂਕਤਾ ਕੈਂਪ ਲਗਾਇਆ ਗਿਆ



ਸਰਕਾਰੀ ਕਾਲਜ ਮਹੈਣ ਵਿੱਚ ਪ੍ਰਿੰਸੀਪਲ ਗੀਤਾਂਜਲੀ ਸ਼ਰਮਾ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੀ ਸਕੀਮ ਕੈਰੀਅਰ ਕਾਊਸਲਿੰਗ ਅਤੇ ਸਕਿਲ ਡਿਵੈਲਪਮੈਂਟ ਅਧੀਨ ਵਿਦਿਆਰਥੀਆਂ ਲਈ ਜਾਗਰੁਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਡਾਕਟਰ ਜੇ ਐਸ ਕਹਿਲ ਅਤੇ ਸਮਾਜਿਕ ਮੁੱਦਿਆਂ ਤੇ ਲਿਖਣ ਅਤੇ ਕੰਮ ਕਰਨ ਵਾਲੇ ਐਡਵੋਕੇਟ ਕੁਲਦੀਪ ਚੰਦ ਮੈਂਬਰ ਜੁਵੇਨਾਇਲ ਜਸਟਿਸ ਬੋਰਡ ਵਿਸ਼ੇਸ ਤੋਰ ਤੇ ਪਹੁੰਚੇ। ਇਸ ਪ੍ਰੋਗਰਾਮ ਵਿੱਚ ਪ੍ਰੋਫੈਸਰ ਵਿਪਨ ਕੁਮਾਰ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਪ੍ਰੋਫੈਸਰ ਬੋਬੀ ਇੰਚਾਰਜ ਕੈਰੀਅਰ ਕਾਊਂਸਲਿੰਗ ਅਤੇ ਗਾਈਡੇਂਸ ਸੈੱਲ ਨੇ ਇਸ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ। ਡਾਕਟਰ ਜੇ ਐਸ ਕਹਿਲ ਨੇ ਦੱਸਿਆ ਕਿ ਡਾਕਟਰੀ ਪੇਸ਼ੇ ਵਿੱਚ ਸਫਲਤਾਪੂਰਬਕ ਕੰਮ ਕਰਨ ਦੇ ਨਾਲ ਹੀ ਪੱਤਰਕਾਰਤਾ ਵਿੱਚ ਐਮ ਏ ਕੀਤੀ ਹੈ ਅਤੇ ਹੁਣ ਪੀ ਐਚ ਡੀ ਕਰ ਰਹੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੱਤਰਕਾਰਤਾ ਦੇ ਕਿੱਤੇ ਦੀਆਂ ਖੂਬੀਆਂ ਦੱਸਦੇ ਹੋਏ ਜਰਨਲਿਜ਼ਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਮੀਡੀਆ ਦੀ ਸਾਰਥਿਕ ਭੂਮਿਕਾ ਅਤੇ ਵੱਖ ਵੱਖ ਮੁੱਦਿਆਂ ਦੀ ਅਹਿਮੀਅਤ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਸਮਾਰਟ ਫੋਨ ਅਤੇ ਸ਼ੋਸ਼ਲ ਮੀਡੀਆ ਨੇ ਹਰ ਵਿਅਕਤੀ ਨੂੰ ਹੀ ਪੱਤਰਕਾਰ ਬਣਾ ਦਿਤਾ ਹੈ। ਐਡਵੋਕੇਟ ਕੁਲਦੀਪ ਚੰਦ ਨੇ ਵੱਖ ਵੱਖ ਸਮਾਜਿਕ ਮੁੱਦਿਆਂ ਵਿਸ਼ੇਸ਼ ਤੋਰ ਤੇ ਨੌਜਵਾਨਾਂ ਅਤੇ ਵਿਦਿਆਰਥੀਆਂ ਨਾਲ ਜੁੜੇ ਮੁੱਦਿਆਂ ਬਾਰੇ ਦੱਸਿਆ। ਉਨ੍ਹਾਂ ਵੱਖ ਵੱਖ ਸਰਕਾਰੀ ਸਕੀਮਾਂ ਅਤੇ ਕਨੂੰਨਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਸਾਲ 1948 ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵ ਵਿਆਪੀ ਘੋਸ਼ਣਾ ਪੱਤਰ ਦੀ ਪ੍ਰਸਤਾਵਨਾ ਵਿੱਚ ਚਾਰ ਬੁਨਿਆਦੀ ਆਜ਼ਾਦੀਆਂ ਦੀ ਰੂਪਰੇਖਾ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਬੋਲਣ ਦੀ ਆਜ਼ਾਦੀ, ਵਿਸ਼ਵਾਸ ਦੀ ਆਜ਼ਾਦੀ, ਡਰ ਤੋਂ ਆਜ਼ਾਦੀ ਆਦਿ ਸ਼ਾਮਿਲ ਹੈ। ਬੋਲਣ ਦੀ ਆਜ਼ਾਦੀ ਪਹਿਲਾਂ ਆਉਂਦੀ ਹੈ ਕਿਉਂਕਿ ਇਹ ਬੁਨਿਆਦੀ ਆਜ਼ਾਦੀ ਹੈ ਜੋ ਬਾਕੀ ਸਾਰਿਆਂ ਨੂੰ ਅਜ਼ਾਦੀ ਦੇ ਸਮਰੱਥ ਬਣਾਉਂਦੀ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵੀ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਉਨ੍ਹਾਂ ਦੱਸਿਆ ਕਿ ਮੀਡੀਆ ਲੋਕਤੰਤਰ ਦਾ ਚੋਥਾ ਥੰਮ ਹੈ ਅਤੇ ਇੱਕ ਅਜਿਹਾ ਸ਼ੀਸ਼ਾ ਹੈ ਜੋਕਿ ਲੋਕਾਂ ਨੂੰ ਸਮਾਜ ਦੀ ਸਹੀ ਤਸਵੀਰ ਵਿਖਾਂਉਦਾ ਹੈ। ਮੀਡੀਆ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਆਜ਼ਾਦੀ ਹੈ। ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਮੀਡੀਆ ਅਦਾਰਿਆਂ ਤੇ ਵਪਾਰਿਕ ਘਰਾਣਿਆਂ ਅਤੇ ਰਾਜਨੇਤਾਵਾਂ ਦਾ ਕਬਜ਼ਾ ਅਤੇ ਕਈ ਮੀਡੀਆ ਕਰਮੀਆਂ ਦੀ ਨਾਕਾਰਤਮਕ ਸੋਚ ਅਤੇ ਕਾਰਜਪ੍ਰਣਾਲੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ ਅਤੇ ਖੋਜੀ ਪੱਤਰਕਾਰਿਤਾ ਦੇ ਨਾਮ ਤੇ ਪੀਲੀ ਅਤੇ ਨੀਲੀ ਪੱਤਰਕਾਰਿਤਾ ਖਤਰਨਾਕ ਹੈ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਸਾਡੇ ਸਭ ਲਈ ਖਤਰਨਾਕ ਸੰਕੇਤ ਹੈ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਅਤੇ ਰਾਜਨੇਤਾਵਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ ਜਿਸ ਬਾਰੇ ਸਰਕਾਰ ਅਤੇ ਸਮਾਜ ਨੂੰ ਗੰਭੀਰਤਾ ਨਾਲ ਸੋਚਣ ਦੀ ਜਰੂਰਤ ਹੈ। ਉਨ੍ਹਾਂ ਨੇ ਪੱਤਰਕਾਰਤਾ ਨਾਲ ਜੁੜੇ ਵੱਖ ਵੱਖ ਕਨੂੰਨਾਂ ਅਤੇ ਇਸ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਉਨ੍ਹਾਂ ਵਲੋਂ ਸਰਕਾਰੀ ਸਕੀਮਾਂ ਬਾਰੇ ਲਿਖੀ ਅਪਣੀ ਕਿਤਾਬ ''ਮੰਜ਼ਿਲ ਵੱਲ ਵਧਦੇ ਕਦਮ'' ਵੀ ਵਿਦਿਆਰਥੀਆਂ ਨੂੰ ਦਿਤੀ ਗਈ।

ਇਸ ਮੌਕੇ ਡਾਕਟਰ ਦਿਲਰਾਜ ਕੌਰ ਨੇ ਦੱਸਿਆ ਕਿ ਪੱਤਰਕਾਰਤਾ ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਮੁਸ਼ਕਿਲਾਂ ਸਰਕਾਰ ਤੱਕ ਪਹੁੰਚਾਣ ਲਈ ਭੂਮਿਕਾ ਨਿਭਾਂਉਦੀ ਹੈ। ਉਨ੍ਹਾਂ ਨੇ ਇਸ ਜਾਗਰੂਕਤਾ ਪ੍ਰੋਗਰਾਮ ਲਈ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀ ਮਨਪ੍ਰੀਤ ਕੌਰ, ਅਮਨਦੀਪ ਸਿੰਘ, ਰੀਆ, ਪ੍ਰੀਆ, ਸੋਨੀਆ, ਸੌਰਵ ਸਰਬਜੀਤ ਸੈਨ ਗੁਪਤਾ, ਕਾਜਲ, ਕੋਮਲ, ਜਗਦੀਪ ਕੌਰ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਰਮਨਦੀਪ, ਨਾਜੀਆ, ਜੋਤੀ, ਬੰਦਨਾ, ਅੰਜਲੀ, ਗਗਨਦੀਪ, ਵਰਿੰਦਰ ਆਦਿ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੁਆਰਾ ਉਨ੍ਹਾਂ ਨੂੰ ਪੱਤਰਕਾਰਤਾ ਦੇ ਪੇਸ਼ੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਹੋਈ ਹੈ। **-ਕੁਲਦੀਪ ਚੰਦ 9417563054**

# ਸਾਹਿਤ ਸਭਾ (ਰਜਿ:) ਜਲਾਲਾਬਾਦ (ਪੱ) ਵੱਲੋਂ ਕਰਵਾਇਆ ਗਿਆ ਰੂ-ਬ-ਰੂ ਅਤੇ ਸਨਮਾਨ ਸਮਾਗਮ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੀ ਜਲਾਲਾਬਾਦ




ਦੀ ਸਹਿਤ ਸਭਾ ਵੱਲੋਂ ਬੀਤੇ ਦਿਨ ਰੂ-ਬ-ਰੂ ਅਤੇ ਸਨਮਾਨ ਸਮਾਗਮ ਐਫੀਸ਼ੈਂਟ ਕਾਲਜ ਵਿਖੇ ਅਯੋਜਿਤ ਗਿਆ। ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਪੰਜਾਬ ਦੇ ਪ੍ਰਸਿੱਧ ਸਾਹਿਤਕਾਰ ਹਰਮੀਤ ਵਿਦਿਆਰਥੀ, ਹਰਦਰਸ਼ਨ ਨੈਬੀ, ਵਿਸ਼ੇਸ਼ ਮਹਿਮਾਨ ਸ਼੍ਰੀ ਰਜਿੰਦਰ ਕੁਮਾਰ ਵਿਖੌਨਾ ਸਟੇਟ ਅਤੇ ਨੈਸ਼ਨਲ ਐਵਾਰਡੀ ਪ੍ਰਿੰਸੀਪਲ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੋਚੜ ਕਲਾਂ), ਮੀਨਾ ਮਹਿਰੋਕ (ਸਾਹਿਤਕਾਰ), ਸਾਹਿਤ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ, ਸਰਪ੍ਰਸਤ ਪ੍ਰਕਾਸ਼ ਦੋਸ਼ੀ, ਪ੍ਰੋ. ਕੁਲਦੀਪ ਜਲਾਲਾਬਾਦੀ, ਖਜਾਨਚੀ ਨੀਰਜ ਛਾਬੜਾ ਸ਼ਾਮਿਲ ਸਨ। ਮੰਚ ਦਾ ਸੰਚਾਲਨ ਸਾਹਿਤ ਸਭਾ ਦੇ ਮੌਜੂਦਾ ਜਨਰਲ ਸਕੱਤਰ ਮੀਨਾ ਮਹਿਰੋਕ ਦੁਆਰਾ ਕੀਤਾ ਗਿਆ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ ਨੇ ਆਏ ਹੋਏ ਮੁੱਖ ਸਾਹਿਤਕਾਰਾਂ, ਵਿਸ਼ੇਸ਼ ਮਹਿਮਾਨਾਂ ਦਾ ਅਤੇ ਹਾਜ਼ਰ ਆਏ ਮੈਂਬਰਜ ਸਾਹਿਬਾਨ ਜੀ ਨੂੰ ਜੀ ਆਇਆ ਆਖਿਆ। ਸਭਾ ਦੇ ਸਾਬਕਾ ਪ੍ਰਧਾਨ ਪ੍ਰਵੇਸ਼ ਖੰਨਾ ਨੇ ਦੋਵਾਂ ਸਾਹਿਤਕਾਰਾਂ ਦੇ ਸਾਹਿਤਕ ਸਫ਼ਰ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਹਰਮੀਤ ਵਿਦਿਆਰਥੀ ਅਤੇ ਹਰਦਰਸ਼ਨ ਨੈਬੀ ਦੁਆਰਾ ਆਪਣੀਆਂ ਰਚਨਾਵਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੇ ਨਾਲ ਸਹਿਤਕਾਰਾਂ ਵੱਲੋਂ ਸਮਾਜ ਵਿੱਚ ਲੋਕਾਂ ਦੀ ਔਰਤ ਪ੍ਰਤੀ ਸੋਚ ਨੂੰ ਬਦਲਣ ਦਾ ਹੁੰਗਾਰਾ ਵੀ ਦਿੱਤਾ। ਗਾਇਕ ਅਤੇ ਗੀਤਕਾਰ ਹਰਦਰਸ਼ਨ ਨੈਬੀ ਦੁਆਰਾ ਆਪਣੀ ਸੁਰੀਲੀ ਆਵਾਜ਼ ਵਿੱਚ ਗਜ਼ਲਾਂ ਸੁਣਾਈਆਂ ਗਈਆਂ ਜਿਸ ਨਾਲ ਸਾਰੇ ਦਰਸ਼ਕ ਝੂਮ ਉੱਠੇ। ਹਰਮੀਤ ਵਿਦਿਆਰਥੀ ਜੀ ਨੇ ਸਾਹਿਤ ਤੇ ਕਵਿਤਾ ਬਾਰੇ ਚਰਚਾ ਕੀਤੀ। ਵਿਸ਼ੇਸ਼ ਮਹਿਮਾਨ ਸ਼੍ਰੀ ਰਜਿੰਦਰ ਕੁਮਾਰ ਵਿਖੌਣਾ ਜੀ ਨੇ ਜਿੱਥੇ ਸਾਹਿਤ ਸਭਾ ਵੱਲੋਂ ਇਸ ਕੀਤੇ ਗਏ ਉਪਰਾਲੇ ਨੂੰ ਸਲਾਹਿਆ ਉੱਥੇ ਹੀ ਉਹਨਾਂ ਨੇ ਆਪਣੀ ਮਿੱਠੀ ਆਵਾਜ਼ ਵਿੱਚ ਗੀਤ ਵੀ ਸੁਣਾਇਆ। ਇਸ ਮੌਕੇ ਆਏ ਹੋਏ ਮੁੱਖ ਸਾਹਿਤਕਾਰਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਸਮੇਂ ਮਦਨ ਲਾਲ ਦੂਮੜਾ ਜੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਰੋਸ਼ਨ ਲਾਲ ਅਸੀਜਾ, ਸੰਦੀਪ ਝਾਂਬ, ਪ੍ਰੀਤੀ ਬਬੂਟਾ, ਗੋਪਾਲ ਬਜਾਜ, ਕੁਲਦੀਪ ਬਰਾੜ, ਤੁਸ਼ਾਰ ਬਜਾਜ, ਸੁਖਪ੍ਰੀਤ ਬਰਾੜ, ਨਰਿੰਦਰ ਸਿੰਘ ਮੁੰਜਾਲ, ਰਜਿੰਦਰ ਸਿੱਧੂ, ਜਸਕਰਨਜੀਤ ਸਿੰਘ, ਬਲਬੀਰ ਸਿੰਘ ਰਹੇਜਾ, ਵਿਪਨ ਜਲਾਲਾਬਾਦੀ, ਅਰਚਨਾ ਗਾਬਾ, ਸੁਰੇਸ਼ ਗਾਬਾ, ਵਿਪਨ ਕੰਬੋਜ, ਸੁਖਪ੍ਰੀਤ ਕੌਰ, ਸੋਨੀਆ ਬਜਾਜ, ਸੂਬਾ ਸਿੰਘ ਨੰਬਰਦਾਰ, ਦੀਪਕ ਨਾਰੰਗ, ਦਵਿੰਦਰ ਕੁੱਕੜ, ਰਾਜੇਸ਼ ਪਰੂਥੀ, ਵਿਜੇ ਸ਼ਰਮਾ, ਸੰਤੋਸ਼ ਰਾਣੀ, ਚਮਕੌਰ ਸਿੰਘ ਅਤੇ ਸਾਹਿਤ ਮੰਚ ਗੁਰੂਹਰਸਹਾਏ ਅਤੇ ਸਾਹਿਤ ਸਭਾ ਮੁਕਤਸਰ ਦੇ ਮੈਂਬਰ ਸਾਹਿਬਾਨ ਹਾਜ਼ਰ ਰਹੇ।

# ਚੀਸੋਲੇ (ਮਾਨਤੋਵਾ) ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼-ਪੁਰਬ 24 ਮਾਰਚ ਨੂੰ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-**ਮਹਾਨ ਕ੍ਰਾਂਤੀਕਾਰੀ, ਇਨਕਲਾਬ ਦੇ ਮੋਢੀ, ਸ਼੍ਰੋਮਣੀ ਸੰਤ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਆਗਮਨ ਪੁਰਬ ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ ਸਮੂੰਹ ਸੰਗਤ ਦੇ ਸਹਿਯੋਗ ਨਾਲ 24 ਮਾਰਚ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਦਰਬਾਰ ਚੀਸੋਲੇ (ਮਾਨਤੋਵਾ) ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਜਾ ਰਿਹਾ ਹੈ। ਇਹ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਸ਼ਿਵਦਿਆਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਦਰਬਾਰ ਚੀਸੋਲੇ ਮਾਨਤੋਵਾ, ਮੋਹਨ ਲਾਲ ਸਮਰਾਏ ਅਤੇ ਜ. ਸਕੱਤਰ ਰਵਿੰਦਰ ਸਿੰਘ ਲਾਡੀ ਨੇ ਪ੍ਰੈਸ ਨਾਲ ਗਲਬਾਤ ਦੋਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਜਾਪ ਦੇ



ਭੋਗ ਉਪਰੰਤ ਵਿਸ਼ੇਸ਼ ਸਮਾਗਮ ਦਾ ਆਯੋਜਿਨ ਹੋਵੇਗਾ ਜਿਸ ਵਿਚ ਸ ਸਤਨਾਮ ਸਿੰਘ ਹੁਸੈਨਪੁਰੀ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।।ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਸਮਾਗਮ ਵਿਚ ਵੱਧ-ਚੜ ਕੇ ਸ਼ਿਰਕਤ ਕਰਨ। ਇਸ ਮੌਕੇ ਤੇ ਬੂਟਾ ਰਾਮ, ਕੁਲਵਿੰਦਰ ਝਮਟ, ਪ੍ਰਸ਼ੋਤਮ ਢੰਡਾ, ਸੋਹਣ ਲਾਲ, ਚਮਨ ਲਾਲ, ਸਤਨਾਮ ਸਿੰਘ, ਅਮਰੀਕ ਸਿੰਘ, ਰਾਮ ਲੁਭਾਇਆ, ਦੇਵ ਰਾਜ ਜੱਸਲ, ਨਵਦੀਪ ਸਿੰਘ ਆਦਿ ਨਾਲ ਸਨ।

# ਗਾਇਕ ਬੂਟਾ ਮਹੁੰਮਦ ਨੇ ਅਨੇਕਾਂ ਗੀਤਾਂ ਰਾਹੀ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਕੀਤਾ ਗੁਣਗਾਨ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-**ਸ਼੍ਰੋਮਣੀ ਸੰਤ, ਮਹਾਨ ਕ੍ਰਾਂਤੀਕਾਰੀ, ਸਮੱਚੀ ਮਾਨਵਤਾ ਦੇ ਮਸੀਹਾ, ਧੰਨ -ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਰੇਮੋਨਾ ਵਲੋ ਵੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਇਟਲੀ ਭਰ ਚੋਂ ਸੰਗਤਾਂ ਨੇ ਉਚੇਚੇ ਤੌਰ ਤੇ ਪਹੁੰਚ ਕੇ ਸ਼ਿਰਕਤ ਕੀਤੀ। ਸਮਾਗਮ ਤੋਂ ਇਕ ਦਿਨ ਪਹਿਲਾ ਅਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦੀ ਛਤਰ-ਛਾਇਆ ਹੇਠ ਨਗਰ ਕੀਰਤਨ ਵੀ ਸਜਾਇਆ ਗਿਆ। ਇਸ ਵਿਸ਼ਾਲ ਸਮਾਗਮ ਵਿਚ "ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਆਖੰਡ ਜਾਪ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਪ੍ਰਧਾਨ ਸ੍ਰੀ ਅਸ਼ਵਨੀ ਕੁਮਾਰ ਚੁੰਬਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਸਭਾ ਵਿਲੱਖਣ ਯੋਗਦਾਨ ਪਾ





ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਸਰਬ ਸਾਝੀਵਾਲਤਾ ਦਾ ਜੋ ਸੰਦੇਸ ਦਿੱਤਾ ਉਹ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਸਮੁੱਚੇ ਸਮਾਜ ਨੂੰ ਇਕਜੁੱਠ ਹੋਣ ਦੀ ਲੋੜ ਹੈ। ਇਸ ਮੌਕੇ ਜਿਥੇ ਵੱਖ-ਵੱਖ ਬੁਲਾਰਿਆਂ ਨੇ ਗੁਰਪੁਰਬ ਦੀ ਵਿਧਾਈ ਦਿੰਦਿਆਂ ਕਿਹਾ ਕਿ ਸਾਨੂੰ ਗੁਰਬਾਣੀ ਅਨੁਸਾਰ ਚਲ ਕੇ ਜੀਵਨ ਸਫਲ ਬਨਾਉਣਾ ਚਾਹੀਦਾ ਹੈ।ਉਪਰੰਤ ਪੰਜਾਬ ਤੋਂ ਉਚੇਚੇ ਤੌਰ ਤੇ ਪਹੁੰਚੇ ਵਿਸ਼ਵ ਪ੍ਰਸਿਧ ਗਾਇਕ ਬੂਟਾ ਮਹੁੰਮਦ ਨੇ ਆਪਣੀ ਬੁਲੰਦ ਅਵਾਜ ਵਿਚ "ਇਹ ਜਨਮ ਤੁਮਾਰੇ ਲੇਖੇ ਮਾਧੋ ਜਨਮ ਤੁਮਾਰੇ ਲੇਖੇ," ਨਾਲ ਸੁਰੂਆਤ ਕਰਕੇ" ਐਸੀ ਕਿਰਪਾ ਕਰੋ ਮਹਾਰਾਜ ਦਰਸ਼ਨ ਦੀਜੈ, ਮੈ ਕੰਮ ਘਰਦੇ ਕਰਦੀ ਆ, ਮੇਰੀ ਸੁਰਤ ਗੁਰਾਂ ਵੱਲ ਰਹਿੰਦੀ, ਮੈਂ ਗਾਵਾਂ ਸੰਗਤੇ ਮਹਿੰਮਾ ਆਪਣੇ ਗੁਰਾਂ ਦੀ, ਜਵਾਨੀ ਜੜਾਂ ਪੱਟਣ ਨੂੰ ਕਾਹਲੀ ਜਾਲਮ ਸਰਕਾਰ ਦੀਆਂ ਸਮੇਤ ਅਨੇਕਾਂ ਸ਼ਬਦਾ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿੰਮਾ ਦਾ ਗੁਣਗਾਨ ਕੀਤਾ।ਜਨਰਲ ਸਕੱਤਰ ਜਸਵਿੰਦਰ ਪਾਲ ਚੁੰਬਰ ਵਲੋ ਆਈਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਆਈਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਤੇ ਗੁਰਨਾਮ ਰੰਧਾਵਾ ਚੇਅਰਮੈਨ,,ਵਿਜੈ ਕਲੇਰ ਵਾਇਸ ਪ੍ਰਧਾਨ, ਸੋਮ ਦੱਤ ਖਜਾਨਚੀ, ਰੋਸ਼ਨ ਸਿੱਧੂ,ਹੀਰਾ ਲਾਲ, ਜਸਵੰਤ ਰਾਏ, ਰਵੀ ਔਜਲਾ,ਰਵੀ ਕੌਮੀ ਸਾਜੋ, ਵਿਸ,ਏਕਮ, ਰੂਪ ਲਾਲ, ਲਾਲ ਚੰਦ ਲਾਲੀ, ਪਾਠੀ ਪਰਲਾਦ ਬਖਲੌਰ, ਬੱਬੂ ਜਲੰ-ਧਰੀਆ, ਕਸ਼ਮੀਰ ਲਾਲ ਮਹਿੰਮੀ, ਕੈਲਾਸ਼ ਬੰਗੜ, ਅਮਰੀਕ ਲਾਲ ਦੋਲੀਕੇ ਬਰੇਸ਼ੀਆ, ਸ੍ਰੀ ਅਸ਼ੋਕ ਚੰਦੜ, ਪਾਰਮਾ ਆਦਿ ਹਾਜਰ ਸਨ।

# ਭਾਸ਼ਾ ਵਿਭਾਗ ਦਫ਼ਤਰ ਹੁਸ਼ਿਆਰਪੁਰ ਵਲੋਂ ਡਾ. ਗੁਰਪ੍ਰੀਤ ਧੁੱਗਾ ਦਾ ਵਿਸ਼ੇਸ਼ ਸਨਮਾਨ




ਅਮਰੀਕਾ ਦੇ ਸ਼ਹਿਰ ਕੈਲੈਫੋਰਨੀਆ ਵਿੱਚ ਬਤੌਰ ਡਾਕਟਰ ਸੇਵਾ ਨਿਭਾਅ ਰਹੇ ਅਤੇ ਪੰਜਾਬੀ ਨਾਵਲ ''ਚਾਲ਼ੀ ਦਿਨ'' ਰਾਹੀਂ ਚਰਚਾ ਵਿੱਚ ਆਏ ਡਾ. ਗੁਰਪ੍ਰੀਤ ਧੁੱਗਾ ਦਾ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਆਮਦ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਦੀ ਪ੍ਰਧਾਨਗੀ ਹੇਠ ਜੁੜੀ ਮੀਟਿੰਗ ਵਿੱਚ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ, ਮਦਨ ਵੀਰਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸ. ਹਰਦੇਵ ਸਿੰਘ ਆਸੀ ਹੁਰਾਂ ਨੇ ਭਾਗ ਲਿਆ। ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਲੋਂ ਡਾ. ਧੁੱਗਾ ਨੂੰ ਜੀ ਆਇਆਂ ਆਖਦਿਆਂ ਭਾਵਪੂਰਤ ਸਵਾਗਤ ਕੀਤਾ ਗਿਆ। ਉਪਰੰਤ ਡਾ. ਗੁਰਪ੍ਰੀਤ ਧੁੱਗਾ ਨੇ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਬੜੇ ਵਿਸਤਾਰ ਵਿੱਚ ਗੱਲ ਕਰਦਿਆਂ ਕਿਹਾ ਕਿ ਮੇਰੇ ਮਨ ਵਿੱਚ ਇਸ ਨਾਵਲ ਦੀ ਕਹਾਣੀ ਬੜੇ ਚਿਰ ਦੀ ਰਿੱਝ ਪੱਕ ਰਹੀ ਸੀ। ਮੈਂ ਚਾਹੁੰਦਾ ਸਾਂ ਕਿ ਇਸ ਨੂੰ ਕਿਸੇ ਐਸੇ ਸਾਹਿਤਕ ਰੂਪ ਵਿੱਚ ਪੇਸ਼ ਕੀਤਾ ਜਾਵੇ ਤਾਂ ਕਿ ਇਸ ਨਾਲ ਵੱਧ ਤੋਂ ਵੱਧ ਪਾਠਕ ਜੁੜਨ। ਇਹੋ ਉਦੇਸ਼ ਲੈ ਕੇ ਦੋ ਸਾਲ ਕੀਤੀ ਮਿਹਨਤ ਬਦੌਲਤ ਇਹ ਨਾਵਲ ਤੁਹਾਡੇ ਹੱਥਾਂ ਵਿੱਚ ਹੈ। ਇਸ ਚਰਚਾ ਨੂੰ ਹੋਰ ਵਿਸਤਾਰ ਦੇਣ ਲਈ ਮਦਨ ਵੀਰਾ, ਡਾ. ਜਸਵੰਤ ਰਾਏ ਨੇ ਡਾ. ਧੁੱਗਾ ਨੂੰ ਕਈ ਸਾਰੇ ਸਵਾਲ ਵੀ ਕੀਤੇ। ਉਨ੍ਹਾਂ ਕਿਹਾ ਕਿ ਇਸ ਨਾਵਲ ਨੇ ਲੋਕਧਾਰਕ ਸਮੱਗਰੀ ਰਾਹੀਂ ਪੰਜਾਬੀ ਪਾਠਕਾਂ ਦੀ ਗਿਣਤੀ ਵਿੱਚ ਇੱਕ ਨਰੋਆ ਵਾਧਾ ਕੀਤਾ ਹੈ।ਇਹੋ ਕਾਰਨ ਹੈ ਕਿ ਹੁਣ ਇਸ ਨਾਵਲ ਦਾ ਪੰਜਵਾਂ ਐਡੀਸ਼ਨ ਛਪ ਰਿਹਾ ਹੈ। ਲੋਕ ਕਥਾਵਾਂ, ਲੋਕ ਮੁਹਾਵਰੇ ਅਤੇ ਲੋਕ ਅਖਾਣਾਂ ਨਾਲ ਲਬਰੇਜ਼ ਇਸ ਨਾਵਲ ਦੀ ਕਹਾਣੀ ਨੇ ਵਿੱਚ ਸਭਿਆਚਾਰਕ ਕੀਮਤਾਂ ਦੇ ਨਾਲ ਨਾਲ ਇੱਕ ਸੁਚੱਜੇ ਅਤੇ ਸਹਿਜ ਜੀਵਨ ਵਰਤਾਰੇ ਨੂੰ ਬੜੀ ਗੰਭੀਰਤਾ ਨਾਲ ਬਿਆਨਿਆ ਹੈ। ਇਸ ਕਿਤਾਬ ਦੀ ਪੰਜਾਬੀ ਜਗਤ ਵਿੱਚ ਮਕਬੂਲੀਅਤ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਲੋਕ ਵਿਆਹ ਸ਼ਾਦੀਆਂ ਵਿੱਚ ਵਿਆਂਦੜਾਂ ਨੂੰ ਇਸ ਕਿਤਾਬ ਦਾ ਸ਼ਗਨ ਪਾ ਰਹੇ ਹਨ। ਸੋ ਚਾਲ਼ੀ ਦਿਨ ਨਾਵਲ ਦਾ ਪੰਜਾਬੀ ਪਾਠਕ ਜਗਤ ਵਿੱਚ ਸਵਾਗਤ ਕਰਨਾ ਬਣਦਾ ਹੈ। ਵਿਚਾਰ ਚਰਚਾ ਵਿੱਚ ਭਾਗ ਲੈ ਕੇ ਜਸਬੀਰ ਧੀਮਾਨ ਅਤੇ ਹਰਦੇਵ ਆਸੀ ਹੁਰਾਂ ਨੇ ਵੀ ਨਿਗਰ ਵਾਧਾ ਕੀਤਾ। ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਵਲੋਂ ਡਾ. ਗੁਰਪ੍ਰੀਤ ਧੁੱਗਾ ਦਾ ਲੋਈ ਅਤੇ ਕਿਤਾਬਾਂ ਦਾ ਸੈੱਟ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਲੋਕ ਸਾਹਿਤ ਅਕਾਦਮੀ ਮੋਗਾ ਅਤੇ ਹੋਰ ਸਾਹਿਤਕ ਸੰਸਥਾਵਾਂ ਵੱਲੋਂ, ਸਾਧੂ ਸਿੰਘ ਸੰਘਾ ਦਾ ਨਾਵਲ 'ਗਰੀਨ ਕਾਰਡ' ਲੋਕ ਅਰਪਣ

## ਡਾ ਸੁਰਜੀਤ ਬਰਾੜ, ਕੇ ਐਲ ਗਰਗ, ਬਲਦੇਵ ਸੜਕਨਾਮਾ, ਗੁਰਮੀਤ ਕੰਡਿਆਲਵੀ, ਅਸ਼ੋਕ ਚਟਾਨੀ, ਗੁਰਚਰਨ ਸਿੰਘ ਸੰਘਾ ਨੇ ਲਿਆ ਹਿੱਸਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**




**ਫਰਿਜਨੋ (ਕੈਲੀਫੋਰਨੀਆਂ)–** ਸਥਾਨਿਕ ਲੇਖਕ ਅਤੇ ਇੰਡੋ ਯੂ. ਐਸ. ਹੈਰੀਟੇਜ਼ ਦੇ ਕਨਵੀਨਰ ਸਾਧੂ ਸਿੰਘ ਸੰਘਾ ਪਿਛਲੇ ਦਿਨੀ ਆਪਣੀ ਪੰਜਾਬ ਫੇਰੀ ਤੇ ਗਏ, ਇੱਥੇ ਮੋਗਾ ਵਿਖੇ ਇੱਕ ਸਹਿਤਕ ਸਮਾਗਮ ਵਿੱਚ ਉਹਨਾਂ ਸ਼ਿਰਕਤ ਕੀਤੀ ਗਈ। ਇਸ ਸਮਾਗਮ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਲੋਕ ਸਹਿਤ ਅਕਾਦਮੀ ਮੋਗਾ ਦੀਆਂ ਸਮੂਹ ਸਹਿਤਕ ਸੰਸਥਾਵਾਂ ਅਤੇ ਐਨ. ਆਰ ਆਈਜ਼ ਵੀਰਾਂ ਦੇ ਸਹਿਯੋਗ ਨਾਲ ਇੱਕ ਸਹਿਤਕ ਸਮਾਗਮ ਮੋਗਾ ਦੇ ਸੁਤੰਤਰਤਾ ਸੰਗਰਾਮੀ ਭਵਨ ਵਿਖੇ ਕਰਵਾਇਆ ਗਿਆ। ਇਸ ਸਹਿਤਕ ਸਮਾਗਮ ਵਿੱਚ ਲਿਖਾਰੀ ਸਭਾ, ਮਹਿੰਦਰ ਸਿੰਘ ਸਾਥੀ ਯਾਦਗਾਰੀ ਮੰਚ,ਲੋਹਮਣੀ ਅਦਾਰਿਆਂ ਨਾਲ ਸਬੰਧਤ ਅਹੁੱਦੇਦਾਰ ਸਹਿਤਕਾਰ ਸ਼ਾਮਲ ਹੋਏ। ਸਹਿਤਕ ਸਮਾਗਮ ਦੇ ਪ੍ਰਧਾਨਗੀ ਮੰਗਲ ਵਿੱਚ ਕੇ। ਐਲ। ਗਰਗ, ਬਲਦੇਵ ਸਿੰਘ ਸ਼ੜਕਨਾਮਾ, ਗੁਰਚਰਨ ਸਿੰਘ ਚਿੰਤਕ (ਕਨੇਡਾ), ਸਾਧੂ ਸਿੰਘ ਸੰਘਾ (ਯੂ. ਐਸ. ਏ.),ਬਲਦੇਵ ਸਿੰਘ ਬੁੱਧ ਸਿੰਘ ਵਾਲਾ(ਹਾਂਕਾਂਗ), ਡਾ. ਸੁਰਜੀਤ ਸਿੰਘ ਬਰਾੜ ਤੇ ਗੁਰਚਰਨ ਸਿੰਘ ਸੰਘਾ ਸ਼ਾਮਲ ਸਨ।

ਮੰਚ ਸੰਚਾਲਨ ਚਰਨਜੀਤ ਸਮਾਲਸਰ ਨੇ ਕੀਤਾ। ਸਮਾਗਮ ਦੀ ਅਰੰਭਤਾ ਦਰਸ਼ਨ ਸਿੰਘ ਸੰਘਾ ਤੇ ਰਣਜੀਤ ਸਰਾਂਵਾਲੀ ਦੀਆਂ ਰਚਨਾਵਾਂ ਨਾਲ ਹੋਇਆ। ਡਾ. ਸੁਰਜੀਤ ਸਿੰਘ ਬਰਾੜ ਨੇ ਸਾਧੂ ਸਿੰਘ ਸੰਘਾ (ਯੂ. ਐਸ. ਏ.) ਦੇ ਨਾਵਲ ਗਰੀਨ ਕਾਰਡ ਤੇ ਅਲੋਚਨਾਮਕ ਪੇਪਰ ਪੜਿਆ, ਜਿਸ ਰਾਹੀ ਪ੍ਰਵਾਸੀਆ ਦੇ ਜੀਵਨ ਸਬੰਧੀ ਅਲੋਚਨਾਮਕ ਵਿਚਾਰ ਪੇਸ਼ ਕੀਤੇ। ਪ੍ਰਵਾਸ ਦੇ ਕਾਰਨ ਗੈਰ ਕਨੂੰਨੀ ਪ੍ਰਵਾਸੀਆ ਦੇ ਜੀਵਨ ਸਬੰਧੀ ਖੁਲ੍ਹਕੇ ਵਿਚਾਰ ਚਰਚਾ ਹੋਈ। ਇਸ ਮੌਕੇ ਕੇ. ਐਲ ਗਰਗ ਨੇ ਕਿਹਾ ਕਿ ਚੇਤਨਤਾ ਰੱਖਣ ਵਾਲੇ ਲੇਖਕਾਂ ਨੂੰ ਵੱਧ ਰਹੇ ਪ੍ਰਵਾਸ ਬਾਰੇ ਸੋਚਣ ਦੀ ਲੋੜ ਹੈ। ਬਲਦੇਵ ਸਿੰਘ ਸ਼ੜਕਨਾਮਾਂ ਨੇ ਕਿਹਾ ਕਿ ਪ੍ਰਵਾਸ ਤੋਂ ਗਰੀਨ ਕਾਰਡ ਤੱਕ ਦਾ ਸਫ਼ਰ ਬੜਾ ਪਚੀਦਾ ਤੇ ਜੋਖ਼ਮ ਭਰਪੂਰ ਹੁੰਦਾ ਹੈ। ਉਹਨਾਂ ਕਿਹਾ ਕਿ ਜਿਹੜੇ ਸੱਜਣ ਗਰੀਨ ਕਾਰਡ ਪ੍ਰਾਪਤ ਕਰ ਲੈਂਦੇ ਨੇ, ਉਹ ਨਵੇਂ ਪ੍ਰਵਾਸੀਆਂ ਦਾ ਸ਼ੋਸ਼ਣ ਕਰਦੇ ਨੇ।ਸਰਕਾਰਾਂ ਨੂੰ ਵੀ ਗੈਰਕਨੂੰਨੀ ਤਰੀਕੇ ਨਾਲ ਬਾਹਰ ਭੇਜਣ ਵਾਲੇ ਏਜੰਟਾਂ ਨਾਲ ਸ਼ਖਤੀ ਨਾਲ ਨਜਿੱਠਣਾ ਚਾਹੀਦਾ ਹੈ। ਗੁਰਮੀਤ ਕੜਿਆਣਵੀ ਨੇ ਕਿਹਾ ਕਿ ਵੱਧ ਰਿਹਾ ਪ੍ਰਵਾਸ ਚਿੰਤਾ ਦਾ ਵਿਸ਼ਾ ਹੈ, ਇਸ ਚਰਚਾ ਹੋਣੀ ਬਣਦੀ ਹੈ। ਗੁਰਚਰਨ ਸਿੰਘ ਸੰਘਾ ਨੇ ਕਿਹਾ ਕਿ ਪ੍ਰਵਾਸ ਸਬੰਧੀ ਕੇਂਦਰ ਤੇ ਰਾਜ ਸਰਕਾਰਾਂ ਨੂੰ ਰਲਕੇ ਕੋਈ ਠੋਸ ਸਕੀਮ ਲਿਆਉਣੀ ਚਾਹੀਦੀ ਹੈ।

ਸਾਧੂ ਸਿੰਘ ਸੰਘਾ (ਯੂ. ਐਸ. ਏ.) ਨੇ ਲੇਖਕਾਂ ਦੇ ਰੂਬਰੂ ਹੁੰਦਿਆਂ ਨਾਵਲ ਗਰੀਨ ਕਾਰਡ ਦੇ ਲਿਖਣ ਦੇ ਮੁੱਖ ਕਾਰਨ ਬਾਰੇ ਬੋਲਦਿਆਂ ਕਿਹਾ ਕਿ, ਰੋਜੀ ਰੋਟੀ ਲਈ ਆਪਣਾ ਦੇਸ਼ ਛੱਡਕੇ, ਆਪਣੇ ਚੰਗੇ ਭਵਿੱਖ ਲਈ ਡੌਂਕੀ ਲਾਕੇ ਏਜੰਟਾਂ ਦੇ ਧੱਕੇ ਚੜਕੇ ਪ੍ਰਦੇਸ ਗਏ ਲੋਕਾਂ ਤੋਂ ਉਹਨਾਂ ਨੂੰ ਇਹ ਨਾਵਲ ਲਿਖਣ ਦੀ ਪ੍ਰੇਰਨਾਂ ਮਿਲੀ। ਉਹਨਾਂ ਵਿਦੇਸ਼ਾਂ ਵਿੱਚ ਭੇਜੇ ਜਾ ਰਹੇ ਨੌਜਵਾਨਾਂ ਦੀ ਜ਼ਿੰਦਗੀ, ਅਤੇ ਵਿਦੇਸ਼ ਵਿੱਚ ਆਪਣੇ ਨਿੱਜ਼ੀ ਤਜਰਬੇ ਨੂੰ ਮੁੱਖ ਰੱਖਕੇ ਪ੍ਰਵਾਸ ਕਰਨ ਵਾਲੇ ਨੌ-ਜਵਾਨਾਂ ਨੂੰ ਸੁਚੇਤ ਕਰਨ ਦਾ ਨਿੱਕਾ ਜਿਹਾ ਉਪਰਾਲਾ ਕੀਤਾ ਹੈ। ਲੇਖਕ ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਕਾਂਗ) ਨੇ ਆਪਣੇ ਨਾਵਲ ਜੰਗੀ ਕੈਦੀ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ। ਇਸ ਸਹਿਤਕ ਸਮਾਗਮ ਵਿੱਚ ਜਸਪਾਲ ਸਿੰਘ ਬਿਲਾਸਪੁਰ (ਯੂਐ-ਸਏ), ਕਰਨਲ ਬਾਬੂ ਸਿੰਘ, ਪਰਮਜੀਤ ਸਿੰਘ ਚੂਹੜਚੱਕ, ਅਮਰ ਸੂਫ਼ੀ , ਲਾਲ ਸਿੰਘ ਸੁਲਹਾਣੀ, ਨਵਨੀਤ ਸਿੰਘ ਸੇਖੋਂ, ਮਾਸਟਰ ਪ੍ਰੇਮ ਕੁਮਾਰ, ਕਰ-ਮਜੀਤ ਕੌਰ ਲੰਡੇਕੇ, ਗਿਆਨ ਸਿੰਘ ਸਾਬਕਾ ਡੀ.ਪੀ. ਆਰ. ਓ।, ਜੰਗੀਰ ਖੋਖਰ, ਹਰਭਜਨ ਸਿੰਘ ਧਨੌਲਾ (ਯੂਐਸਏ), ਗੁਰਚਰਨ ਸਿੰਘ ਅਤਰ ਸਿੰਘ ਵਾਲਾ, ਰਛਪਾਲ ਸਿੰਘ ਬੁੱਧ ਸਿੰਘ ਵਾਲਾ, ਦਿਲਬਾਗ ਸਿੰਘ, ਇਕਬਾਲ ਸਿੰਘ ਬੁੱਕਣਵਾਲਾ, ਦਲਜੀਤ ਸਿੰਘ, ਇਕਬਾਲ ਸਿੰਘ, ਦਲਜੀਤ ਸਿੰਘ, ਅੰਮ੍ਰਿਤਪਾਲ ਕੌਰ ਰਾਮੂੰਆਣਾ, ਪਰਮਜੀਤ ਕੌਰ, ਡਾ. ਸੁਰਜੀਤ ਬਰਾੜ, ਮੋਹੀ ਅਮਰਜੀਤ, ਹਰਭਜਨ ਸਿੰਘ ਨਾਗਰਾ, ਬਲਜਿੰਦਰ ਸਿੰਘ, ਗੁਰਤੇਜ ਸਿੰਘ, ਗਿਆਨ ਸਿੰਘ ਮੋਗਾ, ਹਰਮੰਦਰ ਸਿੰਘ ਮੋਗਾ, ਸੁਖਦੇਵ ਸਿੰਘ, ਮਾਸਟਰ ਆਤਮਾ ਸਿੰਘ ਚੜਿੱਕ, ਸੋਨੀ ਮੋਗਾ, ਤਰੁਣ ਮਦਨ, ਕਿਰਨਦੀਪ ਕੌਰ, ਤੇਜ ਸਿੰਘ ਸੰਘਾ, ਰਛਪਾਲ ਸਿੰਘ ਚੰਨਾਆਣਾ, ਹਰਦੇਵ ਸਿੰਘ ਦੁਸਾਂਝ, ਮਾਸਟਰ ਗੁਰਨਾਮ ਸਿੰਘ, ਗੁਰਦੇਵ ਸਿੰਘ ਬਰਾੜ ਆਦਿ ਸ਼ਾਮਲ ਸਨ।

# ਗਾਇਕ ਪੰਮਾ ਲਧਾਣਾ ਨੂੰ ਸਦਮਾ, ਸੱਸ ਮਾਂ ਦਾ ਦਿਹਾਂਤ



**ਮਿਲਾਨ (ਇਟਲੀ), (ਟੇਕਚੰਦ ਜਗਤਪੁਰ)–** ਇਟਲੀ ਦੇ ਪ੍ਰਸਿੱਧ ਗਾਇਕ ਪੰਮਾ ਲਧਾਣਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨਾਂ ਦੇ ਸੱਸ ਮਾਂ ਦਾ ਅਚਾਨਕ ਦਿਹਾਂਤ ਹੋ ਗਿਆ। ਉਹ 64 ਵਰਿਆਂ ਦੇ ਸਨ।ਉਹ ਪਿਛਲੇ 6ਸਾਲਾਂ ਤੋਂ ਇਟਲੀ ਦੇ ਜਿਲ੍ਹਾ ਰਿ-ਜੋਇਮੀਲੀਆ ਦੇ ਪਿੰਡ ਸਨਮਰਤੀਨੋ ਵਿਖੇ ਰਹਿ ਰਹੇ ਸਨ। ਉਹ ਜਿਲਾ ਹੁਸ਼ਿਆਰਪੁਰ ਦੇ ਪਿੰਡ ਭੂੰਨੋ ਨੇੜੇ ਮਾਹਿਲਪੁਰ ਨਾਲ ਸਬੰਧਿਤ ਸਨ।

ਉਹ ਬੀਤੇ ਦਿਨੀ ਗੁਰਪੁਰਬ ਦੇ ਸਬੰਧ ਵਿਚ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਸ਼ਾਮਲ ਹੋਏ ਸਨ ਸਮਾਗਮ ਦੀ ਸਮਾਪਤੀ ਉਪਰੰਤ ਜਦੋਂ ਘਰ ਪਹੁੰਚਦਿਆਂ ਹੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਨੂੰ ਨਤਮਸਤਕ ਹੋਣ ਉਪਰੰਤ ਪ੍ਰਾਣ ਤਿਆਗ ਦਿੱਤੇ। ਉਨ੍ਹਾਂ ਦੇ ਅਚਾਨਕ ਤੁਰ ਜਾਣ ਨਾਲ ਲਧਾਣਾ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਰੀਜੋਇਮੀਲੀਆ ਨੇ ਇਸ ਦੁੱਖ ਦੀ ਘੜੀ ਚ ਸ਼ਰੀਕ ਹੁੰਦਿਆ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਜੀ ਦੀ 36ਵੀਂ ਬਰਸੀ 24 ਮਾਰਚ ਨੂੰ ਦਾਣਾ ਮੰਡੀ ਫਗਵਾੜਾ ਵਿਖੇ ਮਨਾਈ ਜਾਵੇਗੀ



**ਕੈਨੇਡਾ /ਵੈਨਕੂਵਰ ( ਕੁਲਦੀਪ ਚੁੰਬਰ )–** ਬੀਬੀ ਅਮਰਜੋਤ ਅਤੇ ਚਮਕੀਲਾ ਜੀ ਟਰੱਸਟ ਅਤੇ ਗੁਰਮੀਤ ਮਹਿਮੀ ਫਗਵਾੜਾ ਜੀ ਅਤੇ ਜੈਮਨ ਚਮਕੀਲਾ ਜੀ ਰਹਿਨੁਮਾਈ ਹੇਠ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਜੀ ਦੀ 36ਵੀ ਬਰਸੀ 24 ਮਾਰਚ 2024 ਦਿਨ ਐਤਵਾਰ ਨੂੰ ਫਗਵਾੜਾ ਦਾਣਾ ਮੰਡੀ ਵਿਖੇ ਮਨਾਈ ਜਾਵੇਗੀ। ਇਸ ਬਾਰੇ ਗੱਲ ਕਰਦਿਆ ਅਮਨ ਫੁੱਲਾਂਵਾਲ ਤੇ ਸੂਬਾ ਉਦੇਸੀਆਂ, ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਮੇਲੇ ਦੋਰਾਨ ਦੁਨੀਆਂ ਤੇ ਅਮਰ ਇਸ ਜੋੜੀ ਨੂੰ ਸੱਚੀ ਸੁੱਚੀ ਸਰਧਾਂਜਲੀ ਭੇਟ ਕੀਤੀ ਜਾਵੇਗੀ।

ਇਸ ਮੌਕੇ ਮਹਾਨ ਗਾਇਕ ਮੁਹੰਮਦ ਸਦੀਕ, ਇੰਟਰਨੈਸ਼ਨਲ ਗਾਇਕ ਬਲਕਾਰ ਅਣਖੀਲਾ ਮਨਜਿੰਦਰ ਗੁਲਸ਼ਨ ਅਮਰ ਅਰਸੀ ਨਰਿੰਦਰ ਜੋਤ, ਰਣਜੀਤ ਮਣੀ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਚਮਕ ਚਮਕੀਲਾ ਅਮਰ ਪ੍ਰੀਤ, ਕਿੱਕਰ ਡਾਲੇਵਾਲਾ, ਰਾਏ ਜੁਝਾਰ, ਅਵਤਾਰ ਚਮਕ ਤੇ ਜੋਤੀ ਕੋਹਿਨੂਰ, ਰੂਪ ਘਾਰੂ ਤੇ ਅਮਨਜੋਤ, ਹਰਨੇਕ ਘਾਰੂ ਤੇ ਜਸ਼ਨ ਧਾਲੀਵਾਲ, ਗੀਤਾ ਬਾਲੀ ਜੀ ਤੇ ਅਨਮੋਲ ਵਿਰਕ, ਦਲਵਿੰਦਰ ਦਿਆਲਪੁਰੀ, ਸੂਬਾ ਉਦੇਸੀਆ ਵਾਲਾਂ (ਆਦਮਪੁਰ ਦੋਆਬਾ) ਸੰਜੀਵ ਭੁੱਲਾਰਾਈ ਆਦਿ ਗਾਇਕ ਕਲਾਕਾਰ ਆਪਣੀ ਹਾਜ਼ਰੀ ਭਰਨਗੇ।ਮੇਲੇ ਵਿੱਚ ਚਮਕੀਲਾ ਜੀ ਦੇ ਗੀਤਕਾਰ ਤੇ ਉਨ੍ਹਾ ਦੇ ਸਾਥੀਆ ਅਤੇ ਸਾਜੀਆ ਨੂੰ ਵਿਸ਼ੇਸ ਸਨਮਾਨ ਕੀਤਾ ਜਾਵੇਗਾ।

# ਨਵੇਂ ਨਾਇਬ ਤਹਿਸੀਲਦਾਰ ਮੈਡਮ ਮਨੀ ਮਹਾਜਨ ਨੇ ਅਹੁਦਾ ਸੰਭਾਲਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਲੋਕ ਸਭਾ ਦੀਆਂ ਚੋਣਾਂ ਨੂੰ ਦੇਖਦਿਆਂ ਪ੍ਰਸ਼ਾਸਨਿਕ ਬਦਲੀਆਂ ਵੱਡੇ ਪੱਧਰ 'ਤੇ ਹੋਈਆਂ ਹਨ ਜਿਸ ਦੇ ਤਹਿਤ ਬੰਗਾ ਦੇ ਨਵੇਂ ਨਾਇਬ ਤਹਿਸੀਲਦਾਰ ਮੈਡਮ ਮਨੀ ਮਹਾਜਨ ਜਲੰਧਰ ਤੋਂ ਬਦਲ ਕੇ ਇਥੇ ਬੰਗਾ ਆਏ ਹਨ ਜਿਨ੍ਹਾਂ ਨੇ ਅੱਜ ਆਪਣਾ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਮੈਡਮ ਮਨੀ ਮਹਾਜਨ ਨਾਇਬ ਤਹਿਸੀਲਦਾਰ ਬੰਗਾ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੇ ਤਹਿਸੀਲ ਨਾਲ ਸਬੰਧਤ ਕੰਮ ਹਰੇਕ ਪਹਿਲੂ ਨੂੰ ਧਿਆਨ ਰੱਖਦਿਆਂ ਪਹਿਲ ਦੇ ਆਧਾਰ ਤੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਨੂੰ ਪੂਰਾ ਧਿਆਨ ਵਿੱਚ ਰੱਖਿਆ ਜਾਵੇਗਾ। ਮੈਡਮ ਮਹਾਜਨ ਨੇ ਅੱਗੇ ਕਿਹਾ ਕਿ ਸੀਨੀਅਰ ਸਿਟੀਜਨ ਦੇ ਕੰਮ ਪਹਿਲ ਦੇ ਆਧਾਰ ਤੇ ਕੀਤੇ ਜਾਣਗੇ। ਇਸ ਮੌਕੇ ਤਹਿਸੀਲਦਾਰ ਹਰਮਿੰਦਰ ਸਿੰਘ ਤੋਂ ਇਲਾਵਾ ਆਰ ਸੀ ਪ੍ਰਭਜੋਤ ਸਿੰਘ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਜਿਲ੍ਹਾ ਅਜੈ ਮੰਗੂਪੁਰ ਨੇ ਕੀਤਾ ਪਿੰਡ ਮੋਹਰ ਵਿਖੇ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ



**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਦਿਨੀ ਹਲਕਾ ਬਲਾਚੌਰ ਦੇ ਪਿੰਡ ਮੋਹਰ ਵਿਖੇ ਗ੍ਰਾਮ ਪੰਚਾਇਤ ਮੋਹਰ ਅਤੇ ਬਾਬਾ ਨਿਹਾਲ ਸ਼ਾਹ ਸਪੋਰਟਸ ਕਲੱਬ ਵਲੋਂ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਅਜੈ ਮੰਗੂਪੁਰ ਜਿਲ੍ਹਾ ਪ੍ਰਧਾਨ ਕਾਂਗਰਸ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਅਜੈ ਮੰਗੂਪੁਰ ਵਲੋਂ ਸੰਬੋਧਨ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਾਡੇ ਬੱਚਿਆਂ ਦੇ ਵਧੀਆ ਭਵਿੱਖ ਨੂੰ ਸਿਰਜਣ ਵਿੱਚ ਸਹਾਈ ਹੁੰਦੇ ਹਨ। ਉਹਨਾਂ ਵਲੋਂ ਟੀਮਾਂ ਅਤੇ ਖਿਡਾਰੀਆਂ ਦਾ ਪ੍ਰੋਤਸਾਹਨ ਕੀਤਾ ਗਿਆ। ਇਸ ਮੌਕੇ ਮੰਗੂਪੁਰ ਜਿਲ੍ਹਾ ਪ੍ਰਧਾਨ ਕਾਂਗਰਸ ਸ਼ਹੀਦ ਭਗਤ ਸਿੰਘ ਨਗਰ, ਨਵੀਨ ਆਦੋਆਣਾ ਸਟੇਟ ਕੋਆਰਡੀਨੇਟਰ ਓ ਬੀ ਸੀ ਸੈਲ ਪੰਜਾਬ, ਸਰਪੰਚ ਮਲਕੀਤ ਸਿੰਘ ਧੌਲ ਮੀਤ ਪ੍ਰਧਾਨ ਬਲਾਕ ਕਮੇਟੀ ਬਲਾਚੌਰ, ਦਾਰਾ ਸਿੰਘ ਮੋਹਰ, ਸਰਪੰਚ ਰਾਜਪਾਲ, ਸਾਬਕਾ ਸਰਪੰਚ ਹਰਦੇਵ ਸਿੰਘ, ਦੀਦਾਰ ਸਿੰਘ, ਪ੍ਰਧਾਨ ਨਾਹਰ ਸਿੰਘ, ਫੌਜੀ ਪਰਮਜੀਤ ਸਿੰਘ, ਮਨਦੀਪ ਸਿੰਘ, ਚਰਨਜੀਤ ਸਿੰਘ, ਹੈਪੀ, ਸ਼ਿੰਦਾ, ਮਦਨ ਲਾਲ ਟੀਹਰਾ ਤੇ ਮੋਹਣ ਲਾਲ ਆਦਿ ਹਾਜ਼ਰ ਸਨ।

# ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਜਨਮ ਦਿਵਸ ਮਨਾਇਆ ਗਿਆ



ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਵਲੋਂ ਡੀ ਐਸ-4, ਬਾਮਸੇਫ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਜਨਮ ਦਿਵਸ ਜਨਮ ਸਥਾਨ ਪਿੰਡ ਪ੍ਰਿਥੀਪੁਰ ਬੁੰਗਾ ਜਿਲ੍ਹਾ ਰੂਪਨਗਰ ਵਿੱਚ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਆਗੂਆਂ ਆਦਿ ਦੀ ਅਗਵਾਈ ਵਿੱਚ ਮਨਾਇਆ ਗਿਆ। ਫਾਂਉਡੇਸ਼ਨ ਚੇਅਰਪਰਸਨ ਸਵਰਨ ਕੌਰ ਅਤੇ ਐਡਵੋਕੇਟ ਲਖਵੀਰ ਸਿੰਘ ਦੀ ਅਗਵਾਈ ਵਿੱਚ ਵੱਖ ਵੱਖ ਆਗੂਆਂ ਅਤੇ ਵਰਕਰਾਂ ਨੇ ਮਿਲਕੇ ਸਾਹਿਬ ਕਾਂਸ਼ੀ ਰਾਮ ਦੇ ਬੁੱਤ ਤੇ ਫੁੱਲਾਂ ਦੇ ਹਾਰ ਪਾਕੇ ਸ਼ਰਧਾਂਜ਼ਲੀ ਭੇਂਟ ਕੀਤੀ। ਇਸ ਮੌਕੇ ਵੱਖ ਵੱਖ ਆਗੂਆਂ ਸਾਬਕਾ ਵਿਧਾਇਕ ਪਵਨ ਕੁਮਾਰ ਟਿਨੂੰ, ਤਰਸੇਮ ਸਹੋਤਾ, ਐਡਵੋਕੇਟ ਲਖਵੀਰ ਸਿੰਘ ਖੁਆਸਪੁਰਾ, ਕੁਲਦੀਪ ਚੰਦ ਦੋਭੇਟਾ, ਸਤਵਿੰਦਰ ਮਦਾਰਾ, ਮਾਸਟਰ ਜਗਦੀਸ਼ ਹਵੇਲੀ, ਗੁਰਮੁਖ ਸਿੰਘ ਢੋਲਣਮਾਜਰਾ, ਮੱਖਣ ਸਿੰਘ ਸੁਰਤਾਪੁਰ, ਪ੍ਰਭ ਦਿਆਲ ਸਾਬਕਾ ਮੈਂਬਰ ਅਨੁਸੂਚਿਤ ਜਾਤੀ ਅਯੋਗ, ਬਾਬਾ ਸੁਖਦੇਵ ਸਿੰਘ, ਸੂਰਜ, ਗੁਰਜੀਤ ਸਿੰਘ ਖਾਬੜਾ, ਕੰਵਰ ਸਹੂੰਗੜਾ, ਸੋਹਣ ਸਹਿਜਲ, ਗੋਬਿੰਦ ਸਿੰਘ ਆਦਿ ਨੇ ਸਾਹਿਬ ਕਾਂਸ਼ੀ ਦੇ ਸੰਘਰਸ਼ਮਈ ਜੀਵਨ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਅਪਣੇ ਸੁੱਖਾਂ ਨੂੰ ਤਿਆਗਕੇ ਬਾਬਾ ਸਾਹਿਬ ਸਮਾਜ ਦੇ ਰਹਿਵਰਾਂ ਵਲੋਂ ਸ਼ੁਰੂ ਕੀਤੇ ਗਏ ਮਿਸ਼ਨ ਨੂੰ ਅੱਗੇ ਤੋਰਿਆ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੀ ਬਹੁਤੀ ਅਬਾਦੀ ਜੋ ਕਿ ਵੱਖ ਵੱਖ ਜਾਤਾਂ ਵਿੱਚ ਵੰਡੀ ਹੋਈ ਸੀ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਦੀ ਮੁਹਿੰਮ ਚਲਾਈ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਵਲੋਂ ਚਲਾਈ ਗਈ ਜਾਗਰੂਕਤਾ ਮੁਹਿੰਮ ਕਾਰਨ ਹੀ ਦਲਿਤਾਂ ਦਾ ਸਵੈਮਾਣ ਵਧਿਆ ਅਤੇ ਸਾਹਿਬ ਵਲੋਂ ਤਿਆਰ ਕੀਤੀ ਗਈ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਨੂੰ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਰਾਜ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਵਿੱਚ ਪਿਛਲੇ ਕਈ ਸਾਲਾਂ ਤੋਂ ਖੜੋਤ ਆਈ ਹੈ ਅਤੇ ਇਸ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਅਤੇ ਘਰ ਘਰ ਪਹੁੰਚਾਣ ਲਈ ਵੱਖ ਵੱਖ ਸੰਗਠਨਾਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਸਾਹਿਬ ਦੇ ਪਰਿਵਾਰ, ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਅਤੇ ਹੋਰ ਹਮ ਖਿਆਲੀ ਸੰਗਠਨਾਂ ਨਾਲ ਮਿਲਕੇ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਹਾਜਰ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਸਮਾਜਿਕ ਪਰਿਵਰਤਨ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਨੋਜਵਾਨਾ ਨੂੰ ਵੱਧ ਤੋਂ ਵੱਧ ਨਾਲ ਜੋੜਿਆ ਜਾਵੇ। ਇਸ ਮੌਕੇ ਸਤਵਿੰਦਰ ਮਦਾਰਾ ਵਲੋਂ ਲਿਖੀ ਗਈ ਕਿਤਾਬ ''ਸਾਹਿਬ ਕਾਂਸ਼ੀ ਰਾਮ ਫੂਲੇ-ਸ਼ਾਹੂ- ਅੰਬੇਡਕਰੀ ਲਹਿਰ ਦਾ ਪਹਿਰੇਦਾਰ'' ਰੀਲੀਜ ਕੀਤੀ ਗਈ ਅਤੇ ਉਨ੍ਹਾਂ ਦੇ ਬੁੱਤ ਨੂੰ ਸਮਾਜ ਨੂੰ ਸਮਰਪਿਤ ਕੀਤਾ ਗਿਆ। ਵਕੀਲ ਲਖਵੀਰ ਸਿੰਘ ਨੇ ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਦੀ ਕਾਰਗੁਜ਼ਾਰੀ ਬਾਰੇ ਦੱਸਿਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਾਹਿਬ ਨਾਲ ਅੰਦੋਲਨ ਵਿੱਚ ਕੰਮ ਕਰਨ ਵਾਲੇ ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਲਪੁਰੀ ਦੀ ਟੀਮ ਨੇ ਮਿਸ਼ਨਰੀ ਗੀਤਾ ਰਾਹੀ ਕਾਂਸ਼ੀ ਰਾਮ ਦੇ ਸੰਘਰਸਮਈ ਜੀਵਨ ਤੇ ਚਾਨਣਾ ਪਾਇਆ। ਫਾਂਉਡੇਸ਼ਨ ਵਲੋਂ ਹਾਜਰ ਵੱਖ ਵੱਖ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਵੀ ਫਿਲੋਰੀਆ, ਡਾਕਟਰ ਜੇ ਐਸ ਕਹਿਲ, ਰਾਮ ਪ੍ਰਸ਼ਾਦ, ਕਮਲ ਕੁਮਾਰ, ਪ੍ਰੋਫੈਸਰ ਬੌਬੀ, ਹਰਬਿਲਾਸ, ਅਰੁਣ ਚੌਧਰੀ, ਚਰਨਜੀਤ ਪੋਵਾਰੀ, ਜਸਵਿੰਦਰ ਬੈਂਸ, ਦਨੇਸ਼ ਖਾਪੜੇ, ਪੰਮੀ ਲਾਲੋਮਜਾਰਾ, ਧਰਮਪਾਲ ਕਠਾਰ, ਕੁਲਵਿੰਦਰ ਸੰਭੂ, ਭੁਪਿੰਦਰ ਸਿੰਘ, ਗੁਰਦੇਵ ਡਬਰੀ, ਨਰਿੰਦਰ ਕੁਮਾਰ, ਗੁਰਮੀਤ ਬੱਧਣ, ਕਸ਼ਮੀਰੀ ਲਾਲ, ਗੋਪਾਲ, ਕਮਲ, ਪ੍ਰਭਜੀਤ ਸਿੰਘ, ਰਵਿੰਦਰ ਸਿੰਘ, ਭੁਪਿੰਦਰ ਕੌਰ, ਪ੍ਰਮਿੰਦਰ ਕੌਰ, ਮਨਜੀਤ ਕੌਰ, ਰੋਹਿਤ, ਸ਼ਿਵ ਕੁਮਾਰ, ਹਰਮਨ, ਰਾਜੇਸ਼ ਕੁਮਾਰ, ਸਾਗਰ, ਕਮਲੇਸ਼ ਕੁਮਾਰ, ਗੁਰਮੇਲ ਸਿੰਘ, ਜਸਨੂਰ ਸਿੰਘ, ਨਿਮਰਤ ਕੌਰ, ਹਰਵੀਰ ਸਿੰਘ, ਸ਼ਿਵਮ ਕੁਮਾਰ, ਹਰਵਿੰਦਰ ਸਿੰਘ, ਗੋਪਾਲ ਸਿੰਘ, ਸੁਖਦੇਵ, ਗੁਰਪ੍ਰੀਤ ਸਿੰਘ ਆਦਿ ਹਾਜਰ ਸਨ।

**ਕੁਲਦੀਪ ਚੰਦ 9417563054**

# ਨਰੋਏ ਤਨ ਮਨ ਦੀ ਸਿਰਜਣਾ ਦੇ ਸੁਨੇਹੇ ਨਾਲ ਬਾਬੇ ਦੇ ਬਾਗ ਦਾ ਮੇਲਾ ਸੰਪੰਨ





**ਮਾਹਿਲਪੁਰ–** ਮਾਹਿਲਪੁਰ ਲਾਗਲੇ ਇਤਿਹਾਸਿਕ ਪਿੰਡ ਬਾੜੀਆਂ ਕਲਾਂ ਦੇ ਪ੍ਰਸਿੱਧ ਗੁਰਦੁਆਰਾ ਬਾਬੇ ਦੇ ਬਾਗ ਦਾ ਸਲਾਨਾ ਜੋੜ ਮੇਲਾ ਸ਼ਰਧਾਲੂਆਂ ਨੂੰ ਨਰੋਏ ਤਨ ਮਨ ਦੀ ਸਿਰਜਣਾ ਕਰਨ ਦਾ ਸੰਦੇਸ਼ ਦਿੰਦਾ ਹੋਇਆ ਬੜੀ ਧੂਮ ਧਾਮ ਨਾਲ ਸੰਪੰਨ ਹੋਇਆ। ਮੇਲੇ ਦੇ ਮੁੱਖ ਪ੍ਰਬੰਧਕ ਬਿਪਨਜੀਤ ਸਿੰਘ ਬੇਦੀ ਨੇ ਕਿਹਾ ਕਿ ਸਾਨੂੰ ਸਭ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਅਪਣਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਸਮਾਜ ਸੋਹਣਾ ਤੇ ਸੁਚੱਜਾ ਬਣੇਗਾ ਲ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ ਦੇ ਉਪਦੇਸ਼ ਨੂੰ ਜੀਵਨ ਵਿੱਚ ਅਪਣਾਉਣਾ ਹੋਵੇਗਾ ਲ ਜੇਕਰ ਇਸੇ ਤਰ੍ਹਾਂ ਅਸੀਂ ਮਨ ਮਰਜੀਆਂ ਕਰਦੇ ਰਹੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਮਾਫ ਨਹੀਂ ਕਰਨਗੀਆਂ।

ਹਫਤਾ ਭਰ ਚੱਲਣ ਵਾਲੇ ਇਸ ਧਾਰਮਿਕ ਮੇਲੇ ਵਿੱਚ ਕੀਰਤਨੀ ਜਥਿਆਂ ਤੋਂ ਇਲਾਵਾ ਕੁਸ਼ਤੀਆਂ ਦੇ ਮੁਕਾਬਲੇ ਵੀ ਕਰਵਾਏ ਗਏ। ਅਖੰਡ ਪਾਠ ਸਾਹਿਬਾਂ ਦੇ ਭੋਗ ਉਪਰੰਤ ਬਾਬਾ ਅਮਰਜੀਤ ਸਿੰਘ, ਭਾਈ ਮਨਜਿੰਦਰ ਸਿੰਘ, ਭਾਈ ਸੁਖਦੇਵ ਨਡਾਲੋਂ ਦੇ ਕੀਰਤਨੀ ਜਥਿਆਂ ਨੇ ਸੰਗਤ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ ਲ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਵੀ ਸਜਾਏ ਗਏ।

ਕੁਸ਼ਤੀ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਿਆਂ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਬੇਦੀ ਖਾਨਦਾਨ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਪਰਿਵਾਰ ਨਾਲ ਜੁੜਦਾ ਹੈ। ਬਾਬਾ ਬਾਲਕ ਸਿੰਘ ਬੇਦੀ ਗੁਰੂ ਨਾਨਕ ਦੇਵ ਜੀ ਦੇ ਗਿਆਰਵੀਂ ਅੰਸ਼ ਸਨ। ਉਹਨਾਂ ਇਸ ਅਸਥਾਨ ਤੇ ਲੰਮਾ ਸਮਾਂ ਤਪ ਕੀਤਾ। ਉਪਰੰਤ ਬਾਬਾ ਰਾਮ ਸਿੰਘ ਬੇਦੀ ਅਤੇ ਬਾਬਾ ਤਰਲੋਕ ਸਿੰਘ ਬੇਦੀ ਹੋਰਾਂ ਇਸ ਤਪ ਅਸਥਾਨ ਦੀ ਸੇਵਾ ਸੰਭਾਲ ਕਰਕੇ ਸ਼ਰਧਾਲੂਆਂ ਨੂੰ ਹਮੇਸ਼ਾ ਸਹੀ ਮਾਰਗ ਦਿਖਾਇਆ ਲ ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਬੂਟਾ ਸਿੰਘ, ਹਰਜੋਤ ਸਿੰਘ ਬੇਦੀ ਅਤੇ ਬਹਾਦਰ ਸਿੰਘ ਨੀਟੂ ਹਾਜ਼ਰ ਸਨ।

ਕੁਸ਼ਤੀ ਦਾ ਗੁਰਜ ਜੱਸਾ ਬਾੜੋਵਾਲੀਆ ਨੇ ਗੌਰਵ ਮਾਛੀਵਾੜਾ ਨੂੰ ਹਰਾ ਕੇ ਜਿੱਤਿਆ ਲ ਉਸਨੂੰ 21000 ਦਾ ਨਗਦ ਇਨਾਮ ਵੀ ਦਿੱਤਾ ਗਿਆ। ਸਪੈਸ਼ਲ ਕੈਟਾਗਰੀ ਵਿੱਚ ਹਰਸ਼ ਚੰਬਲਾ ਅਖਾੜਾ ਭਾਰਟਾ ਜੇਤੂ ਰਿਹਾ ਲ ਰੱਸਾ ਕਸ਼ੀ ਦਾ ਮੁਕਾਬਲਾ ਪਿੰਡ ਬੂੜੋਬਾੜੀ ਕਲੱਬ ਦੇ ਖਿਡਾਰੀਆਂ ਨੇ ਗੁੱਜਰ ਕਲੱਬ ਬਾੜੀਆਂ ਕਲਾਂ ਨੂੰ ਹਰਾ ਕੇ ਜਿੱਤਿਆ।

ਇਸ ਮੇਲੇ ਵਿੱਚ ਦੇਸ਼ ਵਿਦੇਸ਼ ਦੀ ਸਾਧ ਸੰਗਤ ਬਹੁ ਗਿਣਤੀ ਵਿੱਚ ਹਾਜ਼ਰ ਹੋਈ। ਉਹਨਾਂ ਗੁਰਦੁਆਰਾ ਬਾਬੇ ਦੀ ਬਾਗ ਦੇ ਦੀਵਾਨ ਵਿੱਚ ਹਾਜ਼ਰੀਆਂ ਭਰੀਆਂ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਹਨਾਂ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਹਰਪ੍ਰੀਤ ਸਿੰਘ ਨੰਬਰਦਾਰ, ਹਰਦੀਪ ਸਿੰਘ ਸਹੋਤਾ, ਮਨਦੀਪ ਸਿੰਘ ਗਿੰਦਾ, ਅਵਤਾਰ ਸਿੰਘ ਨੰਬਰਦਾਰ, ਜੋਗਿੰਦਰ ਸਿੰਘ ਅਤੇ ਇੰਦਰਪਾਲ ਸਿੰਘ ਨੇ ਅਹਿਮ ਭੂਮਿਕਾ ਅਦਾ ਕੀਤੀ।



ਸ੍ਰੀ ਸੈਮਸਨ ਮਸੀਹ ਨੂੰ ਜ਼ਿਲਾ ਅੰਮ੍ਰਿਤਸਰ ਵਿਖੇ ਸਕੱਤਰ ਰੈਡ ਕ੍ਰਾਸ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਉਹਨਾਂ ਨੂੰ ਵਧਾਈ ਦੇਣ ਵਾਲਿਆਂ ਵਿੱਚ ਸੰਪਾਦਕ ਨਿੱਕੀਆਂ ਕਰੂੰਬਲਾਂ ਬਲਜਿੰਦਰ ਮਾਨ, ਐਕਟਰ ਡਾਇਰੈਕਟਰ ਅਸ਼ੋਕ ਪੁਰੀ, ਐਨਆਰਆਈ ਕਰਮਜੀਤ ਸਿੰਘ ਸ਼ਾਹੀ, ਐਡਵੋਕੇਟ ਐਮ ਐਸ ਬਧਣ, ਰਵਿੰਦਰ ਸਿੰਘ ਕਾਹਲੋਂ, ਕਮਲਜੀਤ ਸਿੰਘ ਧਾਮੀ, ਗੁਰਮੀਤ ਸਿੰਘ ਖਾਨਪੁਰੀ ਸਮੇਤ ਜਿਲ੍ਹਾ ਹੁਸ਼ਿਆਰਪੁਰ ਦੀਆਂ ਨੌਜਵਾਨ ਕਲੱਬਾਂ ਦੇ ਨੁਮਾਇੰਦੇ ਸ਼ਾਮਿਲ ਹਨ।

# ਰੋਮ 'ਚ ਸ਼ਹੀਦੇ-ਆਜਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਸ਼ਹੀਦੀ ਸਮਾਗਮ 24 ਮਾਰਚ ਨੂੰ -ਅਟਵਾਲ



**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਦੇਸ਼ ਦੀ ਅਜਾਦੀ ਦੀ ਖਾਤਰ ਸਹਾਦਤ ਦਾ ਜਾਮ ਪੀਣ ਵਾਲੇ ਸ਼ਹੀਦੇ ਆਜਿਮ ਸ ਭਗਤ ਸਿੰਘ, ਰਾਜਗੁਰੂ, ਅਤੇ ਸੁਖਦੇਵ ਦਾ ਸ਼ਹੀਦੀ ਸਮਾਗਮ ਇਟਲੀ ਦੀ ਮਹਾਨ ਕ੍ਰਾਤੀਕਾਰੀ ਸੰਸਥਾ ਸ਼ਹੀਦ ਭਗਤ ਸਿੰਘ ਸਭਾ ਰੋਮ ਇਟਲੀ ਵਲੋ 24 ਮਾਰਚ ਦਿਨ ਐਤਵਾਰ ਨੂੰ ਸ੍ਰੀ ਗੁਰੂ ਨਾਨਕ ਦਰਬਾਰ ਰੋਮ ਵਿਖੇ ਆਯੋਜਿਤ ਕੀਤਾ ਜਾਵੇਗਾ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਸਭਾ ਦੇ ਸਰਪ੍ਰਸਤ ਸ. ਕੁਲਵਿੰਦਰ ਸਿੰਘ ਅਟਵਾਲ ਨੇ ਵਿਸ਼ੇਸ ਗਲਬਾਤ ਦੋਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਮਹਾਨ ਢਾਡੀ ਜਥੇ ਅਮਰ ਸ਼ਹੀਦਾਂ ਦੀਆਂ ਜੋਸ਼ੀਲੀਆਂ ਵਾਰਾਂ ਗਾ ਕੇ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸਮਾਗਮ 'ਚ ਵੱਖ ਵੱਖ ਬੁਲਾਰੇ ਉਚੇਚੇ ਤੌਰ ਤੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨਗੇ। ਸਭਾ ਦੇ ਸਰਪ੍ਰਸਤ ਸ ਕੁਲਵਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਇਸ ਸਮਾਗਮ ਸਬੰਧੀ ਪੰਜਾਬੀਆਂ ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਬਸਪਾ ਬਾਨੀ ਕਾਸ਼ੀ ਰਾਮ ਦੇ ਅਧੂਰੇ ਸੁਫਨਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਨੂੰ ਵੱਡੀ ਪੱਧਰ ਤੇ ਉਲੀਕਿਆ ਜਾਵੇ-ਭੁੱਟੋ ਕੁਮਾਰ




**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਕਰੋੜਾਂ ਲੋਕਾਂ ਦੇ ਦਿਲਾਂ ਦੀ ਧੜਕਣ ਪੰਜਾਬ ਤੋਂ ਕੰਨਿਆ ਕੁਮਾਰੀ ਤੱਕ ਸਾਇਕਲ ਤੇ ਸਫਰ ਤਹਿ ਕਰਨ ਵਾਲੇ ਦੱਬੇ ਕੁਚਲੇ, ਲਤਾੜੇ ਲੋਕਾਂ ਨੂੰ ਰਾਜ ਭਾਗ ਦਾ ਰਸਤਾ ਵਿਖਾਉਣ ਵਾਲੇ ਬਸਪਾ ਦੇ ਬਾਨੀ ਸਾਹਿਬ ਸ੍ਰੀ ਕਾਸ਼ੀ ਰਾਮ ਨੇ ਭਾਰਤੀ ਸਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬੀ ਆਰ ਅੰਬੇਡਕਰ ਸਾਹਿਬ ਦੇ ਮਿਸ਼ਨ ਨੂੰ ਘਰ -ਘਰ ਪਹੁੰਚਾਇਆ ਅਤੇ ਲੋਕਾਂ ਨੂੰ ਅਣਖ ਨਾਲ ਜਿਉਣ ਦੀ ਤਾਕਤ ਦਿੱਤੀ,ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਭੁੱਟੋ ਕੁਮਾਰ ਰੱਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ ਨੇ ਕੌਰਤੇਮਾਜੂਰੇ (ਪਿਚੈਸਾ) ਵਿਖੇ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ 90 ਵੇਂ ਜਨਮ ਦਿਨ ਦੀ ਖੁਸ਼ੀ ਚ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਬਸਪਾ ਆਗੂਆਂ ਨੂੰ ਸਾਹਿਬ ਸ੍ਰੀ ਕਾਸ਼ੀ ਰਾਮ ਦੇ ਅਧੂਰੇ ਸੁਫਨਿਆਂ ਨੂੰ ਪੂਰਾ ਕਰਨ ਲਈ ਸੰਘਰਸ ਨੂੰ ਵੱਡੀ ਪੱਧਰ ਉਲੀਕਣ ਅਤੇ ਸਮੁੱਚੇ ਸਮਾਜ ਨੂੰ ਉਸ ਤੇ ਪਹਿਰਾ ਦੇਣ ਦੀ ਲੋੜ ਹੈ।ਇਸ ਮੌਕੇ ਬਸਪਾ ਆਗੂ ਭਗਵਾਨ ਸਿੰਘ ਚੌਹਾਨ ਨੇ ਵੀ ਆਪਣੇ ਵਿਚਾਰਾਂ ਰਾਹੀ ਸਾਹਿਬ ਸ੍ਰੀ ਕਾਸੀ ਰਾਮ ਨੂੰ ਸਰਧਾ ਦੇ ਫੁੱਲ ਅਰਪਿਤ ਕੀਤੇ। ਇਸ ਮੌਕੇ ਤੇ ਗਗਨ, ਗੋਰਾ ਮਠੱਡਾ, ਬਲਜੀਤ ਭਰੋਵਾਲ, ਲਾਡੀ, ਹੈਪੀ, ਵਿੱਕੀ ਪੈਸਰਾ, ਜੋਗਾ ਸਕੋਹਪੁਰ, ਲਾਡੀ, ਰਵੀ ਬੂਥਗੜ, ਅਰਮਾਨ, ਜਸ਼ਨ, ਜਸਵੀਰ, ਸੁਦਾਗਰ ਆਦਿ ਹਾਜਰ ਸਨ।

# 23 ਮਾਰਚ ਲਈ ਸ਼ਹੀਦੀ ਦਿਵਸ ਸਬੰਧੀ ਵਿਸ਼ੇਸ਼




ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ। ਅਜ਼ਾਦੀ ਦੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੁਸ਼ਤੈਨੀ ਪਿੰਡ ਖਟਕੜਕਲਾਂ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਸੀ ਪ੍ਰੰਤੂ ਉਨ੍ਹਾਂ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਆਪ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਆਪ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਆਪ ਦਾ ਜਨਮ ਹੋਇਆ ਉਸੇ ਦਿਨ ਹੀ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਜੇਲ ਤੋਂ ਰਿਹਾ ਹੋਕੇ ਆਏ ਸਨ। ਆਪ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ।



ਕੁਲਦੀਪ ਚੰਦ
91-9417563054

ਆਪ ਨੇ ਅਪਣੀ ਮੁਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਡੀ ਏ ਵੀ ਸਕੂਲ ਲਾਹੋਰ ਵਿੱਚ ਦਾਖਲਾ ਲੈ ਲਿਆ। ਅੰਗਰੇਜ ਇਸ ਸਕੂਲ ਨੂੰ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਆਪ ਦੀ ਉਮਰ ਲੱਗਭੱਗ 12 ਸਾਲ ਸੀ ਅਤੇ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ ਸਨ। ਆਪ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾ ਸੁਤੰਤਰਤਾ ਸੰਗਰਾਮ ਅਤੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ ਥਾਪਰ, ਸ਼ਿਵਰਾਮ ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਆਪ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੋਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਆਪ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੋਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀ ਸਜ਼ਾ ਤੋਂ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਨੂੰ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਕੇ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਹੋਰ ਮੈਂਬਰਾਂ ਦੇ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਖੁੱਲੇ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਫਰਵਰੀ 1928 ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਆਪ ਨੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ ਸਕਾਟ ਦੀ ਜਗ੍ਹਾ ਤੇ ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਆਪ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ ਅਤੇ ਸਮਾਜਵਾਦੀ ਵਿਚਾਰਾਂ ਵਾਲਾ ਸੀ ਅਤੇ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣਾ ਉਹਨਾਂ ਦੇ ਦੱਲ ਦਾ ਫੈਸਲਾ ਸੀ। ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ। ਇਸ ਕੰਮ ਲਈ ਸਰਵਸੰਮਤੀ ਨਾਲ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। ਇਸ ਲਈ 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ। ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਬੰਬ ਸੁੱਟਣ ਤੋਂ ਬਾਅਦ "ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ" ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ। ਆਪ ਕਰੀਬ 2 ਸਾਲ ਜੇਲ ਵਿੱਚ ਰਹੇ। ਇਸ ਦੌਰਾਨ ਉਹ ਲੇਖ ਲਿਖਕੇ ਵਿਚਾਰ ਪ੍ਰਗਟ ਕਰਦੇ ਰਹੇ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਆਪ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ ਜਿਹੜੀ ਉਹਨਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਆਪ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਅਤੇ ਸਰਕਾਰ ਨੂੰ ਇੱਕ ਚਿੱਠੀ ਲਿਖੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਇੱਕ ਯੁੱਧਬੰਦੀ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਚੰਦਰ ਸ਼ੇਖਰ ਆਜ਼ਾਦ ਨਾਲ ਪਹਿਲੀ ਮੁਲਾਕਾਤ ਦੇ ਸਮੇਂ ਬਲਦੀ ਹੋਈ ਮੋਮਬੱਤੀ ਉਪਰ ਹੱਥ ਰੱਖ ਕੇ ਉਹਨਾਂ ਨੇ ਕਸਮ ਖਾਧੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇਸ਼ ਉਪਰ ਹੀ ਕੁਰਬਾਨ ਹੋਵੇਗੀ ਅਤੇ ਉਹਨਾਂ ਨੇ ਆਪਣੀ ਉਹ ਕਸਮ ਪੂਰੀ ਕਰਕੇ ਵਿਖਾਈ। ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰ ਨਾਥ ਦਾਸ ਨੇ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਨ ਤਿਆਗ ਦਿੱਤੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 24 ਮਾਰਚ 1931 ਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਗਿਆ ਸੀ ਪਰ ਸਮੇਂ ਵਿੱਚ ਫੇਰਬਦਲ ਕੀਤੀ ਗਈ ਅਤੇ 23 ਮਾਰਚ 1931 ਨੂੰ ਲਾਹੌਰ ਜੇਲ੍ਹ ਵਿੱਚ ਤਿੰਨਾਂ ਨੂੰ ਫਾਂਸੀ ਦੇ ਦਿੱਤੀ ਗਈ ਸੀ। ਇਹ ਰਿਪੋਰਟ ਕੀਤੀ ਗਈ ਕਿ ਉਸ ਸਮੇਂ ਕੋਈ ਮੈਜਿਸਟਰੇਟ ਫਾਂਸੀ ਦੀ ਨਿਗਰਾਨੀ ਕਰਨ ਲਈ ਤਿਆਰ ਨਹੀਂ ਸੀ ਇਸ ਦੀ ਬਜਾਏ ਇੱਕ ਆਨਰੇਰੀ ਜੱਜ ਦੁਆਰਾ ਫਾਂਸੀ ਦੀ ਨਿਗਰਾਨੀ ਕੀਤੀ ਗਈ ਸੀ। ਫਾਂਸੀ ਲਈ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ। ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ "ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।" ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲ ਕੇ ਬੋਲੇ "ਠੀਕ ਹੈ ਹੁਣ ਚੱਲੋ।" ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀ ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ। ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਇਨ੍ਹਾਂ ਸ਼ਹੀਦਾਂ ਦੀ ਮੋਤ ਬਾਰੇ ਲਾਹੋਰ ਦੇ ਦੈਨਿਕ ਟ੍ਰਿਬਿਊਨ ਅਤ ਨਿਉਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ। ਟ੍ਰਿਬਿਊਨ ਦੇ ਮੁੱਖ ਵਰਕੇ ਤੇ ਕ੍ਰਾਂਤੀਕਾਰੀਆਂ ਦੇ ਲਹੂ ਨਾਲ ਭਿੱਜੀ 'ਦਿ ਟ੍ਰਿਬਿਊਨ' ਅਖ਼ਬਾਰ ਦੀ 25 ਮਾਰਚ 1931 ਦੀ ਕਾਪੀ ਖਟਕੜ ਕਲਾਂ ਵਿੱਚ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਮਿਊਜ਼ੀਅਮ' ਵਿੱਚ ਰੱਖੀ ਹੋਈ ਹੈ। ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁੱਧੀਜੀਵੀਆਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਸੀ। ਕਰਾਚੀ ਵਿੱਚ ਕਾਂਗਰਸ ਪਾਰਟੀ ਦੇ ਸਲਾਨਾ ਸੰਮੇਲਨ ਮੌਕੇ ਤੇ ਗੁੱਸੇ ਹੋਏ ਨੌਜਵਾਨਾਂ ਨੇ ਗਾਂਧੀ ਨੂੰ ਕਾਲੇ ਝੰਡੇ ਦਿਖਾਏ ਸਨ। 29 ਮਾਰਚ 1931 ਨੂੰ ਯੰਗ ਇੰਡੀਆ ਵਿੱਚ ਗਾਂਧੀ ਨੇ ਲਿਖਿਆ ਸੀ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਅਤੇ ਕਾਂਗਰਸ ਨੇ ਜ਼ਿੰਦਗੀਆਂ ਬਚਾਉਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਭਾਰਤੀ ਮੈਗਜ਼ੀਨ ਫਰੰਟਲਾਈਨ ਵਿੱਚ ਇੱਕ ਰਿਪੋਰਟ ਅਨੁਸਾਰ ਮੌਤ ਦੀ ਸਜ਼ਾ ਨੂੰ ਬਦਲਣ ਲਈ ਕਈ ਵਾਰ ਬੇਨਤੀ ਕੀਤੀ ਸੀ। ਵਾਇਸਰਾਏ ਨੂੰ ਇੱਕ ਚਿੱਠੀ ਵਿੱਚ ਉਸਨੇ ਇਸ ਸਜ਼ਾ ਵਿੱਚ ਬਦਲਾਓ ਲਈ ਬੇਨਤੀ ਕੀਤੀ ਸੀ। ਸ਼ਹੀਦ ਭਗਤ ਸਿੰਘ ਦਾ ਆਦਰਸ਼ ਕਰਤਾਰ ਸਿੰਘ ਸਰਾਭਾ ਸੀ ਅਤੇ ਉਸ ਨੂੰ ਆਪਣਾ ਨਾਇਕ ਮੰਨਿਆ। ਉਹ ਗਦਰ ਪਾਰਟੀ ਦੇ ਇੱਕ ਹੋਰ ਸੰਸਥਾਪਕ ਭਾਈ ਪਰਮਾਨੰਦ ਤੋਂ ਵੀ ਪ੍ਰੇਰਿਤ ਸੀ। ਉਹ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਵੱਲ ਖਿੱਚਿਆ ਗਿਆ ਸੀ। ਉਹ ਮਿਖਾਇਲ ਬਾਕੂਨਿਨ ਦੀਆਂ ਸਿੱਖਿਆਵਾਂ ਦਾ ਪਾਠਕ ਸੀ ਅਤੇ ਉਸਨੇ ਕਾਰਲ ਮਾਰਕਸ, ਲੈਨਿਨ ਆਦਿ ਨੂੰ ਵੀ ਪੜਿਖ੍ਹਆ ਸੀ। ਟੂ ਯੰਗ ਪੁਲੀਟੀਕਲ ਵਰਕਰਜ਼ ਵਿੱਚ ਉਸਨੇ ਆਪਣੇ ਆਦਰਸ਼ ਨੂੰ ਨਵੇਂ ਤੇ ਸਮਾਜਿਕ ਪੁਨਰ ਨਿਰਮਾਣ ਅਰਥਾਤ ਮਾਰਕਸਵਾਦੀ ਆਧਾਰ ਘੋਸ਼ਿਤ ਕੀਤਾ। ਉਸਨੇ ਗਾਂਧੀਵਾਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਨਹੀਂ ਕੀਤਾ ਜਿਸਨੇ ਸੱਤਿਆਗ੍ਰਹਿ ਅਤੇ ਅਹਿੰਸਕ ਵਿਰੋਧ ਦੇ ਹੋਰ ਰੂਪਾਂ ਦੀ ਵਕਾਲਤ ਕੀਤੀ ਅਤੇ ਮਹਿਸੂਸ ਕੀਤਾ ਕਿ ਅਜਿਹੀ ਰਾਜਨੀਤੀ ਇੱਕ ਹੋਰ ਸ਼ੋਸ਼ਣ ਕਰਨ ਵਾਲਿਆਂ ਦੀ ਥਾਂ ਲੈ ਲਵੇਗੀ। ਮਈ ਤੋਂ ਸਤੰਬਰ 1928 ਤੱਕ ਉਸ ਨੇ ਕਿਰਤੀ ਵਿੱਚ ਅਰਾਜਕਤਾਵਾਦ ਬਾਰੇ ਲੇਖ ਲਿਖੇ। ਉਸਨੇ ਸਪੱਸ਼ਟ ਕੀਤਾ ਕਿ ਅਰਾਜਕਤਾ ਦਾ ਮਤਲਬ ਸ਼ਾਸਕ ਦੀ ਗੈਰਹਾਜ਼ਰੀ ਅਤੇ ਰਾਜ ਨੂੰ ਖ਼ਤਮ ਕਰਨਾ ਹੈ। ਇਤਿਹਾਸਕਾਰ ਕੇ ਐਨ ਪਾਨੀਕਰ ਨੇ ਭਗਤ ਸਿੰਘ ਨੂੰ ਸ਼ੁਰੂਆਤੀ ਮਾਰਕਸਵਾਦੀਆਂ ਵਿਚੋਂ ਇੱਕ ਮੰਨਿਆ ਹੈ। ਸਿਆਸੀ ਸਿਧਾਂਤਕਾਰ ਜੇਸਨ ਐਡਮਸ ਨੇ ਕਿਹਾ ਕਿ ਉਹ ਲੇਨਿਨ ਨਾਲ ਜ਼ਿਆਦਾ ਪਿਆਰ ਕਰਦਾ ਸੀ ਜੇਲ੍ਹ ਨੋਟਬੁੱਕ ਵਿਚ ਉਸ ਨੇ ਸਾਮਰਾਜੀ ਅਤੇ ਪੂੰਜੀਵਾਦ ਦੇ ਸੰਦਰਭ ਵਿੱਚ ਲੈਨਿਨ ਦਾ ਹਵਾਲਾ ਅਤੇ ਕ੍ਰਾਂਤੀਕਾਰੀ ਵਿਚਾਰ ਦਿੱਤੇ। ਜਦੋਂ ਉਸਨੰ ਉਸਦੀ ਆਖਰੀ ਇੱਛਾ ਪੁੱਛੀ ਗਈ ਤਾਂ ਭਗਤ ਸਿੰਘ ਨੇ ਜਵਾਬ ਦਿੱਤਾ ਕਿ ਉਹ ਲੈਨਿਨ ਦੀ ਜ਼ਿੰਦਗੀ ਬਾਰੇ ਪੜ੍ਹ ਰਿਹਾ ਹੈ ਅਤੇ ਇਸਨੂੰ ਮੁਕੰਮਲ ਕਰਨਾ ਚਾਹੁੰਦਾ ਹੈ। ਮਾਰਕਸਵਾਦੀ ਆਦਰਸ਼ਾਂ ਵਿੱਚ ਆਪਣੇ ਵਿਸ਼ਵਾਸ ਦੇ ਬਾਵਜੂਦ ਉਹ ਕਮਿਊਨਿਸਟ ਪਾਰਟੀ ਆਫ ਇੰਡੀਆ ਵਿੱਚ ਸ਼ਾਮਲ ਨਹੀਂ ਹੋਇਆ। ਉਸਨੇ ਮੈਂ ਨਾਸਤਿਕ ਕਿਉਂ ਹਾਂ ਵਿੱਚ ਲਿਖਿਆ ਕਿ ਉਸਦੀ ਨਾਸਤਿਕਤਾ ਘਮੰਡ ਤੋਂ ਪੈਦਾ ਨਹੀਂ ਹੋਈ। ਉਹ ਮਿੱਥ ਅਤੇ ਕਲਪਨਾਵਾਂ ਤੇ ਵਿਸ਼ਵਾਸ ਨਹੀਂ ਕਰ ਸਕਦਾ। ਕਿਰਤੀ ਦੇ ਜੂਨ 1928 ਦੇ ਅੰਕ ਵਿੱਚ ਪ੍ਰਕਾਸ਼ਿਤ ਉਸਦਾ ਪ੍ਰਸਿੱਧ ਲੇਖ "ਅਛੂਤ ਦੀ ਸਮੱਸਿਆ" ਵਿੱਚ ਭਗਤ ਸਿੰਘ ਨੇ ਜਾਤ ਅਤੇ ਸਬੰਧਤ ਪਹਿਲੂਆਂ ਦੀ ਆਲੋਚਨਾ ਕੀਤੀ ਸੀ। ਬਰਾਬਰੀ ਦੇ ਸੰਕਲਪ ਤੋਂ ਜਾਤ-ਆਧਾਰਿਤ ਵਿਤਕਰੇ ਅਤੇ ਅੱਤਿਆਚਾਰਾਂ ਦੀ ਆਲੋਚਨਾ ਕਰਨਾ ਭਗਤ ਸਿੰਘ ਦੇ ਜਾਤ-ਪਾਤ ਅਤੇ ਛੂਤ-ਛਾਤ ਬਾਰੇ ਵਿਚਾਰਾਂ ਨੂੰ ਸਪੱਸ਼ਟ ਕਰਦੇ ਹਨ। ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ ਕਿ ਭਗਤ ਸਿੰਘ ਨੌਜਵਾਨਾਂ ਵਿੱਚ ਨਵੇਂ ਜਾਗਰਣ ਦਾ ਪ੍ਰਤੀਕ ਬਣ ਗਿਆ ਹੈ। ਜਵਾਹਰ ਲਾਲ ਨਹਿਰੂ ਨੇ ਵੀ ਮੰਨਿਆ ਹੈ ਕਿ ਭਗਤ ਸਿੰਘ ਦੀ ਲੋਕਾਂ ਵਿੱਚ ਹਰਮਨ ਪਿਆਰਤਾ ਇੱਕ ਨਵੇਂ ਕੌਮੀ ਜਾਗਰਣ ਵੱਲ ਵਧ ਰਹੀ ਹੈ ਅਤੇ ਕਿਹਾ ਕਿ ਉਹ ਇੱਕ ਸਾਫ ਸੁਥਰਾ ਲੜਾਕੂ ਸੀ ਜੋ ਖੁੱਲ੍ਹੇਆਮ ਆਪਣੇ ਦੁਸ਼ਮਣ ਦਾ ਸਾਹਮਣਾ ਕਰਦਾ ਸੀ। ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਵਿਲੀਅਮਸਨ ਨੇ ਲਿਖਿਆ ਹੈ ਕਿ ਉਸ ਦੀ ਫੋਟੋ ਹਰ ਇਲਾਕੇ ਵਿੱਚ ਵਿਕ ਰਹੀ ਸੀ। ਭਗਤ ਸਿੰਘ ਅੱਜ ਦੇ ਭਾਰਤੀ ਚਿੱਤਰ-ਵਿਗਿਆਨ ਵਿੱਚ ਇੱਕ ਅਹਿਮ ਸ਼ਖ਼ਸੀਅਤ ਹੈ। ਪ੍ਰੋਫੈਸਰ ਪ੍ਰੀਤਮ ਸਿੰਘ ਜੋ ਭਾਰਤ ਵਿੱਚ ਸੰਘਵਾਦ, ਰਾਸ਼ਟਰਵਾਦ ਅਤੇ ਵਿਕਾਸ ਦੇ ਅਧਿਐਨ ਦਾ ਮਾਹਿਰ ਹੈ ਕਹਿੰਦਾ ਹੈ ਕਿ ਭਗਤ ਸਿੰਘ ਭਾਰਤੀ ਰਾਜਨੀਤੀ ਵਿੱਚ ਲੱਗਭੱਗ ਹਰੇਕ ਰੁਝਾਨ ਨੂੰ ਚੁਣੌਤੀ ਦਾ ਪ੍ਰਤੀਨਿਧ ਹੈ। ਜਿਸ ਸਥਾਨ ਤੇ ਸਤਲੁਜ ਨਦੀ ਦੇ ਕੰਢੇ ਹੁਸੈਨੀਵਾਲਾ ਵਿਖੇ ਇਨ੍ਹਾਂ ਸ਼ਹੀਦਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ ਵੰਡ ਦੌਰਾਨ ਪਾਕਿਸਤਾਨੀ ਖੇਤਰ ਬਣ ਗਿਆ ਹੈ। 17 ਜਨਵਰੀ 1961 ਨੂੰ 12 ਪਿੰਡਾਂ ਦੇ ਬਦਲੇ ਇਸਨੂੰ ਭਾਰਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ 19 ਜੁਲਾਈ 1965 ਨੂੰ ਬੱਟੁਕੇਸ਼ਵਰ ਦੱਤ ਦੀ ਅੰਤਿਮ ਇੱਛਾ ਅਨੁਸਾਰ ਉੱਥੇ ਹੀ ਉਸ ਦਾ ਸੰਸਕਾਰ ਕੀਤਾ ਗਿਆ। ਸਾਲ 1968 ਵਿੱਚ ਭਾਰਤ ਸਰਕਾਰ ਨੇ ਸਹੀਦ ਭਗਤ ਸਿੰਘ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਸੀ, ਕੌਮੀ ਸ਼ਹੀਦੀ ਸਮਾਰਕ ਬਣਾਇਆ ਗਿਆ ਸੀ ਅਤੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਯਾਦਗਾਰਾਂ ਬਣਾਈਆਂ ਗਈਆਂ। ਸਾਲ 1971 ਦੀ ਭਾਰਤ-ਪਾਕਿ ਲੜਾਈ ਦੌਰਾਨ ਯਾਦਗਾਰ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਸ਼ਹੀਦਾਂ ਦੀਆਂ ਮੂਰਤੀਆਂ ਨੂੰ ਪਾਕਿਸਤਾਨੀ ਫੌਜ ਨੇ ਹਟਾ ਦਿੱਤਾ ਸੀ ਅਤੇ ਭਾਰਤ ਸਰਕਾਰ ਵਲੋਂ 1973 ਵਿੱਚ ਦੁਬਾਰਾ ਬਣਾਈਆਂ ਗਈਆਂ ਸਨ। 23 ਮਾਰਚ ਨੂੰ ਸਾਲਾਨਾ ਸ਼ਹੀਦੀ ਮੇਲਾ ਆਯੋਜਿਤ ਕੀਤਾ ਜਾਂਦਾ ਹੈ ਜਿੱਥੇ ਲੋਕ ਕੌਮੀ ਸ਼ਹੀਦ ਸਮਾਰਕ ਵਿਖੇ ਸ਼ਰਧਾਂਜਲੀ ਦਿੰਦੇ ਹਨ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਮਿਊਜ਼ੀਅਮ ਪਿੰਡ ਖਟਕੜ ਕਲਾਂ ਵਿਖੇ 50ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਖੋਲ੍ਹਿਆ ਗਿਆ ਸੀ। ਪ੍ਰਦਰਸ਼ਨੀਆਂ ਵਿੱਚ ਅਸਥੀਆਂ, ਖ਼ੂਨ ਭਿੱਜੀ ਰੇਤ, ਅਤੇ ਖ਼ੂਨ ਦਾ ਰੰਗਿਆ ਹੋਇਆ ਅਖ਼ਬਾਰ ਸ਼ਾਮਲ ਹੈ ਜਿਸ ਵਿੱਚ ਰਾਖ ਨੂੰ ਲਪੇਟਿਆ ਗਿਆ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਫੈਸਲੇ ਦਾ ਪੰਨਾ ਜਿਸ ਵਿੱਚ ਕਰਤਾਰ ਸਿੰਘ ਸਰਾਭਾ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ ਅਤੇ ਜਿਸ ਉੱਤੇ ਭਗਤ ਸਿੰਘ ਨੇ ਕੁੱਝ ਨੋਟਿਸ ਭੇਜੇ ਸਨ ਅਤੇ ਦਸਤਖਤ ਵਾਲੀ ਭਾਗਵਤ ਗੀਤਾ ਦੀ ਇੱਕ ਕਾਪੀ ਜੋ ਉਸ ਨੂੰ ਲਾਹੌਰ ਜੇਲ੍ਹ ਵਿੱਚ ਮਿਲੀ ਸੀ ਅਤੇ ਹੋਰ ਨਿੱਜੀ ਵਸਤਾਂ ਵੀ ਰੱਖੀਆਂ ਗਈਆਂ ਹਨ। ਭਾਰਤੀ ਸੰਸਦ ਵਿੱਚ ਵੀ 23 ਮਾਰਚ 2001 ਅਤੇ 2005 ਨੂੰ ਮੌਨ ਸ਼ਰਧਾਂਜਲੀ ਦਿੱਤੀ ਗਈ। ਪਾਕਿਸਤਾਨ ਵਿੱਚ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਪਾਕਿਸਤਾਨ ਦੀ ਮੰਗ ਤੇ ਲਾਹੌਰ ਵਿੱਚ ਜਿੱਥੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ ਦਾ ਨਾਂ ਬਦਲਕੇ ਭਗਤ ਸਿੰਘ ਚੌਂਕ ਰੱਖਿਆ ਗਿਆ ਹੈ। ਭਗਤ ਸਿੰਘ ਦੇ ਜੀਵਨ ਅਤੇ ਸਮੇਂ ਨੂੰ ਕਈ ਫਿਲਮਾਂ ਰਾਹੀਂ ਪੇਸ਼ ਕੀਤਾ ਗਿਆ ਹੈ। 15 ਅਗਸਤ 2008 ਨੂੰ ਭਗਤ ਸਿੰਘ ਦੀ 18 ਫੁੱਟ ਉੱਚੀ ਕਾਂਸੀ ਦੀ ਮੂਰਤੀ ਭਾਰਤੀ ਪਾਰਲੀਮੈਂਟ ਵਿੱਚ ਇੰਦਰਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਦੀਆਂ ਮੂਰਤੀਆਂ ਦੇ ਨਾਲ ਸਥਾਪਿਤ ਕੀਤੀ ਗਈ ਸੀ। ਭਗਤ ਸਿੰਘ ਅਤੇ ਦੱਤ ਦੀ ਤਸਵੀਰ ਪਾਰਲੀਮੈਂਟ ਹਾਊਸ ਦੀਆਂ ਕੰਧਾਂ ਤੇ ਵੀ ਲਗਾਈ ਗਈ ਹੈ। 2008 ਵਿੱਚ ਭਾਰਤੀ ਮੈਗਜ਼ੀਨ ਇੰਡੀਆ ਟੂਡੇ ਦੁਆਰਾ ਇੱਕ ਸਰਵੇਖਣ ਵਿੱਚ ਉਸਨੂੰ ਬੋਸ ਅਤੇ ਗਾਂਧੀ ਤੋਂ ਪਹਿਲਾਂ ਮਹਾਨ ਭਾਰਤੀ ਚੁਣਿਆ ਗਿਆ ਸੀ। ਸਾਲ 2008 ਵਿੱਚ ਭਗਤ ਸਿੰਘ ਦੀ 40 ਮਿੰਟ ਦੀ ਇੱਕ ਡਾਕੂਮੈਂਟਰੀ ਫ਼ਿਲਮ ਇਨਕਲਾਬ ਬਣਾਈ ਗਈ ਹੈ। ਸਾਲ 2012 ਵਿੱਚ ਭਾਰਤ ਸਰਕਾਰ ਨੇ ਇੱਕ 5 ਰੁਪਏ ਦਾ ਸਿੱਕਾ ਵੀ ਜਾਰੀ ਕੀਤਾ ਸੀ। ਭਾਰਤ ਅਤੇ ਪਾਕਿਸਤਾਨ ਦੀ ਜਨਤਾ ਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੀ ਹੈ ਅਤੇ ਨੌਜਵਾਨਾ ਲਈ ਇੱਕ ਵੱਡਾ ਆਦਰਸ਼ ਹਨ ਜਿਸਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਲਈ ਸਮਰਪਿਤ ਕਰ ਦਿੱਤੀ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੈ ਪੰਜਾਬ ਦੇ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਦੀਆਂ ਫੋਟੋਆਂ ਲਗਵਾਈਆਂ ਹਨ। ਦੇਸ਼ ਲਈ ਜਾਨ ਵਾਰਨ ਵਾਲੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਜਾਵੇ।

## ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਆਦਮਪੁਰ ਵਿਖੇ ਮਨਾਇਆ ਗਿਆ




**ਆਦਮਪੁਰ (ਸਤਨਾਮ ਸਿੰਘ ਸਹੂੰਗੜਾ)-** "ਬਾਮਸੇਫ, ਡੀ.ਐਸ.ਫ਼ੋਰ ਤੇ ਬਸਪਾ ਸੰਸਥਾਪਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮਦਿਵਸ 'ਤੇ ਬਸਪਾ ਵੱਲੋਂ ਆਦਮਪੁਰ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ ਨੂੰ ਯਾਦ ਕੀਤਾ ਗਿਆ। ਜਿਸ ਦੁਰਾਨ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਨੇ ਕਿਹਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਆਪਣੇ ਜੀਵਨ ਦੇ ਸਾਰੇ ਸੁੱਖ ਤਿਆਗ ਕੇ ਬਹੁਜਨ ਸਮਾਜ ਦੇ ਲਈ ਰਾਜਨੀਤੀ ਵਿੱਚ ਇੱਕ ਵਿਸ਼ੇਸ਼ ਜਗਾ ਬਣਾਈ ਹੈ ਉਹ ਹੈ ਬਸਪਾ ਇਸ ਆਪਣੇ ਘਰ ਵਿੱਚ ਤੁਸੀਂ ਮਾਲਿਕ ਹੋ ਉਸ ਤੋਂ ਪਹਿਲਾਂ ਤੁਸਾਡਾ ਕੋਈ ਘਰ ਘਾਟ ਨਹੀਂ ਸੀ ਇਸ ਨੂੰ ਹੁਣ ਤੱਕ ਭੈਣ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦੀ ਚਾਰ ਚਾਰ ਵਾਰ ਬਣੀ ਮੁੱਖ ਮੰਤਰੀ ਹੈ ਇਸ ਮੌਕੇ ਤੇ ਉਨ੍ਹਾਂ ਸਾਹਿਬ ਦੇ ਜਨਮ ਦਿਨ ਦੇ ਮੌਕੇ ਤੇ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਭੈਣ ਮਾਇਆਵਤੀ ਜੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਹੈ।

ਇਸ ਦੌਰਾਨ ਬਸਪਾ ਆਗੂ ਇੰਜ। ਜਸਵੰਤ ਰਾਏ, ਮਦਨ ਮੱਦੀ ਕੌਂਸਲਰ, ਹਰਜਿੰਦਰ ਸਿੰਘ ਬਿੱਲਾ ਮਹਿਮਦਪੁਰ, ਜਸਵੀਰ ਸਿੰਘ ਪੰਡੋਰੀ ਸਮੇਤ ਵੱਡੀ ਗਿਣਤੀ 'ਚ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

# 21 ਮਾਰਚ ਲਈ ਅੰਤਰਰਾਸ਼ਟਰੀ ਨਸਲੀ ਵਿਤਕਰਾ ਖਾਤਮਾ ਦਿਵਸ ਸਬੰਧੀ ਵਿਸ਼ੇਸ਼

ਹਰ ਸਾਲ 21 ਮਾਰਚ ਨੂੰ ਅੰਤਰਰਾਸ਼ਟਰੀ ਨਸਲੀ ਵਿਤਕਰਾ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕੀਤੇ ਜਾਂਦੇ ਹਨ ਅਤੇ ਨਸਲੀ ਵਿਤਕਰੇ ਨੂੰ ਖਤਰ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸਲੀ ਵਿਤਕਰਾ ਰਾਜਨੀਤਿਕ, ਆਰਥਿਕ, ਜਾਂ ਕਾਨੂੰਨੀ ਸੰਸਥਾਵਾਂ ਅਤੇ ਪ੍ਰਣਾਲੀਆਂ ਤੇ ਵੀ ਲਾਗੂ ਹੁੰਦਾ ਹੈ ਜੋ ਨਸਲ ਦੇ ਅਧਾਰ ਤੇ ਵਿਤਕਰੇ ਵਿੱਚ ਸ਼ਾਮਲ ਹੁੰਦੇ ਹਨ ਅਤੇ ਇਸਨੂੰ ਕਾਇਮ ਰੱਖਦੇ ਹਨ ਜਾਂ ਵੱਖ-ਵੱਖ ਖੇਤਰਾਂ ਵਿੱਚ ਨਸਲੀ ਅਸਮਾਨਤਾਵਾਂ ਨੂੰ ਮਜ਼ਬੂਤ ਕਰਦੇ ਹਨ। ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿੱਚ ਨਸਲ ਅਧਾਰ ਤੇ ਵਿਤਕਰੇ ਅਤੇ ਪੱਖਪਾਤ ਦੀ ਕੁਪ੍ਰਥਾ ਲੰਬਾ ਸਮਾਂ ਕਾਇਮ ਰਹੀ ਹੈ ਅਤੇ ਇਸਨੂੰ ਖਤਮ ਕਰਨ ਲਈ ਕਈ ਵਾਰ ਅੰਦੋਲਨ ਹੋਏ ਹਨ। ਨੋਬਲ ਪੁਰਸਕਾਰ ਜੇਤੂ ਨੈਲਸਨ ਮੰਡੇਲਾ ਰੰਗਭੇਦ ਦੇ ਵਿਰੁੱਧ ਅਭਿਆਨ ਚਲਾਉਣ ਵਾਲੇ ਇੱਕ ਪ੍ਰਮੁੱਖ ਨੇਤਾ ਸਨ। ਉਹਨਾਂ ਨੇ ਆਪਣੀ ਜਿੰਦਗੀ ਦੇ 27 ਸਾਲ ਰਾਬੇਨ ਟਾਪੂ ਤੇ ਜੇਲ੍ਹ ਵਿੱਚ ਰੰਗਭੇਦ ਨੀਤੀ ਦੇ ਖਿਲਾਫ ਲੜਦੇ ਹੋਏ ਬਿਤਾਏ। ਦੱਖਣੀ ਅਫਰੀਕਾ ਅਤੇ ਸਮੁੱਚੇ ਸੰਸਾਰ ਵਿੱਚ ਰੰਗਭੇਦ ਨੀਤੀ ਦਾ ਵਿਰੋਧ ਕਰਦੇ ਹੋਏ ਜਿੱਥੇ ਨੈਲਸਨ ਮੰਡੇਲਾ ਪੂਰੀ ਦੁਨੀਆ ਵਿੱਚ ਆਜ਼ਾਦੀ ਅਤੇ ਸਮਾਨਤਾ ਦੇ ਪ੍ਰਤੀਕ ਬਣ ਗਏ ਸਨ ਉਥੇ ਰੰਗ-ਭੇਦ ਦੀ ਨੀਤੀ ਉੱਤੇ ਚਲਣ ਵਾਲੀ ਸਰਕਾਰਾਂ ਨੈਲਸਨ ਮੰਡੇਲਾ ਨੂੰ ਕਮਿਊਨਿਸਟ ਅਤੇ ਆਤੰਕਵਾਦੀ ਦੱਸਦੀਆਂ ਸਨ। ਅਮਰੀਕਾ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਨਸਲ ਸ਼ਬਦ ਦੀ ਵਰਤੋਂ ਜ਼ੁਲਮ ਕਰਨ ਲਈ ਕੀਤੀ ਜਾਂਦੀ ਸੀ। ਪਹਿਲੇ ਸਮਿਆਂ ਵਿੱਚ ਇਸਨੂੰ ਜਬਰੀ ਮਜ਼ਦੂਰੀ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਜਾਂਦਾ ਸੀ। ਸਾਲ 1662 ਵਿੱਚ ਗ਼ੁਲਾਮੀ ਦੀ ਧਾਰਨਾ ਵਿੱਚ ਭਾਰੀ ਤਬਦੀਲੀ ਆਈ ਜਦੋਂ ਵਰਜੀਨੀਆ ਨੇ ਖ਼ਾਨਦਾਨੀ ਗ਼ੁਲਾਮੀ ਦਾ ਕਾਨੂੰਨ ਲਾਗੂ ਕੀਤਾ। 19ਵੀਂ ਸਦੀ ਤੱਕ ਨਸਲਵਾਦ ਦੁਨੀਆ ਭਰ ਵਿੱਚ ਫੈਲ ਗਿਆ ਸੀ। 21 ਮਾਰਚ 1960 ਨੂੰ ਪੁਲਿਸ ਨੇ ਰੰਗਭੇਦ ਸਬੰਧੀ ਪਾਸ ਕਾਨੂੰਨਾਂ ਦੇ ਵਿਰੁੱਧ ਦੱਖਣੀ ਅਫਰੀਕਾ ਦੇ ਸ਼ਾਰਪਵਿਲੇ ਵਿੱਚ ਇੱਕ ਸ਼ਾਂਤਮਈ ਪ੍ਰਦਰਸ਼ਨ ਤੇ ਗੋਲੀਬਾਰੀ ਕੀਤੀ ਸੀ ਜਿਸ ਵਿੱਚ 69 ਲੋਕ ਮਾਰੇ ਗਏ ਅਤੇ 180 ਜ਼ਖਮੀ ਹੋਏ ਸਨ। ਸਾਲ 1966 ਵਿੱਚ ਇਸ ਦਿਨ ਦਾ ਐਲਾਨ ਕਰਦੇ ਹੋਏ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰ-ਰਾਸ਼ਟਰੀ ਭਾਈਚਾਰੇ ਨੂੰ ਹਰ ਕਿਸਮ ਦੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਆਪਣੇ ਯਤਨ ਤੇਜ਼ ਕਰਨ ਲਈ ਕਿਹਾ ਸੀ। ਸਾਲ 1979 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਨਸਲਵਾਦ ਅਤੇ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਲਈ ਗਤੀਵਿਧੀਆਂ ਦਾ ਇੱਕ ਪ੍ਰੋਗਰਾਮ ਅਪਣਾਇਆਅਤੇ ਫੈਸਲਾ ਕੀਤਾ ਕਿ ਹਰ ਸਾਲ 21 ਮਾਰਚ ਤੋਂ ਸ਼ੁਰੂ ਹੋ ਕੇਨਸਲਵਾਦ ਅਤੇ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਨਾਲ ਇਕਜੁੱਟਤਾ ਦਾ ਇੱਕ ਹਫ਼ਤਾ ਸਾਰੇ ਦੇਸ਼ਾਂ ਵਿੱਚ ਆਯੋਜਿਤ ਕੀਤਾ ਜਾਵੇਗਾ। ਦੱਖਣੀ ਅਫ਼ਰੀਕਾ ਵਿੱਚ 1994 ਤੋਂ 21 ਮਾਰਚ ਜਦੋਂ ਨੈਲਸਨ ਮੰਡੇਲਾ ਨੂੰ ਦੱਖਣੀ ਅਫ਼ਰੀਕਾ ਦਾ ਰਾਸ਼ਟਰਪਤੀ ਚੁਣਿਆ ਗਿਆ ਸੀਨੂੰ ਮਨੁੱਖੀ ਅਧਿਕਾਰ ਦਿਵਸ ਵਜੋਂ ਇੱਕ ਜਨਤਕ ਛੁੱਟੀ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਨਸਲੀ ਵਿਤਕਰੇਤੇ ਬਣੀ ਸੰਸਥਾਗਤ ਤੌਰ ਤੇ ਨਸਲਵਾਦੀ ਪ੍ਰਣਾਲੀ, ਨਸਲੀ ਵਿਤਕਰੇ ਦੌਰਾਨ ਦੱਖਣੀ ਅਫਰੀਕਾ ਵਿੱਚ ਜਮਹੂਰੀਅਤ ਅਤੇ ਸਾਰਿਆਂ ਲਈ ਬਰਾਬਰ ਮਨੁੱਖੀ ਅਧਿਕਾਰਾਂ ਲਈ ਲੜਨ ਲਈ ਮਰਨ ਵਾਲਿਆਂ ਦੇ ਜੀਵਨ ਦੀ ਯਾਦ ਵਿੱਚਕੁਝ ਲੋਕਾਂ ਦੁਆਰਾ ਸੋਗ ਦਾ ਦਿਨ ਮਨਾਇਆ ਜਾਂਦਾ ਹੈ।ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਨਸਲੀ ਕਾਨੂੰਨਾਂ ਅਤੇ ਅਭਿਆਸਾਂ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਨਸਲੀ ਵਿਤਕਰੇ ਦੇ ਖਾਤਮੇ ਲਈ ਅੰਤਰਰਾਸ਼ਟਰੀ ਕਨਵੈਨਸ਼ਨ ਦੁਆਰਾ ਨਸਲਵਾਦ ਨਾਲ ਲੜਨ ਲਈ ਇੱਕ ਅੰਤਰਰਾਸ਼ਟਰੀ ਢਾਂਚਾ ਬਣਾਇਆ ਗਿਆ ਹੈ। ਇਹ ਕਨਵੈਨਸ਼ਨ ਹੁਣ ਵਿਸ਼ਵਵਿਆਪੀ ਪ੍ਰਵਾਨਗੀ ਦੇ ਨੇੜੇ ਹੈ ਫਿਰ ਵੀ ਅਜੇ ਕਈ ਥਾਵਾਂ ਤੇ ਨਸਲਵਾਦ ਦੇ ਕਾਰਨ ਬੇਇਨਸਾਫ਼ੀ ਅਤੇ ਕਲੰਕ ਦਾ ਸਾਹਮਣਾ ਕਰਨਾ ਪੈਂਦਾ ਹੈ। ਨਸਲਵਾਦ ਸਭਿੱਅਕ ਸਮਾਜ ਵਿੱਚ ਇੱਕ ਗੈਰ-ਕਾਨੂੰਨੀ ਅਭਿਆਸ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਸਾਰੇ ਨਾਗਰਿਕਾਂ ਨੂੰ ਜਾਤ, ਧਰਮ, ਰੰਗ, ਕੌਮੀਅਤ ਜਾਂ ਨਸਲੀ ਮੂਲ ਦੀ ਪਰਵਾਹ ਕੀਤੇ ਬਿਨਾਂ ਆਪਣੀ ਪੂਰੀ ਸਮਰੱਥਾ ਨੂੰ ਪ੍ਰਗਟਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਸਾਲ 2001 ਵਿੱਚ ਨਸਲਵਾਦ ਦੇ ਵਿਰੁੱਧ ਵਿਸ਼ਵ ਕਾਨਫਰੰਸ ਨੇ ਨਸਲਵਾਦ, ਨਸਲੀ ਵਿਤਕਰੇ ਅਤੇ ਸੰਬੰਧਿਤ ਅਸਹਿਣਸ਼ੀਲਤਾ ਦਾ ਮੁਕਾਬਲਾ ਕਰਨ ਲਈ ਸਭ ਤੋਂ ਅਧਿਕਾਰਤ ਅਤੇ ਵਿਆਪਕ ਪ੍ਰੋਗਰਾਮ ਤਿਆਰ ਕੀਤਾ ਜਿਸਨੂੰ ਡਰਬਨ ਘੋਸ਼ਣਾ ਕਿਹਾ ਜਾਂਦਾ ਹੈ। ਅਪ੍ਰੈਲ 2009 ਵਿੱਚ ਡਰਬਨ ਰਿਵਿਊ ਕਾਨਫਰੰਸ ਨੇ ਨਸਲਵਾਦ ਦੀ ਸਮੱਸਿਆ ਤੇ ਕਾਬੂ ਪਾਉਣ ਲਈ ਵਿਸ਼ਵਵਿਆਪੀ ਤਰੱਕੀ ਦੀ ਜਾਂਚ ਕੀਤੀ ਅਤੇ ਸਿੱਟਾ ਕੱਢਿਆ ਕਿ ਇਸ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਇਸ ਕਾਨਫਰੰਸ ਦੀ ਸਭ ਤੋਂ ਵੱਡੀ ਪ੍ਰਾਪਤੀ ਨਸਲਵਾਦ ਵਿਰੋਧੀ ਏਜੰਡੇ ਲਈ ਨਵੀਂ ਅੰਤਰਰਾਸ਼ਟਰੀ ਬਚਨਵੱਧਤਾ ਸੀ। ਸਤੰਬਰ 2011 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਡਰਬਨ ਘੋਸ਼ਣਾ ਪੱਤਰ ਅਤੇ ਪ੍ਰੋਗਰਾਮ ਆਫ਼ ਐਕਸ਼ਨ ਨੂੰ ਅਪਣਾਏ ਜਾਣ ਦੀ 10ਵੀਂ ਵਰ੍ਹੇਗੰਢ ਮਨਾਉਣ ਲਈ ਨਿਊਯਾਰਕ ਵਿੱਚ ਇੱਕ ਦਿਨ ਦੀ ਉੱਚ-ਪੱਧਰੀ ਮੀਟਿੰਗ ਕੀਤੀ ਜਿਸ ਵਿੱਚ ਵੱਖ ਵੱਖ ਦੇਸ਼ਾਂ ਦੇ ਆਗੂਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਹਾਜਰ ਵਿਸ਼ਵ ਨੇਤਾਵਾਂ ਨੇ ਸਹਿਮਤੀ ਨਾਲ ਇੱਕ ਘੋਸ਼ਣਾ ਨੂੰ ਅਪਣਾਇਆ ਜਿਸ ਵਿੱਚ ਨਸਲਵਾਦ, ਨਸਲੀ ਵਿਤਕਰੇ ਅਤੇ ਸੰਬੰਧਿਤ ਅਸਹਿਣਸ਼ੀਲਤਾ ਅਤੇ ਇਸਦੇ ਪੀੜ੍ਹਤਾਂ ਦੀ ਸੁਰੱਖਿਆਕਰਨਾ ਸੀ। ਨਸਲਵਾਦ ਅਤੇ ਨਸਲੀ ਵਿਤਕਰੇ ਤੋਂ ਪ੍ਰਭਾਵਿਤ ਦੇਸ਼ਾਂ ਲਈ ਇਸ ਕੁਪ੍ਰਥਾ ਵਿਰੁੱਧ ਲੜਾਈ ਲਈ ਮਜ਼ਬੂਤ ਸੰਕਲਪ ਬਣਾਉਣ ਦਾ ਐਲਾਨ ਕੀਤਾ ਗਿਆ।ਭਾਰਤ ਵਿਚ ਰੰਗ-ਰੂਪ ਨੂੰ ਖੂਬਸੂਰਤੀ ਨਾਲ ਜੋੜ੍ਹਕੇ ਦੇਖਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਦੀਆਂ ਜੜ੍ਹਾਂ ਸਾਡੇ ਸਮਾਜ ਅਤੇ ਲੋਕਾਂ ਦੀ ਸੋਚ ਵਿੱਚ ਡੂੰਘੀਆਂ ਪੈ ਗਈਆਂ ਹਨ। ਗੋਰੇ ਅਤੇ ਕਾਲੇ ਰੰਗ ਦੀ ਇਸ ਲੜਾਈ ਵਿੱਚ ਅਸੀਂ ਕਦੇ ਵੀ ਇਸ ਵਿਤਕਰੇ ਨੂੰ ਖਤਮ ਕਰਨ ਵੱਲ ਧਿਆਨ ਨਹੀਂ ਦਿੱਤਾ। ਸਾਡਾ ਧਿਆਨ ਹਮੇਸ਼ਾ ਇਸ ਗੱਲ ਤੇ ਰਿਹਾ ਹੈ ਕਿ ਕਾਲੇਪਨ ਨੂੰ ਦੂਰ ਕਰਕੇ ਚਿੱਟੇ ਰੰਗ ਵਿਚ ਕਿਵੇਂ ਬਦਲਿਆ ਜਾਵੇ। ਭਾਰਤ ਵਿੱਚ ਚਿੱਟੀ ਚਮੜੀ ਦਾ ਜਨੂੰਨ ਖਤਰਨਾਕ ਹੈ। ਵਿਆਹਾਂ ਦੇ ਇਸ਼ਤਿਹਾਰਾਂ ਵਿੱਚ ਲੋਕ ਇਸਨੂੰ ਵੇਖਦੇ ਹਨ। ਇੰਨਾ ਹੀ ਨਹੀਂ ਭਾਰਤ ਵਿੱਚ ਸਾਲਾਂ ਤੋਂ ਰੰਗ ਗੋਰਾ ਕਰਨ ਵਾਲੀਆਂ ਕਰੀਮਾਂ ਦੀ ਵਰਤੋਂ ਅਤੇ ਪ੍ਰਸਿੱਧੀ ਹੈ ਫਿਰ ਵੀ ਕਿਸੇ ਨੇ ਵੀ ਅਜਿਹੇ ਉਤਪਾਦਨਾਂ ਦਾ ਨੋਟਿਸ ਨਹੀਂ ਲਿਆ ਜੋ ਰੰਗ ਅਧਾਰਿਤ ਪੱਖਪਾਤ ਦੀ ਵਕਾਲਤ ਕਰਦੇ ਹਨ। ਬਹੁਤੇ ਇਸ਼ਤਿਹਾਰਾਂ ਵਿੱਚ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਇੱਕ ਚੰਗੀ ਪਤਨੀ ਅਤੇ ਚੰਗੀ ਨੂੰਹ ਬਣਨ ਲਈ ਤੁਹਾਨੂੰ ਗੋਰਾ ਰੰਗ ਕਰਨ ਵਾਲੀਆਂ ਕਰੀਮ ਲਗਾਉਣੀ ਚਾਹੀਦੀ ਹੈ। ਇਹ ਵੀ ਵਿਖਾਇਆ ਜਾਂਦਾ ਹੈ ਕਿ ਤੁਸੀਂ ਜ਼ਿੰਦਗੀ ਵਿਚ ਕਿਤੇ ਵੀ ਪਹੁੰਚ ਸਕਦੇ ਹੋ ਪਰ ਤੁਸੀਂ ਉਦੋਂ ਹੀ ਸਫਲ ਹੋਵੋਗੇ ਜਦੋਂ ਤੁਸੀਂ ਸੁੰਦਰ ਦਿਖੋਗੇ ਅਤੇ ਤੁਸੀਂ ਉਦੋਂ ਹੀ ਸੁੰਦਰ ਦਿਖੋਗੇ ਜਦੋਂ ਤੁਸੀਂ ਕਿਸੇ ਵਿਸ਼ੇਸ਼ ਕੰਪਨੀ ਦੀ ਫੇਅਰਨੈਸ ਕਰੀਮ ਲਗਾ ਕੇ ਆਪਣੀ ਚਮੜੀ ਨੂੰ ਗੋਰੀ ਬਣਾਉਂਦੇ ਹੋ। ਕਾਲਾ ਰੰਗ ਹੋਣਾ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਇਹ ਸਮੱਸਿਆ ਉਸ ਸਮੇਂ ਹੋਰ ਵੀ ਵੱਡੀ ਹੋ ਜਾਂਦੀ ਹੈ ਜਦੋਂ ਇਹ ਹੋਰ ਕੁਰੀਤੀਆਂ ਨਾਲ ਰਲ ਜਾਂਦੀ ਹੈ। ਜੇਕਰ ਕੋਈ ਲੜਕੀ ਕਾਲੇ ਰੰਗ ਦੀ ਪੈਦਾ ਹੁੰਦੀ ਹੈ ਤਾਂ ਉਸ ਦੇ ਮਾਪੇ ਉਸ ਦੇ ਵਿਆਹ ਦੇ ਦਾਜ ਦੀ ਚਿੰਤਾ ਕਰਨ ਲੱਗ ਪੈਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਧੀ ਸਮਾਜ ਦੀਆਂ ਨਜ਼ਰਾਂ ਵਿਚ ਸੋਹਣੀ ਨਹੀਂ ਹੈ ਅਤੇ ਵਿਆਹ ਕਰਵਾਉਣ ਲਈ ਉਨ੍ਹਾਂ ਨੂੰ ਸਹੁਰਿਆਂ ਨੂੰ ਵੱਧ ਦਾਜ ਦੇਣਾ ਪਵੇਗਾ। ਨਸਲੀ ਵਿਤਕਰੇ ਵਿਰੋਧੀ ਰੋਸ ਪ੍ਰਦਰਸ਼ਨਾਂ ਤੋਂ ਬਾਅਦ ਬਹੁਤ ਸਾਰੇ ਬ੍ਰਾਂਡਾਂ ਨੇ ਆਪਣੇ ਉਤਪਾਦਾਂ ਦੇ ਨਾਮ ਬਦਲਣ ਦਾ ਫੈਸਲਾ ਕੀਤਾ ਹੈ। 'ਡਾਰਕ ਇਜ਼ ਬਿਊਟੀਫੁੱਲ' ਮੁਹਿੰਮ ਦੀ ਅਗਵਾਈ ਕਰਨ ਵਾਲੀ ਔਰਤ ਕਵਿਤਾ ਇਮੈਨੁਅਲ ਨੇ ਅਪਣੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਪਿਛਲੇ ਕਈ ਸਾਲਾਂ ਵਿੱਚ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਨਾਂ ਬਦਲਣਾ ਕਾਫੀ ਨਹੀਂ ਹੋਵੇਗਾ। ਉਸਨੇ ਅੱਗੇ ਅਜਿਹੇ ਉਤਪਾਦਾਂ ਨੂੰ ਬੰਦ ਕਰਨ ਦਾ ਪ੍ਰਸਤਾਵ ਦਿੱਤਾ ਤਾਂ ਜੋ ਵੱਧ ਤੋਂ ਵੱਧ ਔਰਤਾਂ ਰੰਗ ਦੀ ਪਰਵਾਹ ਕੀਤੇ ਬਿਨਾਂ ਅਪਣੀ ਪਹਿਚਾਣ ਬਣਾ ਸਕਣ। ਇਸ ਤਰ੍ਹਾਂ ਅਜਿਹੀਆਂ ਕਈ ਉਦਾਹਰਣਾਂ ਹਨ ਜਿੱਥੇ ਰੰਗ, ਨਸਲ, ਜਾਤ, ਧਰਮ ਆਦਿ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਹੁੰਦਾ ਦੇਖਿਆ ਗਿਆ ਹੈ। ਸਤੰਬਰ 2021 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ "ਮੁਆਵਜ਼ਾ ਨਸਲੀ ਨਿਆਂ ਅਤੇ ਲੋਕਾਂ ਲਈ ਬਰਾਬਰੀ"ਦੇ ਥੀਮ ਹੇਠ ਡਰਬਨ ਘੋਸ਼ਣਾ ਪੱਤਰ ਅਤੇ ਕਾਰਵਾਈ ਦੇ ਪ੍ਰੋਗਰਾਮ ਨੂੰ ਅਪਣਾਏ ਜਾਣ ਦੀ 20ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਨਿਊਯਾਰਕ ਵਿੱਚ ਇੱਕ ਦਿਨ ਦੀ ਮੀਟਿੰਗ ਲਈ ਵਿਸ਼ਵ ਨੇਤਾਵਾਂ ਨੂੰ ਇਕੱਠਾ ਕੀਤਾ। ਨਸਲਵਾਦ ਦੇ ਖਿਲਾਫ ਕਾਰਵਾਈ ਲਈ ਅੰਤਰ-ਰਾਸ਼ਟਰੀ ਦਿਵਸ ਦਾ 2022 ਲਈ ਐਡੀਸ਼ਨ "ਨਸਲਵਾਦ ਵਿਰੁੱਧ ਕਾਰਵਾਈ ਲਈ ਆਵਾਜ਼ ਦੇ ਉਦੇਸ਼ ਤੇ ਕੇਂਦਰਿਤ ਸੀ।" ਇਸ ਐਡੀਸ਼ਨ ਦਾ ਉਦੇਸ਼ ਖਾਸ ਤੌਰ ਤੇਨਸਲੀ ਵਿਤਕਰੇ ਨੂੰ ਰੋਕਣ ਅਤੇ ਇਸ ਦਾ ਮੁਕਾਬਲਾ ਕਰਨ ਲਈ ਫੈਸਲੇ ਲੈਣ ਦੇ ਸਾਰੇ ਖੇਤਰਾਂ ਵਿੱਚ ਅਰਥਪੂਰਨ ਅਤੇ ਸੁਰੱਖਿਅਤ ਜਨਤਕ ਭਾਗੀਦਾਰੀ ਅਤੇ ਪ੍ਰਤੀਨਿਧਤਾ ਨੂੰ ਮਜ਼ਬੂਤ ਕਰਨ ਦੇ ਮਹੱਤਵ ਨੂੰ ਉਜਾਗਰ ਕਰਨਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤਮਈ ਇਕੱਠ ਅਤੇ ਨਾਗਰਿਕ ਸਥਾਨ ਦੀ ਰੱਖਿਆ ਦੇ ਅਧਿਕਾਰਾਂ ਲਈ ਪੂਰੇ ਸਨਮਾਨ ਦੀ ਮਹੱਤਤਾ ਦੀ ਪੁਸ਼ਟੀ ਕਰਨਾ ਅਤੇ ਉਹਨਾਂ ਵਿਅਕਤੀਆਂ ਅਤੇ ਸੰਸਥਾਵਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਸੀਜੋ ਨਸਲੀ ਵਿਤਕਰੇ ਅਤੇ ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਦੇ ਵਿਰੁੱਧ ਖੜੇ ਹਨ।ਇਹ ਸਧਾਰਨ ਸੰਦੇਸ਼ ਨਸਲਵਾਦ ਵਿਰੁੱਧ ਆਪਣੀ ਆਵਾਜ਼ ਨੂੰ ਮਜ਼ਬੂਤ ਕਰਨ, ਨਸਲੀ ਵਿਤਕਰੇ ਅਤੇ ਬੇਇਨਸਾਫ਼ੀ ਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿਰੁੱਧ ਲਾਮਬੰਦ ਕਰਨ ਅਤੇ ਇੱਕ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਸ਼ਕਤੀਸ਼ਾਲੀ ਹਥਿਆਰ ਹੋ ਸਕਦੇ ਹਨ। ਇਹ ਉਦੇਸ਼ ਨਸਲੀ ਨਿਆਂ ਬਾਰੇ ਹਾਈ ਕਮਿਸ਼ਨਰ ਦੀ ਰਿਪੋਰਟ ਅਤੇ ਨਸਲੀ ਨਿਆਂ ਅਤੇ ਸਮਾਨਤਾ ਲਈ ਪਰਿਵਰਤਨਸ਼ੀਲ ਤਬਦੀਲੀ ਵੱਲ ਏਜੰਡਾ ਤੋਂ ਵੀ ਪ੍ਰੇਰਨਾ ਲੈਂਦੀ ਹੈ ਜਿਸ ਅਨੁਸਾਰ ਇਹ ਯਕੀਨੀ ਬਣਾਇਆ ਗਿਆ ਹੈ ਕਿ ਅਫਰੀਕੀ ਮੂਲ ਦੇ ਲੋਕਾਂ ਅਤੇ ਨਸਲਵਾਦ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਲੋਕਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਜਾਂਦੀਆਂ ਹਨ ਤੇ ਬਣਦੀ ਯੋਗ ਕਾਰਵਾਈ ਕੀਤੀ ਜਾਂਦੀ ਹੈ। ਇਸਦੇ ਥੀਮ "ਨਸਲਵਾਦ ਵਿਰੁੱਧ ਨੌਜਵਾਨ ਖੜ੍ਹੇ ਹੋ ਰਹੇ ਹਨ" ਨਸਲਵਾਦ ਵਿਰੁੱਧ ਲੜਾਈ ਦੇ ਨਾਲ ਨਸਲੀ ਭੇਦਭਾਵ, ਵਿਤਕਰੇ ਅਤੇ ਅਸਹਿਣਸ਼ੀਲਤਾ ਵਿਰੁੱਧ ਖੜ੍ਹੇ ਹੋਣ ਅਤੇ ਸਮਾਨਤਾ ਨੂੰ ਅਪਣਾਉਣ ਲਈ ਕਿਹਾ ਹੈ। ਸਾਲ 2023 ਦਾ ਥੀਮ "ਨਸਲਵਾਦ ਅਤੇ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਦੀ ਜ਼ਰੂਰਤ" ਤੇ ਕੇਂਦ੍ਰਿਤ ਸੀ। ਇਸ ਸਾਲ 2024 ਲਈ ਥੀਮ "ਮਾਨਤਾ, ਨਿਆਂ ਅਤੇ ਵਿਕਾਸ ਦਾ ਦਹਾਕਾ: ਅਫਰੀਕੀ ਮੂਲ ਦੇ ਲੋਕਾਂ ਲਈ ਅੰਤਰਰਾਸ਼ਟਰੀ ਦਹਾਕੇ ਦਾ ਲਾਗੂਕਰਨ" ਹੈ।ਇਸ ਸਾਲ ਦਾ ਥੀਮ ਅਫਰੀਕੀ ਮੂਲ ਦੇ ਲੋਕਾਂ ਲਈ ਅੰਤਰਰਾਸ਼ਟਰੀ ਦਹਾਕੇ ਨਾਲ ਸਬੰਧਿਤ ਹੈ ਜੋ 2015 ਤੋਂ 2024 ਤੱਕ ਦੀ ਸਮਾਂ ਸੀਮਾ ਫੈਲਾਉਂਦੀ ਹੈ। ਇਸਦੀ ਘੋਸ਼ਣਾ ਕਰਦੇ ਹੋਏ ਅੰਤਰ-ਰਾਸ਼ਟਰੀ ਭਾਈਚਾਰਾ ਇਹ ਮਾਨਤਾ ਦੇ ਰਿਹਾ ਹੈ ਕਿ ਅਫਰੀਕੀ ਮੂਲ ਦੇ ਲੋਕ ਇੱਕ ਵੱਖਰੇ ਸਮੂਹ ਦੀ ਨੁਮਾਇੰਦਗੀ ਕਰਦੇ ਹਨ ਜਿਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਹਰਾਉਂਦੀ ਹੈ ਕਿ ਸਾਰੇ ਮਨੁੱਖ ਆਜ਼ਾਦ ਅਤੇ ਸਨਮਾਨ ਅਤੇ ਅਧਿਕਾਰਾਂ ਵਿੱਚ ਬਰਾਬਰ ਪੈਦਾ ਹੁੰਦੇ ਹਨ ਅਤੇ ਆਪਣੇ ਸਮਾਜਾਂ ਦੇ ਵਿਕਾਸ ਅਤੇ ਭਲਾਈ ਲਈ ਰਚਨਾਤਮਕ ਯੋਗਦਾਨ ਪਾਉਣ ਦੀ ਸਮਰੱਥਾ ਰੱਖਦੇ ਹਨ। ਆਪਣੇ ਮਤੇ ਵਿੱਚ ਜਨਰਲ ਅਸੈਂਬਲੀ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਨਸਲੀ ਵਿਤਕਰੇ ਦਾ ਕੋਈ ਵੀ ਸਿਧਾਂਤ ਵਿਗਿਆਨਕ ਤੌਰ ਤੇ ਗਲਤ, ਨੈਤਿਕ ਤੌਰ ਤੇ ਨਿੰਦਣਯੋਗ, ਸਮਾਜਿਕ ਤੌਰ ਤੇ ਬੇਇਨਸਾਫ਼ੀ ਅਤੇ ਖ਼ਤਰਨਾਕ ਹੈ ਅਤੇ ਵੱਖ-ਵੱਖ ਮਨੁੱਖੀ ਨਸਲਾਂ ਦੀ ਹੋਂਦ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਿਧਾਂਤਾਂ ਦੇ ਨਾਲ ਰੱਦ ਕੀਤਾ ਜਾਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਰਾਜਾਂ ਤੇ ਜ਼ਿੰਮੇਵਾਰੀਆਂ ਲਾਉਂਦਾ ਹੈ ਅਤੇ ਉਨ੍ਹਾਂ ਨੂੰ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਦਾ ਹੈ। ਸਮਾਨਤਾ ਦਾ ਸਿਧਾਂਤ ਰਾਜਾਂ ਨੂੰ ਅਜਿਹੀਆਂ ਸਥਿਤੀਆਂ ਨੂੰ ਖਤਮ ਕਰਨ ਲਈ ਵਿਸ਼ੇਸ਼ ਉਪਾਅ ਅਪਣਾਉਣ ਦੀ ਵੀ ਮੰਗ ਕਰਦਾ ਹੈ ਜੋ ਨਸਲੀ ਵਿਤਕਰੇ ਦਾ ਕਾਰਨ ਬਣਦੇ ਹਨ ਜਾਂ ਮੱਦਦ ਕਰਦੇ ਹਨ। 23 ਦਸੰਬਰ 2013 ਨੂੰ ਜਨਰਲ ਅਸੈਂਬਲੀ ਨੇ ਮਾਨਤਾ, ਨਿਆਂ ਅਤੇ ਵਿਕਾਸ ਥੀਮ ਦੇ ਨਾਲ 1 ਜਨਵਰੀ 2015 ਤੋਂ ਸ਼ੁਰੂ ਹੋਣ ਵਾਲੇ ਅਤੇ 31 ਦਸੰਬਰ 2024 ਨੂੰ ਖਤਮ ਹੋਣ ਵਾਲੇ ਅੰਤਰਰਾਸ਼ਟਰੀ ਦਹਾਕੇ ਦੀ ਘੋਸ਼ਣਾ ਕੀਤੀ ਹੈ। ਭਾਰਤ ਵਿੱਚ ਨਸਲਵਾਦ ਇੱਕ ਜ਼ਾਲਮ ਅਤੇ ਨਿਰੰਤਰ ਹਕੀਕਤ ਹੈ। ਪ੍ਰਾਚੀਨ ਸਮੇਂ ਤੋਂ ਲੋਕਾਂ ਨਾਲ ਉਨ੍ਹਾਂ ਦੀ ਦਿੱਖ ਅਤੇ ਪਿਛੋਕੜ ਲਈ ਜਨਤਕ ਜੀਵਨ ਵਿੱਚ ਵਿਤਕਰਾ ਕੀਤਾ ਜਾਂਦਾ ਰਿਹਾ ਹੈ।ਭਾਰਤੀ ਜਾਤ ਪ੍ਰਣਾਲੀ ਜੋ ਆਬਾਦੀ ਨੂੰ 4 ਹਿੱਸਿਆਂ ਵਿੱਚ ਵੰਡਦੀ ਹੈ ਇਸਦੀ ਇੱਕ ਉਦਾਹਰਣ ਹੈ।ਆਜ਼ਾਦੀ ਤੋਂ ਬਾਅਦ ਵੀ ਨਸਲਵਾਦ ਸਮਾਜ ਦੇ ਵੱਖ-ਵੱਖ ਵਰਗਾਂ ਦੁਆਰਾ ਇੱਕ ਦੂਜੇ ਦੇ ਵਿਰੁੱਧ ਅਭਿਆਸ ਕਰਨ ਵਾਲੀ ਵਿਸ਼ੇਸ਼ਤਾ ਹੈ। ਵਿਸ਼ਵ ਕਦਰਾਂ-ਕੀਮਤਾਂ ਦੇ ਸਰਵੇਖਣ ਅਨੁਸਾਰ ਭਾਰਤ ਨੂੰ ਦੂਜਾ ਸਭ ਤੋਂ ਵੱਧ ਨਸਲਵਾਦੀ ਦੇਸ਼ ਮੰਨਿਆ ਜਾਂਦਾ ਹੈ ਅਤੇ ਨਸਲ ਦਾ ਆਧਾਰ ਵਰਗ, ਲਿੰਗ ਜਾਂ ਜਨਮ ਸਥਾਨ ਹੈ। ਸ਼ੋਸ਼ਣ ਵਿਰੁੱਧ ਅਧਿਕਾਰ ਭਾਰਤੀ ਸੰਵਿਧਾਨ ਵਿੱਚ ਦਰਜ ਹਨ। ਭਾਰਤ ਨਸਲ ਅਧਾਰਿਤ ਵਿਤਕਰੇ ਦੇ ਖਾਤਮੇ ਲਈ 1965 ਦੇ ਸੰਯੁਕਤ ਰਾਸ਼ਟਰ ਸੰਮੇਲਨ ਦਾ ਹਿਸਾ ਬਣ ਗਿਆ ਹੈ। ਅੱਜ ਬਹੁਤ ਸਾਰੇ ਦੇਸ਼ਾਂ ਵਿੱਚ ਨਸਲਵਾਦੀ ਕਾਨੂੰਨਾਂ ਅਤੇ ਪ੍ਰਥਾਵਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਨਸਲੀ ਵਿਤਕਰੇ ਦੇ ਖਾਤਮੇ ਬਾਰੇ ਅੰਤਰਰਾਸ਼ਟਰੀ ਕਨਵੈਨਸ਼ਨ ਦੇ ਮਾਰਗਦਰਸ਼ਨ ਨਾਲ ਨਸਲਵਾਦ ਨਾਲ ਲੜਨ ਲਈ ਇੱਕ ਅੰਤਰਰਾਸ਼ਟਰੀ ਢਾਂਚਾ ਵੀ ਵਿਕਸਤ ਕੀਤਾ ਗਿਆ ਸੀ।

ਨਸਲੀ ਵਿਤਕਰੇ ਦਾ ਖਾਤਮਾ ਸਮਾਜਿਕ ਵਿਕਾਸ ਦੀ ਆਦਰਸ਼ ਸਥਿਤੀ ਹੈ। ਜੇਕਰ ਹਰ ਵਿਅਕਤੀ ਮਨੁੱਖੀ ਵਿਕਾਸ ਵਿੱਚ ਹਿੱਸਾ ਲੈਕੇ ਇੱਕ ਸ਼ਾਂਤੀਪੂਰਨ ਅਤੇ ਖੁਸ਼ਹਾਲ ਸਮਾਜ ਦੀ ਅਗਵਾਈ ਕਰੇਗਾ ਤਾਂ ਹੀ ਸਮਾਜ ਦਾ ਅਸਲੀ ਵਿਕਾਸ ਹੋਵੇਗਾ ਅਤੇ ਇਹ ਸਭ ਦੀ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਹੈ। ਸੰਯੁਕਤ ਰਾਸ਼ਟਰ ਹਰੇਕ ਨੂੰ ਨਸਲਵਾਦ ਵਿਰੁੱਧ ਲੜਾਈ ਵਿੱਚ ਸ਼ਾਮਲ ਹੋਣ ਅਤੇ ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋਣ ਦੀ ਅਪੀਲ ਕਰਦਾ ਹੈ।





ਕੁਲਦੀਪ ਚੰਦ
91-9417563054

# ਅਰਪਨ ਸੋਸਾਇਟੀ ਨੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ

ਅਰਪਨ ਸੋਸਾਇਟੀ ਵਲੋਂ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਕਮਿਊਨੀਕੇਸ਼ਨ, ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨੋਲੋਜੀ ਭਾਰਤ ਸਰਕਾਰ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸਤੀਸ਼ ਮੱਲੀ ਰਾਸਟਰੀ ਪ੍ਰਧਾਨ ਲੈਬੋਟਰੀ ਐਸੋਸਿਏਸ਼ਨ, ਐਡਵੋਕਟ ਨਰੇਸ਼ ਕੁਮਾਰ, ਇੰਜਨੀਅਰ ਤਰਸੇਮ ਸਹੋਤਾ, ਗੋਪਾਲ, ਹੈਲਥ ਵਰਕਰ ਮਨੋਜ ਕੁਮਾਰ, ਹੇਮ ਰਾਜ ਪ੍ਰਧਾਨ ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਸਰਪੰਚ ਸੁਦੇਸ਼ ਕੁਮਾਰੀ, ਬਲਵਿੰਦਰ ਲਾਖਾ, ਅਧਿਆਪਕ ਮੈਡਮ ਕੰਚਨ ਅਤੇ ਪੂਨਮ ਵਿਸ਼ੇਸ਼ ਤੋਰ ਤੇ ਪਹੁੰਚੇ ਅਤੇ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇੰਜਨੀਅਰ ਤਰਸੇਮ ਸਹੋਤਾ ਨੇ ਵਿਗਿਆਨ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਵਿਗਿਆਨ ਦੀਆਂ ਕਾਢਾਂ ਕਾਰਨ ਹੀ ਅੱਜ ਪੂਰੀ ਦੁਨੀਆਂ ਤਰੱਕੀ ਕਰ ਰਹੀ ਹੈ ਅਤੇ ਸਾਨੂੰ ਸਭਨੂੰ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਜੀਵਨ ਦੀ ਸੌਖ ਲਿਆਉਣ ਲਈ ਹਰ ਘਰ ਦੁਆਰਾ ਵਿਗਿਆਨ ਦੀ ਵਰਤੋਂ ਕੀਤੀ ਜਾ ਰਹੀ ਹੈ। ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਵਿਗਿਆਨ ਦਿਵਸ ਦੀ ਮਹੱਤਤਾ ਅਤੇ ਸਾਲ 2024 ਦੇ ਉਦੇਸ਼ "ਵਿਕਸਿਤ ਭਾਰਤ ਲਈ ਸਵਦੇਸ਼ੀ ਤਕਨਾਲੋਜੀ" ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਹ ਥੀਮ ਨਾ ਸਿਰਫ਼ ਇੱਕ ਨਵੇਂ ਯੁੱਗ ਦੀ ਨਿਸ਼ਾਨਦੇਹੀ ਕਰਦਾ ਹੈ ਸਗੋਂ ਭਾਰਤ ਅਤੇ ਸਮੁੱਚੀ ਮਨੁੱਖਤਾ ਦੀ ਭਲਾਈ ਵਿੱਚ ਸਹਿਯੋਗ ਕਰਨ, ਮਿਲਕੇ ਕੰਮ ਕਰਨ ਅਤੇ ਯੋਗਦਾਨ ਪਾਉਣ ਲਈ, ਘਰੇਲੂ ਅਤੇ ਅੰਤਰਰਾਸ਼ਟਰੀ ਤੌਰ ਤੇ ਜਨਤਕ ਅਤੇ ਵਿਗਿਆਨਕ ਭਾਈਚਾਰੇ ਲਈ ਇੱਕ ਮੌਕਾ ਵੀ ਪੇਸ਼ ਕਰਦਾ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ।ਵੀ। ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ 'ਰਮਨ ਪ੍ਰਭਾਵ' ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਸ ਖੋਜ ਨੇ ਡਾਕਟਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣ ਵਾਲਾ ਪਹਿਲਾ ਭਾਰਤੀ ਬਣਾ ਦਿੱਤਾ। ਸਤੀਸ਼ ਮੱਲੀ ਨੇ ਕਿਹਾ ਕਿ ਵਿਗਿਆਨ ਦਾ ਦੇਸ਼ ਦੇ ਵਿਕਾਸ ਲਈ ਅਹਿਮ ਯੋਗਦਾਨ ਹੈ ਅਤੇ ਵਿਗਿਆਨ ਦੀ ਸਹਾਇਤਾ ਨਾਲ ਹੀ ਅਸੀਂ ਕਈ ਤਰਾਂ ਦੀਆਂ ਸਮਸਿਆਵਾਂ ਤੇ ਕਾਬੂ ਪਾਇਆ ਹੈ।



ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੀਆਂ ਮਸ਼ੀਨਾਂ ਦੀ ਵਰਤੋਂ ਕਰਦੇ ਹਾਂ ਜੋ ਵਿਗਿਆਨ ਦੇ ਸਰਲ ਤਰੀਕੇ ਨਾਲ ਕੰਮ ਕਰਦੀਆਂ ਹਨ। ਕੰਪਿਊਟਰ, ਸੈਟੇਲਾਈਟ, ਐਕਸ-ਰੇ, ਰੇਡੀਅਮ, ਪਲਾਸਟਿਕ ਸਰਜਰੀ, ਫੋਨ, ਬਿਜਲੀ, ਇੰਟਰਨੈੱਟ, ਫੋਟੋਗ੍ਰਾਫੀ ਆਦਿ ਵਿਗਿਆਨਕ ਕਾਢਾਂ ਸਾਡੇ ਲਈ ਬਹੁਤ ਲਾਭਦਾਇਕ ਸਾਬਤ ਹੋਈਆਂ ਹਨ। ਵਿਗਿਆਨ ਦੀ ਬਦੌਲਤ ਹੀ ਅੱਜ ਅਸੀਂ ਕਈ ਬੀਮਾਰੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਾਂ। ਗੋਪਾਲ ਨੇ ਵਿਗਿਆਨ ਕਾਰਨ ਹੋਈਆਂ ਪ੍ਰਾਪਤੀਆਂ ਦਾ ਵੀ ਵਿਸਥਾਰ ਵਿੱਚ ਵਰਣਨ ਕੀਤਾ। ਉਨ੍ਹਾਂ ਕਿਹਾ ਕਿ ਵਿਗਿਆਨ ਮਨੁੱਖ ਦੇ ਜੀਵਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਸਰਪੰਚ ਸੁਦੇਸ਼ ਕੁਮਾਰੀ ਨੇ ਵਿਗਿਆਨ ਨਾਲ ਮਨੁਖੀ ਜੀਵਨ ਵਿੱਚ ਆਏ ਬਦਲਾਓ ਬਾਰੇ ਦੱਸਿਆ। ਮਨੋਜ ਕੁਮਾਰ ਨੇ ਵਿਗਿਆਨ ਦੁਆਰਾ ਸਿਹਤ ਅਤੇ ਮੈਡੀਕਲ ਖੇਤਰ ਵਿੱਚ ਕੀਤੀਆਂ ਗਈਆਂ ਕਾਢਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ ਗਈ। ਉਨਾਂ ਨੇ ਦੱਸਿਆ ਕਿ ਵਿਗਿਆਨ ਦੀਆਂ ਖੋਜਾਂ ਕਾਰਨ ਅੱਜ ਮਨੁੱਖੀ ਜੀਵਨ ਵਿੱਚ ਖੁਸ਼ਹਾਲੀ ਆਈ ਹੈ ਅਤੇ ਲੋਕਾਂ ਦਾ ਜੀਵਨ ਸੁਖਾਲਾ ਬਣ ਗਿਆ ਹੈ। ਮੈਡਮ ਕੰਚਨ ਨੇ ਦੱਸਿਆ ਕਿ ਆਧੁਨਿਕ ਸਮਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਇੰਨੀ ਆਮ ਹੈ ਕਿ ਵਿਦਿਆਰਥੀਆਂ ਨੂੰ ਵਿਗਿਆਨ ਦੀਆਂ ਮੁੱਖ ਧਾਰਨਾਵਾਂ, ਉਲਝਣਾਂ ਅਤੇ ਉਪਯੋਗਾਂ ਵਿੱਚ ਚੰਗੀ ਸਿੱਖਿਆ ਦੀ ਲੋੜ ਹੁੰਦੀ ਹੈ। ਵਕੀਲ ਨਰੇਸ਼ ਕੁਮਾਰ ਨੇ ਕਿਹਾ ਕਿ ਵਿਗਿਆਨ ਦੀਆਂ ਖੋਜਾਂ ਕਾਰਨ ਹੀ ਦੇਸ ਵਿੱਚ ਵੱਡੇ ਵੱਡੇ ਪ੍ਰਜੈਕਟ ਚੱਲ ਰਹੇ ਹਨ। ਇਸ ਪ੍ਰੋਗਰਾਮ ਵਿੱਚ ਮੰਜੂ ਬਾਲਾ, ਸਲਮਾ, ਰਜਨੀ, ਸਿਮਰਨਜੀਤ ਕੌਰ, ਸ਼ਿੰਦੋ ਦੇਵੀ, ਪੁਸ਼ਪਾ, ਕਵਿਤਾ, ਜੋਤੀ, ਰਿੰਕੀ, ਮਧੂ, ਗੁਰਪ੍ਰੀਤ, ਕਮਲ, ਸ਼ਿਵ, ਕਰਨ, ਮਨਤ, ਅਭੀਜੀਤ, ਰਿਤੇਸ਼, ਕਿਰਨ, ਜਸ਼ਨ, ਮਹਿਕ, ਸਾਹਿਲ, ਰਾਜਨ, ਵਿਸ਼ਾਲ, ਪ੍ਰਿੰਸ, ਨਿਰਜ਼, ਤਰੁਣ, ਹਰਸ਼ ਆਦਿ ਆਦਿ ਹਾਜਰ ਸਨ।

**- ਕੁਲਦੀਪ ਚੰਦ 9417563054**

# ਪੰਜਾਬ 'ਚ ਬੁੱਧ ਧੰਮ ਦੇ ਰੁਲਦੇ ਮੋਤੀ










**ਹਰਬੰਸ ਵਿਰਦੀ, ਲੰਡਨ**

**ਕੋਟਲੀ ਵਸਾਵਾ ਸਿੰਘ-** ਕੋਟਲੀ ਵਸਾਵਾ ਸਿੰਘ, ਪੱਟੀ ਦਾ ਇਲਾਕਾ ਹੈ, ਜੋ ਕਿ ਵਲਟੋਏ ਤੋਂ 3 ਕਿਲੋਮੀਟਰ ਦੱਖਣ ਵੱਲ ਹੈ। ਜਿਸ ਨੂੰ ਕਦੀ ਸੀਂਹ ਪੱਟੀ ਕਿਹਾ ਜਾਂਦਾ ਸੀ ਭਾਵ ਜਿੱਥੇ ਸ਼ੇਰ ਰਹਿੰਦੇ ਹੋਣ। ਸੱਤਵੀਂ ਸਦੀ ਵਿੱਚ ਨਾਲੰਦਾ ਤੋਂ ਆਪਣੀ ਵਿੱਦਿਆ ਪੂਰੀ ਕਰਕੇ ਹਿਊਂਨਸਾਂਗ ਨੂੰ ਸਮਰਾਟ ਹਰਸ਼ ਵਰਧਨ ਵਲੋਂ ਜਾਲਾਂਧਾਰ ਤੋਂ ਵਿਦਿਆ ਹੋਇਆ ਤਾਂ ਉਹ ਸਾਰੇ ਪੰਜਾਬ ਵਿੱਚੋਂ ਦੀ ਲੰਘਿਆ। ਹਿਊਂਨਸਾਂਗ ਨੇ ਲਿਖਿਆ ਹੈ ਕਿ ਉਸ ਨੇ ਬ੍ਰਾਮਣਾਂ ਨੂੰ ਹੱਲ ਚਲਾਉਂਦੇ ਦੇਖਿਆ। ਬੁੱਧ ਧੰਮ ਦਾ ਰਾਜ ਹੋਣ ਕਰਕੇ ਹਰ ਇਨਸਾਨ ਆਪਣੇ ਖ਼ਾਨਦਾਨ ਦਾ ਕੰਮ ਨਹੀਂ, ਬਲਕਿ ਆਪਣੀ ਕਾਬਲੀਅਤ ਅਤੇ ਆਪਣੇ ਮਨ ਪਸੰਦ ਦਾ ਕੰਮ ਕਰਦਾ ਸੀ। ਪੰਜਾਬ ਵਿੱਚ ਸੱਤਵੀਂ ਸਦੀ ਵਿੱਚ ਵੀ ਬੁੱਧ ਧੰਮ ਵਧ ਫੁੱਲ ਰਿਹਾ ਸੀ, ਜਦੋਂ ਕਿ ਭਾਰਤ ਦੇ ਬਾਕੀ ਹਿੱਸਿਆ ਵਿੱਚ ਬੁੱਧ ਧੰਮ ਦਾ ਪਤਨ ਸ਼ੁਰੂ ਹੋ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਲਾਹੌਰ ਆਪਣੀ ਤਰੱਕੀ ਦੀਆਂ ਬੁਲੰਦੀਆਂ 'ਤੇ ਸੀ ਲੇਕਨ ਅੰਮ੍ਰਿਸਰ ਅਤੇ ਲੁਧਿਆਣੇ ਦਾ ਨਾਂਅਨਿਸ਼ਾਨ ਵੀ ਨਹੀਂ ਸੀ, ਜਲੰਧਰ, ਸਿਆਲਕੋਟ ਅਤੇ ਪੱਟੀ ਸ਼ਹਿਰ ਸਨ। ਪੰਜਾਬ ਨੂੰ ਪੁਰਾਤਨ ਹਿੰਦੂ ਗਰੰਥਾਂ ਵਿੱਚ ਭਿੱਟਿਆ ਹੋਇਆ ਦੇਸ਼ ਕਿਹਾ ਗਿਆ ਹੈ, ਕਿਉਂਕਿ ਇੱਥੇ ਦੇ ਲੋਕ ਵਰਣ ਵਿਵਸਥਾ ਨੂੰ ਪੂਰੀ ਤਰ੍ਹਾਂ ਨਹੀਂ ਮੰਨਦੇ ਅਤੇ ਔਰਤਾਂ ਨੂੰ ਸਮਾਜਿਕ ਆਜ਼ਾਦੀ ਦਿੱਤੀ ਹੋਈ ਸੀ। ਪੰਜਾਬ ਦੇ ਲੋਕ ਮਧੁਰਾਪਾਨ ਕਰਦੇ ਹਨ ਅਤੇ ਮਾਸ ਖਾਂਦੇ ਹਨ (ਹੈਰਾਨੀ ਦੀ ਗੱਲ ਹੈ ਕਿ ਜਦੋਂ ਇਹ ਹਿੰਦੂ ਜਾਂ ਇਨ੍ਹਾਂ ਦੇ ਦੇਵੀ-ਦੇਵਤਾ ਸ਼ਰਾਬ ਪੀਂਦੇ ਸਨ ਤਾਂ ਇਹ ਸੋਮਰਸ ਹੈ, ਪਰ ਜਦੋਂ ਸਾਡੇ ਬਜ਼ੁਰਗਾਂ ਨੇ ਪੀਤੀ ਤਾਂ ਮਧੁਰਾਪਾਨ ਹੈ)

ਕੋਟਲੀ ਵਸਾਵਾ ਵਿੱਚ ਘੱਟੋ-ਘੱਟ ਇੱਕ ਸੌ ਬੁੱਧ ਮੱਠ ਸਨ, ਪਰ ਅੱਜ ਕੇਵਲ 10 ਮੱਠਾਂ ਦੇ ਹੀ ਨਿਸ਼ਾਨ ਮਿਲਦੇ ਹਨ, ਕੋਟਲੀ ਵਸਾਵਾ 10 ਏਕੜ ਵਿੱਚ ਸੀ ਜੋ ਕਿ ਅੱਜ-ਕੱਲ ਜ਼ਿਆਦਾ ਜ਼ਮੀਨ ਵਿੱਚ ਖੇਤੀ ਕੀਤੀ ਜਾਂਦੀ ਹੈ। ਇੱਥੇ ਇੱਕ ਸਰੋਵਰ ਹੈ ਜੋ ਕਿ ਬੁੱਧ ਧੰਮ ਨੂੰ ਅਲੋਪ ਕਰਨ ਤੋਂ ਬਾਅਦ ਬ੍ਰਾਹਮਣਾਂ ਨੇ ਇਸ ਬੋਧੀ ਸਰੋਵਰ ਨੂੰ ਪੂਰ ਦਿੱਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਵਸਾਵਾ ਸਿੰਘ ਨੂੰ ਜਗੀਰ ਦਿੱਤੀ ਤਾਂ ਖੇਤੀ ਕਰਨ ਵੇਲੇ ਇਸ ਸਰੋਵਰ ਨੂੰ ਫਿਰ ਤੋਂ ਪੁੱਟ ਕੇ ਸੁਰਜੀਤ ਕਰ ਦਿੱਤਾ, ਦੱਖਣੀ ਭਾਰਤ ਦਾ ਇਹ ਸਰੋਵਰ ਸਭ ਤੋਂ ਪੁਰਾਣਾ ਹੈ।

ਅੱਜ ਕੱਲ ਇਸ ਸਰੋਵਰ ਨਜ਼ਦੀਕ ਇੱਕ ਗੌਰਮਿੰਟ ਹਾਈ ਸਕੂਲ ਅਤੇ ਗੁਰਦੁਆਰਾ ਹੈ, ਜਿਸ ਕਰਕੇ ਇਹ ਸਰੋਵਰ ਬਚਿਆ ਹੋਇਆ ਹੈ। ਇਸ ਸਰੋਵਰ ਬੁੱਧ ਧੰਮ ਦੇ ਅਸ਼ਟਾਂਗ ਮਾਰਗ ਦੇ ਅੱਠ ਕੋਣਿਆਂ ਦੇ ਆਧਾਰ ਤੇ ਹੈ। ਅੱਜ ਵੀ ਸਰੋਵਰ ਦੀਆਂ ਇੱਟਾਂ, ਉਹ ਹੀ ਪੁਰਾਣੀਆਂ ਇੱਟਾਂ ਹਨ ਜੋ ਕਿ ਕਾਫੀ ਭੁਰ ਚੁੱਕੀਆਂ ਹਨ। ਸਰੋਵਰ ਦੇ ਕੰਢੇ ਇੱਕ ਬੜੇ ਆਕਾਰ ਦੇ ਬਹੁਤ ਪੁਰਾਣੇ ਦਰਖਤ ਹੇਠ ਬੁੱਧ ਦੀ ਇੱਕ ਮੂਰਤੀ ਪਈ ਹੈ ਜੋ ਕਿ ਇਸ ਸਰੋਵਰ ਵਿੱਚੋਂ ਨਿਕਲੀ ਸੀ। ਇੱਥੇ ਸੈਂਕੜੇ ਸਾਲ ਪੁਰਾਣੇ ਦਰਖਤ ਸਨ ਜੋ ਕਿ ਖੇਤੀ ਦੀ ਉਪਜ ਕਰਨ ਦੀ ਖਾਤਰ ਵੱਢ ਦਿੱਤੇ ਗਏ। ਸਰੋਵਰ ਦੇ ਕੰਢੇ ਇੱਕ ਬਹੁਤ ਹੀ ਪੁਰਾਣੇ ਪਿੱਪਲ ਜਿਸ ਨੂੰ ਬੋਧੀ ਬ੍ਰਿਕਸ਼ ਵੀ ਕਹਿੰਦੇ ਹਨ (ਕਿਉਂਕਿ ਸਿਧਾਰਥ ਗੌਤਮ ਨੂੰ ਗਯਾ ਵਿਖੇ ਪਿੱਪਲ ਦੇ ਦਰਖਤ ਹੇਠ ਹੀ ਗਿਅਨ ਹੋਇਆ ਸੀ) ਦੇ ਬਿਲਕੁਲ ਨਾਲ ਹੀ ਇਕ ਖੂਹੀ ਵੀ ਹੈ ਇਹ ਖੂਹੀ ਵੀ ਬੋਧੀਆਂ ਦੇ ਅਸ਼ਟਾਂਗ ਮਾਰਗ ਦੇ ਅੱਠ ਕੋਣਿਆ ਦੇ ਆਧਾਰ ਤੇ ਹੈ। ਸਥਾਨਕ ਲੋਕ ਇਹ ਮੰਨਦੇ ਹਨ ਕਿ ਇਸ ਖੂਹੀ ਦੇ ਪਾਣੀ ਨਾਲ ਅੱਠ ਐਤਵਾਰ ਇਸ਼ਨਾਨ ਕਰਨ ਨਾਲ ਚਮੜ੍ਹੀ ਦੀਆਂ ਸਾਰੀਆਂ ਬੀਮਾਰੀਆਂ ਠੀਕ ਹੋ ਜਾਂਦੀਆਂ ਹਨ। ਮੁਮਕਿਨ ਹੈ ਕਿ ਇਹ ਸਰੋਵਰ ਸਮਰਾਟ ਕਨਸ਼ਕ ਜਾਂ ਸਮਰਾਟ ਹਰਸ਼ ਵਰਧਨ ਨੇ ਬਣਾਇਆ ਸੀ। ਸਰੋਵਰ ਦੇ ਇਰਦ-ਗਿਰਦ ਦੇ ਸਾਰੇ ਜੰਗਲਾਤ ਦੇ ਦਰਖਤ ਵੱਢੇ ਜਾ ਚੁੱਕੇ ਹਨ ਜੋ ਕਿ ਬਹੁਤ ਹੀ ਪੁਰਾਣੇ ਸਨ।

ਇੱਥੇ ਹੀ ਇੱਕ ਮਟੀ ਹੈ, ਹੈਰਾਨੀ ਦੀ ਗੱਲ ਹੈ ਕਿ ਇਹ ਮਟੀ ਬੋਧੀ ਸਤੂਪਾਂ ਦੇ ਆਧਾਰ ਤੇ ਹੈ। ਕਿਸੇ ਦੇ ਘਰ ਜਦੋਂ ਨਵੀਂ ਗਾਂ ਜਾਂ ਮੱਝ ਸੂੰਦੀ ਹੈ ਤਾਂ ਲੋਕ ਉਸ ਦਾ ਦੁੱਧ ਇਸ ਮਟੀ ਉੱਕਦ ਚੜਾਉਂਦੇ ਹਨ ਅਤੇ ਇਹ ਸੰਧੂਆਂ ਦੇ ਜਠੇਰੇ ਹਨ। ਕਈ ਸਾਲ ਪਹਿਲਾਂ ਇਸ ਮਟੀ ਦੇ ਬਿਲਕੁਲ ਨਾਲ ਇੱਕ ਸੈਂਕੜੇ ਸਾਲ ਪੁਰਾਣਾ ਦਰਖਤ ਸੀ, ਜਿਸ ਨੂੰ ਵੱਢ ਦਿੱਤਾ ਗਿਆ ਜਿਸ ਦਾ ਸੁੱਕਾ ਹੋਇਆ ਜੁੰਢ ਹਾਲੇ ਵੀ ਮਟੀ ਨਾਲ ਹੈ। ਇਹ ਸਾਡਾ ਦੋ ਹਜਾਰ ਸਾਲ ਦਾ ਇਤਿਹਾਸ, ਜੋ ਦੋ ਹਜ਼ਰਾ ਸਾਲ ਤੋਂ ਬਚਿਆ ਹੋਇਆ ਹੈ ਲੱਗਦਾ ਹੈ ਕਿ ਅਗਲੇ 25-30 ਸਾਲ ਮੁਸ਼ਿਕਲ ਨਾਲ ਹੀ ਰਹੇਗਾ, ਕਿਉਂਕਿ ਵਧ ਰਹੀ ਆਬਾਦੀ, ਫਸਲਾਂ ਉਗਾਉਣ ਦੇ ਲਾਲਚ ਵਿੱਚ ਲੋਕ ਇਸ ਨੂੰ ਬਰਬਾਦ ਕਰ ਦੇਣਗੇ । ਸਰੋਵਰ ਤੋਂ ਥੋੜੀ ਹੀ ਦੂਰ ਕੋਟਲੀ ਵਸਾਵਾ ਸਿੰਘ ਪਾਹਗੰਜ, ਨਵਾਂ ਪਿੰਡ ਦਾ ਥੇਹ ਹੈ ਜੋ ਕਿ 9-10 ਕਿੱਲਿਆਂ ਵਿੱਚ ਸੀ, ਪਰ ਹੁਣ ਕੇਵਲ 4-5 ਕਿੱਲੇ ਹੀ ਰਹਿ ਗਿਆ ਹੈ ਕਿਸੇ ਸਮੇਂ ਇਹ ਦਰਿਆ ਸਤਲੁਜ ਦੇ ਕੰਢੇ ਸੀ, ਪਰ ਅੱਜ ਇਹ ਸੱਤਲੁਜ ਤੋਂ 8-9 ਕਿਲੋ ਮੀਟਰ ਦੀ ਦੂਰੀ ਤੇ ਹੈ, ਦਰਿਆ ਦਾ ਕੰਢਾ ਅੱਜ ਵੀ ਸਹੀ ਸਲਾਮਤ ਹੈ, ਇਸ ਦਾ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੈ। ਗੁਰਦੁਆਰੇ ਦੇ ਇੱਕ ਪਾਸੇ ਨੀਲੇ ਰੰਗ ਦਾ ਬਾਬੇ ਰੱਬ ਜੀ ਦਾ ਦਰਬਾਰ ਵੀ ਹੈ।

ਕਿਸੇ ਸਮੇਂ ਇਹ ਕੋਟਲੀ ਵਸਾਵਾ ਨਾਥ ਯੋਗੀਆਂ ਦਾ ਅਸਥਾਨ ਵੀ ਰਿਹਾ ਹੈ, ਕਿਉਂਕਿ ਬੁੱਧ ਧੰਮ ਚਾਰ ਪਹਿਲੂਆਂ ਵਿੱਚੋਂ ਗੁਜ਼ਰਿਆ ਬੁੱਧ ਮੱਤ, ਸਿੱਧ ਮੱਤ, ਨਾਥ ਮੱਤ ਅਤੇ ਫਿਰ ਸੰਤ ਮੱਤ। ਸੁਭਾਵਕ ਹੈ ਕਿ ਤੀਜੇ ਦੌਰ ਵਿੱਚ ਨਾਥਾਂ ਨੇ ਇੱਥੋਂ ਪ੍ਰਚਾਰ ਕੀਤਾ। ਬ੍ਰਾਹਮਣ ਚਾਣਕੀਆ ਨੇ ਆਪਣੇ ਅਰਥ ਸ਼ਾਸਤਰ ਵਿੱਚ ਲਿਖਿਆ ਹੈ ਕਿ ਜਰੂਰਤ ਪੈਣ ਤੇ ਮੰਦਰ ਦਾ ਪੁਜਾਰੀ ਮੰਦਰ ਦੀ ਜੀਵਕਾ, ਧੰਨ ਦੌਲਤ, ਮਸ਼ਹੂਰੀ ਲਈ ਕੋਈ ਵੀ ਕਹਾਣੀ ਬਣਾ ਸਕਦਾ ਹੈ ਜਾਂ ਜੋੜ ਸਕਦਾ ਹੈ। ਰਾਮਾਇਣ ਨੂੰ ਮੁੱਖ ਰੱਖ ਕੇ ਇਸ ਸਰੋਵਰ ਵਾਰੇ ਵੀ ਝੂਠੀ ਕਹਾਣੀ ਲਿਖ ਦਿੱਤੀ ਕਿ ਇਹ ਉਹ ਹੀ ਸਰੋਵਰ ਹੈ, ਜਿੱਥੋਂ ਰਾਜੇ ਦਸ਼ਰਥ ਦਾ ਭਾਣਜਾ ਸਰਬਣ ਆਪਣੇ ਪਿਆਸੇ ਮਾਂ ਬਾਪ ਲਈ ਪਾਣੀ ਲੈਣ ਆਇਆ ਸੀ। ਦਸ਼ਰਥ ਨੇ ਸਰੋਵਰ ਦੇ ਕੰਢੇ ਖੂਹੀ ਵਾਲੇ ਪਿੱਪਲ ਉੱ ਚੜ੍ਹ ਕੇ ਸਰਬਣ ਨੂੰ ਤੀਰ ਨਾਲ ਮਾਰਿਆ ਸੀ। ਨਜ਼ਦੀਕ ਹੀ ਇੱਕ ਸਤੂਪ ਦਾ ਹੇਠਲਾ ਹਿੱਸਾ ਤਿੰਨ ਕੁ ਫੁੱਟ ਪੁਰਾਤਨ ਹੈ, ਬਾਕੀ ਬਾਅਦ ਵਿੱਚ ਬਣਾਇਆ ਗਿਆ ਹੈ, ਜਿਸ ਨੂੰ ਸਥਾਨਕ ਲੋਕ ਸਰਬਣ ਦੀ ਵਹਿੰਗੀ ਕਹਿੰਦੇ ਹਨ।

ਅੱਜ ਵੀ ਇੱਥੇ ਬਹੁਤ ਹੀ ਜ਼ਿਆਦਾ ਪੁਰਾਣੇ ਦਰਖਤ ਹਨ ਜੋ ਕਿ ਇਸ ਗੱਲ ਦੀ ਗਵਾਹੀ ਦੇ ਰਹੇ ਹਨ ਕਿ ਇਹ ਇੱਕ ਇਤਿਹਾਸਕ ਅਸਥਾਨ ਹੈ। ਇਨ੍ਹਾਂ ਦਰਖਤਾਂ ਬਾਰੇ ਪੁਰਾਤਨ ਵਿਭਾਗ ਦੇ ਅਫਸਰ ਸੀ. ਕੇ. ਅਤਰੀ ਨੇ ਭਬੀਸ਼ਨ ਸਿੰਘ ਗੁਰਾਇਆਂ ਦੇ ਪੁੱਛਣ ਤੇ ਕਿਹਾ ਕਿ ਸਰੋਵਰ ਦੀਆਂ ਇੱਟਾਂ ਤੋਂ ਪਤਾ ਲੱਗਦਾ ਹੈ ਕਿ ਇਸ ਬਹੁਤ ਪੁਰਾਣਾ ਅਸਥਾਨ ਹੈ ਜੋ ਕਿ ਲਕੋਰੀ ਇੱਟ ਦਾ ਬਣਿਆ ਹੋਇਆ ਹੈ, ਸਟਡੀ ਕਰਨ ਤੋਂ ਬਾਅਦ ਦੱਸਾਂਗੇ, ਪਰ ਇਹ ਸਾਫ ਦਿਖਾਈ ਦਿੰਦਾ ਹੈ ਕਿ ਇਹ ਕੁਸ਼ਾਨ ਦੇ ਸਮੇਂ ਦਾ ਹੈ। ਇੱਥੋਂ ਕੁਸ਼ਾਨ ਕਾਲ ਭਾਵ ਸਮਰਾਟ ਕਨਸ਼ਕ ਅਤੇ ਗੌਰੀ ਦੇ ਸੋਨੇ ਦੇ ਸਿੱਕੇ ਮਿਲੇ ਹਨ, ਖੂਹ ਦੀਆਂ ਟਿੰਡਾਂ, ਲਲਾਰੀ ਦੇ ਬੜੇ-ਬੜੇ ਮੱਟ, ਬੱਚਿਆਂ ਦੇ ਖਿਡੌਣੇ ਖਰਾਸਾਂ ਦੇ ਪੁੜ੍ਹ, ਚੱਕੀਆਂ ਦੇ ਪੁੜ੍ਹ, ਘੜ੍ਹੇ ਆਦਿ ਮਿਲੇ ਹਨ। ਲੱਗਦਾ ਹੈ ਕਿ ਸਰੋਵਰ ਦੀ ਇੱਟ ਤਕਰੀਬਨ 2,000 ਸਾਲ ਪੁਰਾਣੀ ਹੈ। ਇਹ ਸਰੋਵਰ ਭਾਰਤ ਦਾ ਸਭ ਤੋਂ ਪੁਰਾਣਾ ਹੈ। ਸੂਝਵਾਨ ਲੋਕਾਂ ਨੂੰ ਇਸ ਦੀ ਹਿਫਾਜ਼ਤ ਕਰਨ ਲਈ ਹਰ ਕਦਮ ਉਠਾਉਣੇ ਚਾਹੀਦੇ ਹਨ। ਥੇਹ ਦੇ ਕੋਲ ਇੱਕ ਭੱਠਾ ਬਣ ਰਿਹਾ ਹੈ ਜੋ ਕਿ ਇਸ ਇਤਿਹਾਸਕ ਅਸਥਾਨ ਲਈ ਇੱਕ ਖਤਰੇ ਦੀ ਘੰਟੀ ਹੈ, ਕਿਉਂਕਿ ਇੱਟਾਂ ਬਣਾਉਣ ਲਈ ਮਿੱਟੀ ਪੁੱਟੀ ਜਾਵੇਗੀ ਤਾਂ ਜਿਸ ਦਾ ਕੋਈ ਖਸਮਖਸਾਈ ਨਹੀਂ, ਇਸ ਥੇਹ ਵਿੱਚੋਂ ਹੀ ਇੱਕ ਧਨਾਡ ਇਸ ਇਤਿਹਾਸਕ ਮਿੱਟੀ ਨੂੰ ਤਬਾਹ ਕਰਕੇ ਹੋਰ ਵੀ ਧੰਨਵਾਨ ਬਣ ਜਾਵੇਗਾ।

**ਪਾਹਗੰਜ, ਨਵਾਂਪਿੰਡ ਦਾ ਥੇਹ-** ਅੰਮ੍ਰਿਤਸਰ ਖੇਮਕਰਨ ਸੜਕ ਤੋਂ, ਅਲਗੋਂ ਕੋਠੀ ਤੋਂ ਦੱਖਣ ਵਲ ਇੱਕ ਥੇਹ ਢਾਈ ਕਿੱਲੋਮੀਟਰ ਫਿਰ ਨਵਾਂ ਪਿੰਡ ਤੋਂ ਦੱਖਣ ਵਲ ਇੱਕ ਥੇਹ ਹੈ ਇਹ ਪਾਹਗੰਜ ਦਾ ਥੇਹ ਜਿੱਥੋਂ ਕਿ ਬਹੁਤ ਹੀ ਅਨਮੋਲ ਵਸਤੂਆਂ ਨਿਕਲੀਆਂ ਹਨ ਉਸ ਨੂੰ ਦੇਖਕੇ ਲੱਗਦਾ ਹੈ ਕਿ ਪੰਜਾਬ ਦੇ ਸਾਰੇ ਥੇਹਾਂ ਵਿੱਚੋਂ ਇਹ ਹੀ ਸਭ ਤੋਂ ਅਮੀਰ ਥੇਹ ਹੈ । ਇੱਥੋਂ ਇੱਕ ਸਿਲਾਲੇਖ ਮਿਲਿਆ ਹੈ, ਜਿਸ ਵਿੱਚ ਇਸ ਅਸਥਾਨ ਦਾ ਨਾਂਅ ਪਾਹਗੰਜ ਲਿਖਿਆ ਹੋਇਆ ਹੈ। ਇਹ ਸਿਲਾਲੇਖ ਬ੍ਰਮਾ ਲਿੱਪੀ ਦੀ ਪਾਲੀ ਭਾਸ਼ਾ ਵਿੱਚ ਲਿਖਿਆ ਹੋਇਆ ਹੈ, ਭਾਰਤ ਦੀ ਸਭ ਤੋਂ ਪੁਰਾਤਨ ਭਾਸ਼ਾ ਪਾਲੀ ਹੈ ਜੋ ਗੁਰਮਖੀ ਦੀ ਮਾਂ ਹੈ ਅਤੇ ਗੁਰਮਖੀ ਦੇ ਵਿਕਾਸ ਦੀ ਇੱਕ ਅਹਿਮ ਕੜੀ ਹੈ। ਇਸ ਸਿਲਾਲੇਖ ਹੇਠ ਇਸ ਦੀ ਸਥਾਪਨਾ ਦਾ ਸਾਲ 212 ਲਿਖਿਆ ਹੋਇਆ ਹੈ ਇਸ ਤੋਂ ਭਾਵ ਹੈ ਕਿ ਇਹ ਸਿਲਾਲੇਖ 1800 ਸਾਲ ਪੁਰਾਣੀ ਹੈ, 1800 ਸੌ ਸਾਲ ਪਹਿਲਾਂ ਇਹ ਪੂਰਨ ਇੱਕ ਵਸਦਾ ਸ਼ਹਿਰ ਸੀ। ਭਾਰਤ ਵਿੱਚ ਮਿਲੇ ਸਾਰੇ ਸਿਲਾਲੇਖਾਂ ਵਿੱਚੋਂ ਇਹ ਇੱਕ ਪੁਰਾਣਾ ਹੈ। 1984 ਤੋਂ ਬਾਅਦ ਗੁਰਮਖੀ ਵਿਦਵਾਨ ਜੋ ਗਹਿਰੀ ਨੀਂਦ ਸੁੱਤੇ ਹੋਏ ਹਨ, ਉਨ੍ਹਾਂ ਦਾ ਧਿਆਨ ਇੱਧਰ ਸਿਲਾਲੇਖਾਂ ਵਲ ਨਹੀਂ ਗਿਆ। ਹੁਣ ਇਹ ਥੇਹ ਕੇਵਲ 23 ਕਿੱਲੇ ਰਹਿ ਗਿਆ ਹੈ ਇਵੇਂ ਲਗਦਾ ਹੈ ਕਿ ਇੱਥੇ ਵੀ ਜਲਦੀ ਹੀ ਝੋਨਾ ਲੱਗ ਜਾਵੇਗਾ। ਥੇਹ ਦਾ ਬਹੁਤਾ ਹਿੱਸਾ ਇੱਕ ਕਾਰਖਾਨਾ ਲਾਉਣ ਲਈ ਕਰੇਨਾਂ ਨਾਲ ਪੁੱਟਿਆ ਜਾ ਚੁੱਕਾ ਹੈ, ਇਸ ਕੀਮਤੀ ਮਿੱਟੀ ਨੂੰ ਟਰਾਲੀਆਂ ਨਾਲ ਢੋਇਆ ਜਾ ਰਿਹਾ ਹੈ। ਪਿੱਛੇ ਜਿਹੇ ਇਵੇਂ ਹੀ ਇੱਕ ਹਰਸ਼ੇਸ਼ੀਨੇ ਦੇ ਮਹਾਨ ਥੇਹ ਦਾ ਜ਼ਿਕਰ ਆਇਆ ਸੀ, ਜਿੱਥੇ ਕਿ ਅੱਜ-ਕੱਲ ਇੱਕ ਕਾਰਖਾਨਾ ਚੱਲਦਾ ਹੈ। ਇਹ ਹੀ ਹਾਲ ਪੰਜਾਬ ਦੇ ਸਾਰੇ ਥੇਹਆਂ ਦਾ ਹੈ ਉਨ੍ਹਾਂ ਨੂੰ ਢਾਇਆ ਜਾ ਰਿਹਾ ਹੈ, ਬਰਬਾਦ ਕੀਤਾ ਜਾ ਰਿਹਾ ਹੈ ਕੀ ਸਾਡੀਆ ਸਰਕਾਰਾਂ ਇਨ੍ਹਾਂ ਥੇਹਾਂ ਨੂੰ ਬਚਾ ਸਕਣਗੀਆਂ?

ਕੁਦਰਤ ਦੇ ਬੰਦਿਓ, ਖੌਫ ਖਾਓ ਪੈਸਿਆਂ ਨੇ ਨਾਲ ਨਹੀਂ ਜਾਣਾ, ਕਿਉਂ ਇਤਿਹਾਸ ਨੂੰ ਬਰਬਾਦ ਕਰ ਰਹੇ ਹੋ? ਕਿਉਂ ਇਤਹਾਸ ਤੇ ਕਰੇਨਾਂ ਫੇਰ ਹਰੇ ਹੋ? ਹੁਣ ਬੁੱਧੀਜੀਵੀਆਂ ਨੂੰ ਜਾਗਣਾ ਪਵੇਗਾ। ਧਨਾਢਾਂ ਤੋਂ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਖਤਰੇ ਨੂੰ ਦੇਖ ਕੇ ਟਟੀਰੀ ਬੋਲਦੀ ਹੈ, ਸਾਡੀ ਇਹ ਆਵਾਜ਼ ਵੀ ਇਤਿਹਾਸ ਦੇ ਲਈ ਖਤਰੇ ਦੀ ਘੰਟੀ ਸੁਨਣ ਤੇ ਹੈ ਕਿ ਆਪਣੀ ਅਨਮੋਲ ਵਿਰਾਸਤ ਨੂੰ ਸੰਭਾਲੋ!

**ਨੋਟ-** ਉਪਰੋਕਤ ਲੇਖ 90% ਮਹਾਨ ਵਿਦਵਾਨ ਸਰਦਾਰ ਭਬੀਸ਼ਨ ਸਿੰਘ ਗੁਰਾਇਆਂ ਜੀ ਦੀ ਸੀ ਡੀ "ਸਰੋਵਰ ਕੋਟਲੀ ਵਸਾਵਾ ਸਿੰਘ" ਦੇ ਆਧਾਰ ਤੇ ਹੈ। ਅਸੀਂ ਇਸ ਵਿਦਵਾਨ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਪੰਜਾਬ ਦੇ ਇਸ ਖ਼ਜ਼ਾਨੇ ਨੂੰ ਲੱਭ ਕੇ ਦੁਨੀਆ ਅੱਗੇ ਪੇਸ਼ ਕੀਤਾ ਹੈ। ਅਗਲਾ ਲੇਖ ਇਸ ਹੀ ਵਿਦਵਾਨ ਭਬੀਸ਼ਨ ਸਿੰਘ ਗੁਰਾਇਆਂ ਜੀ ਦੀ ਸੀ ਡੀ "ਬੰਡਾਲਾ ਬੋਧੀਆ ਵਾਲਾ" ਦੇ ਆਧਾਰ ਤੇ ਪੇਸ਼ ਕੀਤਾ ਜਾਵੇਗਾ।

# ਪ੍ਰਸਿੱਧ ਕੀਬੋਰਡ ਪਲੇਅਰ ਤੇ ਕੋ ਸਿੰਗਰ ਬਲਵਿੰਦਰ ਕੁਮਾਰ ਉਰਫ ਬੀ. ਕੇ. ਮਾਨ




**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬੀ ਸੰਗੀਤ ਦਾ ਚਮਕਦਾ ਸਿਤਾਰਾ ਕੀਬੋਰਡ ਪਲੇਅਰ ਤੇ ਕੋ ਸਿੰਗਰ ਬਲਵਿੰਦਰ ਕੁਮਾਰ ਉਰਫ ਬੀ।ਕੇ ਮਾਨ ਇੱਕ ਪ੍ਰਪੱਕ ਸਾਜ਼ਿੰਦੇ ਦੇ ਨਾਲ ਨਾਲ ਇੱਕ ਬਹੁਤ ਵਧੀਆ ਇਨਸਾਨ ਵੀ ਹੈ। ਸਵ: ਸ੍ਰੀ ਦਰਸ਼ਨ ਰਾਮ ਜੀ ਪਿਤਾ ਅਤੇ ਮਾਤਾ ਸਵ: ਚੰਨੋ ਦੇ ਇਸ ਲਾਡਲੇ ਸਪੁੱਤਰ ਬੀ. ਕੇ. ਮਾਨ ਨੇ ਬਹੁਤ ਹੀ ਸੁਰੀਲੇ ਗਾਇਕ ਮਰਹੂਮ ਜਨਾਬ ਸਾਬਰਕੋਟੀ ਜੀ ਨਾਲ ਸਨ੍ਹ 1994 ਵਿੱਚ ਗੁਰਧਾਰਨਾ ਦੀ ਰਸਮ ਅਦਾ ਕੀਤੀ। ਜਿਲ੍ਹਾ ਜਲੰਧਰ ਦੇ ਪਿੰਡ ਲੇਸੜੀਵਾਲ ਨੇੜੇ ਆਦਮਪੁਰ ਵਿੱਚ ਜਨਮੇ ਇਸ ਫ਼ਨਕਾਰ ਨੇ ਮੈਟ੍ਰਿਕ ਦੀ ਪ੍ਰੀਖਿਆ ਡਿਜ਼ਕੋਟ ਖ਼ਾਲਸਾ ਹਾਈ ਸਕੂਲ ਅਲਾਵਲਪੁਰ ਤੋਂ ਸਨ੍ਹ 1988 ਵਿੱਚ ਪਾਸ ਕੀਤੀ। ਬਚਪਨ ਵਿੱਚ ਹੀ ਸੰਗੀਤ ਦੀ ਰੁਚੀ ਰੱਖਣ ਵਾਲਾ ਇਹ, ਕੀਬੋਰਡ ਪਲੇਅਰ ਤੇ ਕੋ ਸਿੰਗਰ ਖ਼ੁਦ ਵੀ ਬਹੁਤ ਖ਼ਰਾ ਤੇ ਸੁਰੀਲਾ ਗਾਉਂਦਾ ਹੈ। ਬਤੌਰ ਕੀਬੋਰਡ ਪਲੇਅਰ:-

ਇੰਟਰਨੈਸ਼ਨਲ ਸਟਾਰ ਗਾਇਕ ਸੁਰਿੰਦਰ ਲਾਡੀ, ਰਿ-ਕਨੂਰ, ਸਿੰਗਰ ਗੁਲਜ਼ਾਰ ਲਾਹੌਰੀਆ ਜੀ, ਸਿੰਗਰ ਲੈਂਹਿਬਰ ਹੁਸੈਨਪੁਰੀ ਜੀ, ਗਾਇਕ ਜੈਲੀ ਜੀ, ਗਾਇਕ ਮਨਜੀਤ ਪੱਪੂ ਜੀ, ਗਾਇਕ ਸੁੱਚਾ ਰੰਗੀਲਾ ਤੇ ਮਨਦੀਪ ਮੈਂਡੀ ਜੀ, ਗਾਇਕ ਤਜਿੰਦਰ ਤੇਜੀ ਯੂ ਕੇ ਵਾਲ਼ੇ, ਗਾਇਕਾ ਪੁਸ਼ਪਿੰਦਰ ਕੋਮਲ ਜੀ, ਇੰਟਰਨੈਸ਼ਨਲ ਗਾਇਕ ਫ਼ਿਰੋਜ਼ ਖ਼ਾਨ ਜੀ, ਆਪਣੇ ਉਸਤਾਦ ਇੰਟਰਨੈਸ਼ਨਲ ਗਾਇਕ ਸਾਬਰਕੋਟੀ ਜੀ, ਗਾਇਕ ਰਾਜਨ ਮੱਟੂ ਜੀ, ਗਾਇਕ ਅਲੈਕਸ ਕੋਟੀ ਜੀ, ਗਾਇਕ ਰਣਜੀਤ ਰਾਣਾ ਜੀ,ਇੰਟਰਨੈਸ਼ਨਲ ਗਾਇਕ ਸਰਦੂਲ ਸਿਕੰਦਰ ਜੀ ਦੇ ਸ਼ਗਿਰਦ ਜ਼ਮੀਲ ਅਖਤਰ ਜੀ, ਗਾਇਕ ਬੂਟਾ ਮੁਹੰਮਦ ਜੀ, ਗਾਇਕ ਦਲਵਿੰਦਰ ਦਿਆਲਪੁਰੀ ਜੀ, ਗਾਇਕ ਸਵ: ਮੋਹਣ ਬੰਗੜ ਜੀ, ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਜੀ, ਗਾਇਕ ਸ੍ਰੀ ਕੁਲਦੀਪ ਚੁੰਬਰ ਜੀ, ਗਾਇਕ ਕਮਲ ਤੱਲਣ ਜੀ, ਗਾਇਕਾ ਪ੍ਰੀਆ ਬੰਗਾ ਜੀ, ਗਾਇਕ ਕੁਲਵਿੰਦਰ ਕਿੰਦਾ ਜੀ, ਗਾਇਕ ਤਾਜ਼ ਨਗੀਨਾ ਜੀ, ਮਰਹੂਮ ਗਾਇਕ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਜੀ, ਇੰਟਰਨੈਸ਼ਨਲ ਮਰਹੂਮ ਗਾਇਕ ਜਨਾਬ ਸੁਰਿੰਦਰ ਸ਼ਿੰਦਾ ਜੀ, ਗਾਇਕ ਪਾਲੀ ਦੇਤਵਾਲੀਆ ਜੀ, ਇੰਟਰਨੈਸ਼ਨਲ ਸਟਾਰ ਗਾਇਕ ਕਮਲ ਹੀਰ ਜੀ ਨਾਲ ਕੋਰਸ ਤੇ, ਅਤੇ ਹੋਰ ਵੀ ਕਈ ਸਟਾਰ ਕਲਾਕਾਰਾਂ ਨਾਲ ਸੰਗਤ ਕਰ ਚੁੱਕਿਆ। ਆਪਣੀ ਕਾਮਯਾਬੀ ਲਈ ਉਹ ਆਪਣੇ ਪਿਤਾ ਜੀ ਦਾ ਸਹਿਯੋਗ ਮੰਨਦਾ ਹੈ। ਜੋ ਉਸਦੇ ਮਾਰਗ ਦਰਸ਼ਕ ਹਨ। ਉਹ ਆਪਣੇ ਪਰਿਵਾਰ ਅਤੇ ਜੀਵਨ ਸਾਥਣ ਲਖਵਿੰਦਰ ਕੌਰ ਤੋਂ ਇਲਾਵਾ ਆਪਣੇ ਸਕੂਲ ਟੀਚਰ ਸ੍ਰ ਸੁਰਜੀਤ ਸਿੰਘ ਕਪੂਰਪਿੰਡ ਵਾਲ਼ੇ,ਸ੍ਰ ਹਰਭਜਨ ਸਿੰਘ ਜੀ ਮਾਣਕੋ ਵਾਲ਼ੇ, ਢੋਲਕ ਮਾਸਟਰ ਜੋਤੀ ਬੁੱਲੋਵਾਲ ਵਾਲ਼ੇ, ਸ੍ਰੀ ਭਗਤ ਸ਼ਰਮਾ ਜੀ,ਐਂਕਰ ਬਲਦੇਵ ਰਾਹੀ ਜੀ, ਐਂਕਰ ਲਿਆਸ ਲੇਸੜੀਵਾਲ, ਵਿਜੈ ਖੋਸਲਾ, ਕਲਾਸੀਕਲ ਸਿੰਗਰ ਮਾਸਟਰ ਰਾਜੇਸ਼ ਭਾਰਗਵ ਜੀ, ਵਿਜੈ ਰੱਤੂ ਜੀ, ਉੱਘੇ ਲੇਖਕ ਲਖਵਿੰਦਰ ਗਿੱਲ ਤੇ ਹੋਰ ਵੀ ਬਹੁਤ ਸਾਰੇ ਸੱਜਣਾਂ ਮਿੱਤਰਾਂ ਦਾ ਜ਼ਿਕਰ ਕਰਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਬੀ, ਕੇ ਮਾਨ ਦੇ ਬਤੌਰ ਉਸਤਾਦ ਵਜੋਂ ਉਸ ਦੇ ਮਾਣਮੱਤੇ ਸ਼ਗਿਰਦਾਂ ਵਿਚੋਂ ਪ੍ਰਭਾਵਸ਼ਾਲੀ ਗਾਇਕਾ ਰੀਨਾ ਨਾਰੰਗਪੁਰੀ ਵਿਸ਼ੇਸ਼ ਹਨ। ਕਈ ਸੱਭਿਆਚਾਰਕ ਸੰਸਥਾਵਾਂ ਤੋਂ ਸਨਮਾਨਿਤ ਬੀ। ਕੇ ਮਾਨ ਦੂਰਦਰਸ਼ਨ ਜਲੰਧਰ ਤੇ ਬਹੁਤ ਸਾਰੇ ਕਲਾਕਾਰਾਂ ਨਾਲ ਹਾਜ਼ਰੀ ਲਗਵਾ ਚੁੱਕਾ ਹੈ। ਪ੍ਰਮਾਤਮਾ ਕਰੇ ਓਹ ਹੋਰ ਵੀ ਮਿਹਨਤ ਕਰਕੇ ਸੰਗੀਤ ਜਗਤ ਵਿਚ ਮੱਲਾਂ ਮਾਰੇ।

# ਸਰਕਾਰੀ ਹਸਪਤਾਲ ਅਤੇ ਮੁਫਤ ਦਵਾਈਆਂ



ਮੇਜਰ ਸਿੰਘ ਨਾਭਾ
91-94635-53962

ਸਿਹਤ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ । ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਹਸਪਤਾਲਾਂ , ਡਾਕਟਰਾਂ ਦੇ ਕਲੀਨਿਕਾਂ ਆਦਿ ਵਿੱਚ ਬਹੁਤਾਤ ਵਿੱਚ ਦਿਖਾਈ ਦੇਂਦੇ ਹਨ । ਜਿਆਦਾਤਰ ਮਰੀਜ਼ ਐਲੋਪੈਥੀ ਦਵਾਈਆਂ ਨਾਲ ਜਲਦੀ ਠੀਕ ਹੋਣ ਲਈ ਇਲਾਜ ਕਰਵਾ ਰਹੇ ਹਨ ।ਭਾਰਤ ਅੰਦਰ ਬਹੁਤੇ ਲੋਕ ਐਲੋਪੈਥੀ ਇਲਾਜ਼ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ ਕਿਉਂ ਕਿ ਪਹਿਲਾਂ ਤਾਂ ਡਾਕਟਰ ਮਹਿੰਗੇ ਟੈਸਟ ਲਿਖ ਦਿੰਦੇ ਹਨ ਦੂਸਰਾ ਦਵਾਈਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ ।ਇਸ ਤਰ੍ਹਾਂ ਬਹੁਤੇ ਮਰੀਜ਼ ਨੀਮ ਹਕੀਮਾਂ ਦੇ ਸਸਤੇ ਇਲਾਜ 'ਚ ਫਸ ਕੇ ਜਾਨ ਗੁਆ ਬੈਠਦੇ ਹਨ ।

ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਅੰਦਰ ਦਵਾਈਆਂ ਮੁਫਤ ਦੇਣ ਦਾ ਐਲਾਨ ਕੀਤਾ ਹੋਇਆ ਹੈ ਜਿਸ ਲਈ ਸਰਕਾਰ ਉਚੇਚੇ ਤੌਰ ਤੇ ਫੰਡ ਜਾਰੀ ਕਰ ਰਹੀ ਹੈ। ਨਵੀਂ ਪੰਜਾਬ ਸਰਕਾਰ ਨੇ ਆਪਣੇ ਚੋਣ ਵਾਅਦੇ 'ਚ ਸਿਹਤ ਅਤੇ ਸਿੱਖਿਆ ਮਹਿਕਮਿਆਂ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਉੱਪਰ ਮੁਫਤ ਸਹੂਲਤਾਂ ਦੇਣ ਦੀ ਗੱਲ ਕੀਤੀ ਸੀ। ਸਰਕਾਰੀ ਹਸਪਤਾਲਾਂ ਵਿੱਚੋਂ ਹੀ ਮੁਫਤ 278 ਜਰੂਰੀ ਦਵਾਈਆਂ ਦੇਣ ਦੀ ਵਿਵਸਥਾ ਦੇ ਨਾਲ ਹੁਣ 254 ਹੋਰ ਜਰੂਰੀ ਅਤੇ ਹੋਰ ਦਵਾਈਆਂ ਮੁਫਤ ਆਮ ਲੋਕਾਂ ਲਈ ਦੇਣ ਨੂੰ ਲਿਸਟ ਵਿੱਚ ਸਾਮਲ ਕਰਕੇ 26 ਜਨਵਰੀ 2024 ਤੋਂ ਗਿਣਤੀ 532 ਹੋ ਗਈ । ਹਸਪਤਾਲ ਸਟੋਰਾਂ ਵਿੱਚ ਜਿਨ੍ਹਾਂ ਦਵਾਈਆਂ ਦੀ ਘਾਟ ਹੋਵੇਗੀ ਉਨ੍ਹਾਂ ਦੀ ਰਿਪੋਰਟ ਸਿਹਤ ਮਹਿਕਮੇ ਨੂੰ ਪੰਜ ਦਿਨ ਪਹਿਲਾਂ ਕਰਨੀ ਹੈ ਤਾਂ ਜੋ ਸਮੇਂ ਸਿਰ ਦਵਾਈ ਪਹੁੰਚਾਈ ਜਾ ਸਕੇ ।ਫਿਰ ਵੀ ਮਹਿਕਮੇ ਵਲੋਂ ਭੇਜਣ 'ਚ ਕਿਸੇ ਕਾਰਨ ਦੇਰੀ ਹੋਣ ਦੀ ਸੰਭਾਵਨਾ ਕਰਕੇ ਮਹਿਕਮੇ ਨੇ ਸਿਵਲ ਸਰਜਨਾਂ ਨੂੰ ਆਪਣੇ ਪੱਧਰ ਤੇ ਉੱਚਿਤ ਕਮੇਟੀ ਬਣਾ ਕੇ ਉਸ ਰਾਹੀਂ 10 ਲੱਖ ਤੱਕ , ਇਸੇ ਤਰ੍ਹਾਂ ਸੀਨੀਅਰ ਮੈਡੀਕਲ ਅਫਸਰਾਂ ਨੂੰ 2.50 ਲੱਖ ਰੁਪਏ ਤੱਕ ਦੀਆਂ ਲੋੜੀਂਦੀਆਂ ਦਵਾਈਆਂ ਖ੍ਰੀਦਣ ਦੇ ਅਧਿਕਾਰ ਦਿੱਤੇ ਹਨ ।ਦੇਖਦੇ ਹਾਂ ਕਿ ਕਦੋਂ ਇਹ ਸਕੀਮ ਪੂਰਨ ਰੂਪ 'ਚ ਆਪਣਾ ਕੰਮ ਕਰੇਗੀ ।

ਹਸਪਤਾਲਾਂ ਵਿੱਚ ਜਿਨ੍ਹਾਂ ਦਵਾਈਆਂ ਦੀ ਘਾਟ ਹੁੰਦੀ ਹੈ ਤਾਂ ਤੁਰੰਤ ਖ੍ਰੀਦਣੀਆਂ ਮੁਸਕਲ ਹੋਣ ਕਾਰਨ ਇਨ੍ਹਾਂ ਦਿਨਾਂ ਵਿੱਚ ਮਰੀਜ਼ਾਂ ਲਈ ਕਠਿਨਾਈ ਹੁੰਦੀ ਹੈ। ਡਾਕਟਰ ਜੋ ਦਵਾਈਆਂ ਉਪਲੱਬਧ ਹੁੰਦੀਆਂ ਹਨ ਉਹੀ ਲਿਖਣ ਲਈ ਮਜਬੂਰ ਹਨ ਭਾਵੇਂ ਮਰੀਜ਼ ਲਈ ਹੋਰ ਜਰੂਰੀ ਦਵਾਈਆਂ ਦੀ ਵੀ ਲੋੜ ਹੁੰਦੀ ਹੈ। ਇਸ ਤਰ੍ਹਾਂ ਸਹੀ ਇਲਾਜ਼ ਨਹੀਂ ਹੋ ਸਕਦਾ। ਇਸ ਤਰ੍ਹਾਂ ਦੇ ਮਰੀਜ਼ ਪ੍ਰਾਈਵੇਟ ਡਾਕਟਰਾਂ ਕੋਲ ਜਾਣ ਲਈ ਮਜਬੂਰ ਹੋ ਜਾਂਦੇ ਹਨ ਜੋ ਇਲਾਜ਼ ਕਈ ਗੁਣਾਂ ਮਹਿੰਗਾ ਪੈਂਦਾ ਹੈ। ਇਸ ਤਰ੍ਹਾਂ ਦੇ ਕਈ ਮਰੀਜ਼ ਬਾਹਰੋਂ ਇਲਾਜ਼ ਕਰਵਾਉਣ ਦੇ ਅਸਮਰੱਥ ਹੋ ਕਾਰਨ ਜਾਨ ਗੁਆ ਲੈਂਦੇ ਹਨ । ਅਤਿ ਜਰੂਰੀ ਬਾਹਰਲੀਆਂ ਦਵਾਈਆਂ, ਜਿਹੜੀਆਂ ਹਸਪਤਾਲਾਂ 'ਚ ਉਪਲੱਭਦ ਨਹੀਂ ਹੋ ਸਕਦੀਆਂ , ਉਨ੍ਹਾਂ ਦੇ ਬਿਲਾਂ ਦੀ ਰਿਬੰਰਸਮੈਂਟ ਹੋਣੀ ਚਾਹੀਦੀ ਹੈ , ਚਾਹੇ ਕੋਈ ਵੀ ਮਰੀਜ਼ ਹੋਵੇ ।ਇਸੇ ਕਾਰਨ ਪੈਨਸ਼ਨਰ / ਮੁਲਾਜ਼ਮ ਪ੍ਰਾਈਵੇਟ ਇਲਾਜ਼ ਕਰਵਾਉਣ ਨੂੰ ਤਰਜੀਹ ਦਿੰਦੇ ਹਨ ਜਿਸ ਨਾਲ ਵੱਡੇ ਮੈਡੀਕਲ ਬਿਲਾਂ ਦਾ ਸਰਕਾਰ ਨੂੰ ਭੁਗਤਾਨ ਕਰਨਾ ਪੈਂਦਾ ਹੈ।



ਮੌਤਰੀ ਸਾਹਿਬ ਦੇ ਸ਼ਹਿਰ ਦੇ ਰਾਜ ਪ੍ਰਸਿਧ ਸਰਕਾਰੀ ਰਜਿੰਦਰਾ ਹਸਪਤਾਲ ਵਿੱਚ ਕੁਝ ਦਿਨ ਪਹਿਲਾਂ ਮਰੀਜ਼ਾਂ ਦੇ ਪਰਿਵਾਰਾਂ ਵਲੋਂ ਮੁਫਤ ਦਵਾਈਆਂ ਨਾ ਮਿਲਣ ਦਾ ਮੁੱਦਾ ਪ੍ਰੈਸ 'ਚ ਉਠਾਇਆ ਹੈ ਜੋ ਕਿ ਇਸ ਸਕੀਮ ਨੂੰ ਕਾਰਗਰ ਢੰਗ ਨਾਲ ਚਲਾਉਣ ਵਿੱਚ ਅਜੇ ਵੀ ਹੋਰ ਸੁਧਾਰਾਂ ਦੀ ਲੋੜ ਹੈ , ਜਿਸ ਵੱਲ ਸਿਹਤ ਮੰਤਰੀ ਜਰੂਰ ਧਿਆਨ ਦੇਣਗੇ। ਅੱਜ ਕਲ੍ਹ ਕੈਂਸਰ, ਅਸਥਮਾ ਵਰਗੀਆਂ ਭਿਆਨਕ ਬਿਮਾਰੀਆਂ ਲਈ ਮਹਿੰਗੀਆਂ ਦੀਵਾਈਆਂ ਦੀ ਵਰਤੋਂ ਤੋਂ ਬਿਨ੍ਹਾਂ ਇਲਾਜ਼ ਨਹੀਂ ਹੋ ਸਕਦਾ ।ਸਰਕਾਰੀ ਆਦੇਸ਼ਾਂ ਤੋਂ ਮਜਬੂਰ ਡਾਕਟਰ ਬਾਹਰਲੀਆਂ ਦਵਾਈਆਂ ਨਹੀਂ ਲਿਖਦੇ, ਇਸ ਲਈ ਹਸਪਤਾਲਾਂ ਦੀ ਮੰਗ ਅਨੁਸਾਰ ਲੋੜੀਂਦੀਆਂ ਦਵਾਈਆਂ ਸਿਹਤ ਵਿਭਾਗ ਤੁਰੰਤ ਪਹੁੰਚਾਉਣ ਦਾ ਪ੍ਰਬੰਧ ਕਰੇ ਜੋ ਕਿ ਆਮ ਮਰੀਜ਼ਾਂ ਲਈ ਵਧੀਆ ਰਾਹਤ ਦੇਣ ਵਾਲਾ ਕਦਮ ਹੋਵੇਗਾ।

ਜੇ ਬਾਹਰੋਂ ਦਵਾਈਆਂ ਖ੍ਰੀਦਣ ਦੀ ਗੱਲ ਕਰੀਏ ਤਾਂ ਆਮ ਮਰੀਜ਼ / ਪਰਿਵਾਰ ਲਈ ਕੋਈ ਸੌਖਾ ਕੰਮ ਨਹੀਂ। ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ।ਇਸਦੇ ਟੈਸਟ, ਦਵਾਈਆਂ, ਇੰਜੈਕਸ਼ਨ , ਥਰੈਪੀਆਂ ਆਦਿ ਮਹਿੰਗੀਆਂ ਹਨ। ਡਾਕਟਰ ਸਾਬ੍ਹ ਨੇ ਇੱਕ ਇੰਜੈਕਸ਼ਨ ਜੋ ਮੈਨੂੰ ਦੇਣ ਦੀ ਲੋੜ ਸੀ ਨੂੰ ਇੰਟਰਨੈੱਟ ਉੱਪਰ ਦੇਖ ਕੇ ਮੈਨੂੰ ਪੁਛਿਆ ਕਿ ਇਹ ਮਹਿੰਗਾ ਹੈ ਕੋਈ ਦਿੱਕਤ ਤਾਂ ਨਹੀਂ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕੋਈ ਗੱਲ ਨਹੀਂ। ਡਾਕਟਰ ਸਾਬ੍ਹ ਦਾ ਮਰੀਜ਼ਾਂ ਪ੍ਰਤੀ ਹਮੇਸ਼ਾਂ ਹਮਦਰਦੀ ਭਰਿਆ ਵਤੀਰਾ ਹੁੰਦਾ ਹੈ ਕਿ ਘੱਟੋ ਘੱਟ ਖਰਚੇ ਨਾਲ ਵਧੀਆ ਇਲਾਜ਼ ਹੋ ਸਕੇ । ਮੈਂ ਇੰਜੈਕਸ਼ਨ ਲੈ ਆਇਆ ਜਦ ਬਿਲ ਦੇਖਿਆ ਤਾਂ ਉਹ ਕੋਈ ਛੇ ਗੁਣਾਂ ਵੱਧ ਐਮ.ਆਰ.ਪੀ. ਪ੍ਰਿੰਟ ਵਾਲਾ ਸੀ ਜਿਸ ਨੂੰ ਦੇਖ ਕੇ ਮੈਨੂੰ ਵੀ ਸ਼ਕ ਹੋਇਆ ਕਿ ਕਿਤੇ ਹੋਰ ਕੰਪਨੀ ਦਾ ਨਾ ਹੋਵੇ ਪਰ ਤਸੱਲੀ ਹੋਣ ਤੇ ਮੈਂ ਆ ਗਿਆ ਜੋ ਕਿ ਠੀਕ ਹੀ ਸੀ ।ਡਾਕਟਰ ਸਾਬ੍ਹ ਨੇ ਜਦੋਂ ਰੇਟ ਪੁੱਛਿਆ ਤਾਂ ਮੇਰੇ ਦੱਸਣ ਤੇ ਡਾਕਟਰ ਸਾਬ੍ਹ ਹੈਰਾਨ ਹੋ ਗਏ। ਉਹ ਆਪਣੇ ਜੂਨੀਅਰ ਡਾਕਟਰ ਨੂੰ ਕਹਿ ਰਹੇ ਸੀ ਕਿ ਉਹ ਤਾਂ ਇਹ ਇੰਜੈਕਸ਼ਨ ਮਹਿੰਗਾ ਹੋਣ ਕਾਰਨ ਸਾਰੇ ਮਰੀਜ਼ਾਂ ਨੂੰ ਨਹੀਂ ਲਿਖ ਰਹੇ ਹੁਣ ਅੱਗੇ ਤੋਂ ਇਹ ਇਸ ਸਮੱਸਿਆ ਵਾਲੇ ਨੂੰ ਜਰੂਰ ਲਿਖ ਦਿਆ ਕਰੋ। ਭਲੀਮਾਣਸੀ ਹੈ ਇਹੋ ਜਿਹੇ ਕੈਮਿਸਟਾਂ ਦੀ ਜਿਹੜੇ ਫਿਰ ਵੀ ਆਪਣਾ ਬਣਦਾ ਕਮਿਸ਼ਨ ਲੈ ਕੇ ਮਰੀਜ਼ਾਂ ਉੱਪਰ ਤਰਸ ਕਰਦੇ ਹਨ । ਮੇਰੇ ਮਹੀਨਾ ਵਾਰ ਲਗਣ ਵਾਲੇ ਇੰਜੈਕਸ਼ਨ ਨੂੰ ਜੋ ਕਿ ਹਫਤੇ ਬਾਅਦ ਆਉਣਾ ਬਣਦਾ ਸੀ ਡਾਕਟਰ ਸਾਬ੍ਹ ਨੇ ਮੇਰੇ ਪਹਿਲਾਂ ਹੀ ਦੋ ਗੇੜ੍ਹੇ ਪੀ.ਜੀ.ਆਈ. ਦੇ ਲੱਗਣ ਕਾਰਨ ਉਨ੍ਹਾਂ ਐਤਕੀਂ ਲੋਕਲ ਹਸਪਤਾਲ ਤੋਂ ਹੀ ਟੀਕਾ ਲਗਵਾਉਣ ਲਈ ਕਹਿ ਦਿੱਤਾ ਪਰ ਇਹ ਟੀਕਾ ਨਾਭੇ ਤਾਂ ਮਿਲਣਾ ਨਹੀਂ ਸੀ ਮੈਂ ਪਟਿਆਲਾ ਹਸਪਤਾਲ ਰੈਫਰ ਕਰਵਾ ਲਿਆ। ਪਟਿਆਲੇ ਇਹ ਟੀਕਾ ਉਂਝ ਨਾ ਮਿਲਿਆ ਆਰਡਰ ਉੱਪਰ ਇੱਕ ਕੈਮਿਸਟ ਨਾਲ ਮੰਗਵਾਉਣ ਦੀ ਮੇਰੇ ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਗੱਲ ਕਰ ਲਈ । ਟੀਕਾ ਆਉਣ ਦਾ ਕਨਫਰਮ ਕਰਕੇ ਮੈਂ ਪਟਿਆਲੇ ਚਲਾ ਗਿਆ। ਜਦੋਂ ਟੀਕੇ ਦੀ ਪੇਮੈਂਟ ਕੀਤੀ ਤਾਂ ਕੈਮਿਸਟ ਨੇ 17000 ਰੁਪਏ ਦਾ ਜੋ ਚੰਡੀਗੜ੍ਹੋਂ ਮਿਲਦਾ ਸੀ ਉਸ ਦਾ 19500 ਰੁਪਏ ਦਾ ਬਿਲ ਦੇ ਦਿੱਤਾ , ਜਿਸ ਦੀ ਕੰਪਨੀ ਉਹੀ ਸੀ। ਮੈਂ ਮਜਬੂਰ ਸੀ ਪੇਮੈਂਟ ਕਰ ਦਿੱਤੀ । ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ਼ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ । ਰੇਟ 'ਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਲੈਣੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜਰੂਰ ਫਿਟਲਾਨ੍ਹਤਾਂ ਦੇਵੇਗੀ ਜਦੋਂ ਇਹ ਸਾਰਾ ਪੈਸਾ ਛੱਡ ਕੇ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ ।ਪ੍ਰਾਈਵੇਟ ਹਸਪਤਾਲਾਂ 'ਚ ਤਾਂ ਆਮ ਮਰੀਜ਼ਾਂ ਲਈ ਇਲਾਜ਼ ਕਰਾਉਣਾ ਹੋਰ ਵੀ ਔਖਾ ਹੈ ।


ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ ਜਦੋਂ ਕਿ ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ । ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ ।ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨ ਨੂੰ ਤਹਿ ਕਰਨ ਲਈ ਦਿਸ਼ਾ ਨਿਰਦੇਸ਼ ਦੇਣੇ ਚਾਹੀਦੇ ਹਨ ਜੇ ਕੋਈ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸਦੀ ਮਾਨਤਾ / ਲਾਇਸੰਸ ਕੈਂਸ਼ਲ ਕਰ ਦੇਣਾ ਚਾਹੀਦਾ ਹੈ। ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ ਅਤੇ ਹੋਰ ਡਾਕਟਰੀ ਸ਼ਾਜੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ। ਰਾਜ ਸਰਕਾਰ ਨੇ ਦਿੱਲੀ ਦੀ ਤਰਜ਼ ਤੇ ਮੁਫਤ ਇਲਾਜ ਲਈ 'ਆਮ ਆਦਮੀ ਕਲਿਨਕ' ਖੋਲ ਕੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਨ੍ਹਾਂ ਦੀ ਸ਼ੁਰੂਆਤ ਕੀਤੀ ਹੈ ਜਿਨ੍ਹਾਂ ਦੀ ਕਾਮਯਾਬੀ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ , ਕਿਉਂ ਕਿ ਅਕਾਲੀ ਸਰਕਾਰ ਸਮੇਂ ਕਰੋੜਾਂ ਰੁਪਏ ਖਰਚ ਕੇ ਲੋਕਾਂ ਨੂੰ ਪਿੰਡਾਂ 'ਚ ਸੁਵਿਧਾ ਕੇਂਦਰ ਖੋਲ ਕੇ ਬਹੁਤ ਸਾਰੇ ਕੰਮ ਇਨ੍ਹਾਂ ਰਾਹੀਂ ਕਰਨ ਦੀ ਸੁਵਿਧਾ ਦਿੱਤੀ ਗਈ ਪਰ ਸਰਕਾਰ ਬਦਲਣ ਕਾਰਨ ਬਹੁਤੇ ਬੰਦ ਹੋ ਗਏ, ਕਈ ਚਲੇ ਹੀ ਨਹੀਂ, ਇਸ ਤਰ੍ਹਾਂ ਇਹ ਚਿੱਟੇ ਹਾਥੀ ਬਣ ਕੇ ਰਹਿ ਗਏ। ਹੁਣ ਇਨ੍ਹਾਂ ਵਿੱਚ ਹੀ ਹੋਰ ਲੱਖਾਂ ਰੁਪਏ ਖਰਚ ਕੇ ਕਲੀਨਿਕ ਖੋਲ੍ਹੇ ਜਾ ਰਹੇ ਹਨ। ਸੋ ਕਿਸੇ ਵੀ ਸਕੀਮ ਨੂੰ ਰਾਜਨੀਤੀ ਦੀ ਭੇਟ ਚੜ੍ਹਨ ਤੋਂ ਬਚਾਉਣਾ ਜਾਂ ਨਿਰੰਤਰ ਬਰਕਰਾਰ ਰੱਖਣਾ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ।

# ਰਵਿੰਦਰ ਸਿੰਘ ਸੋਢੀ ਦਾ ਕਹਾਣੀ ਸੰਗ੍ਰਹਿ 'ਹੱਥਾਂ 'ਚੋਂ ਕਿਰਦੀ ਰੇਤ' ਪੰਜਾਬੀ ਸਭਿਅਚਾਰ ਦੀ ਮਹਿਕ



ਉਜਾਗਰ ਸਿੰਘ
91-94178 13072

ਰਵਿੰਦਰ ਸਿੰਘ ਸੋਢੀ ਬਹੁਪੱਖੀ ਸਾਹਿਤਕਾਰ ਹੈ। ਉਸ ਦੀਆਂ ਡੇਢ ਦਰਜਨ ਨਾਟਕ, ਖੋਜ, ਕਵਿਤਾ, ਆਲੋਚਨਾ, ਵਾਰਤਕ, ਜੀਵਨੀ, ਅਨੁਵਾਦ ਅਤੇ ਕਹਾਣੀਆਂ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਕਿੱਤੇ ਵਜੋਂ ਉਹ ਪੰਜਾਬੀ ਦਾ ਅਧਿਆਪਕ ਰਿਹਾ ਹੈ। ਉਸ ਦੀਆਂ ਕਹਾਣੀਆਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਭਾਵੇਂ ਉਹ ਐਮ.ਫਿਲ ਹੈ, ਪ੍ਰੰਤੂ ਸਾਹਿਤ ਦੇ ਰੂਪਾਂ ਨੂੰ ਉਹ ਆਮ ਬੁੱਧੀਜੀਵੀ ਵਿਦਵਾਨਾਂ ਵਾਂਗ ਬਣਾਏ ਗਏ ਮਾਪ ਦੰਡਾਂ ਅਨੁਸਾਰ ਲਿਖਣ ਤੇ ਪੜਚੋਲਣ ਦੇ ਹੱਕ ਵਿੱਚ ਨਹੀਂ। ਪੰਜਾਬੀ ਭਾਸ਼ਾ ਦਾ ਉਹ ਗੂੜ੍ਹ ਗਿਆਨੀ ਹੈ 1974 ਵਿੱਚ ਉਸ ਨੇ ਆਪਣਾ ਸਾਹਿਤਕ ਸਫਰ ਸ਼ੁਰੂ ਕੀਤਾ ਸੀ, ਜਿਹੜਾ ਲਗਾਤਾਰ ਹੁਣ ਤੱਕ ਜ਼ਾਰੀ ਹੈ। ਨੌਕਰੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਉਹ ਪਰਵਾਸ ਵਿੱਚ ਕੈਨੇਡਾ ਵਿਖੇ ਪਰਿਵਾਰ ਸਮੇਤ ਚਲਾ ਗਿਆ। ਪ੍ਰੰਤੂ ਉਹ ਪੰਜਾਬੀ ਵਿਰਾਸਤ, ਸਭਿਅਚਾਰ ਅਤੇ ਸਾਹਿਤ ਨਾਲ ਬਾਵਾਸਤਾ ਹੈ। ਪ੍ਰਵਾਸ ਵਿੱਚ ਬੈਠਕੇ ਵੀ ਉਸ ਦਾ ਪੰਜਾਬੀ ਮੋਹ ਬਰਕਰਾਰ ਹੈ। ਇਸ ਲਈ ਉਹ ਲਗਾਤਾਰ ਪੰਜਾਬੀ ਬੋਲੀ ਦੀ ਝੋਲੀ ਵਿੱਚ ਹਰ ਸਾਲ ਆਪਣੀਆਂ ਦੁਰਲਭ ਪੁਸਤਕਾਂ ਪਾ ਰਿਹਾ ਹੈ। ਪੰਜਾਬੀ ਦਾ ਕੋਈ ਅਖ਼ਬਾਰ ਅਤੇ ਮੈਗਜ਼ੀਨ ਨਹੀਂ, ਜਿਸ ਵਿੱਚ ਉਸਦੇ ਸਾਹਿਤਕ ਮਸ ਦੀ ਝਲਕ ਨਾ ਪੈਂਦੀ ਹੋਵੇ। ਉਸ ਦਾ ਤਾਜਾ ਤਰੀਨ ਚਰਚਾ ਅਧੀਨ ਪ੍ਰਕਾਸ਼ਤ ਹੋਇਆ ਕਹਾਣੀ ਸੰਗ੍ਰਹਿ 'ਹੱਥਾਂ 'ਚੋਂ ਕਿਰਦੀ ਰੇਤ' ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਉਸ ਦੀਆਂ 14 ਕਹਾਣੀਆਂ, ਜਿਨ੍ਹਾਂ ਵਿੱਚ 7 ਪੰਜਾਬ ਅਤੇ 7 ਪ੍ਰਵਾਸ ਦੀ ਜੀਵਨ ਸ਼ੈਲੀ ਨਾਲ ਸੰਬੰਧਤ ਵਿਸ਼ਿਆਂ 'ਤੇ ਲਿਖੀਆਂ ਹੋਈਆਂ ਹਨ। ਪੰਜਾਬੀਆਂ ਦਾ ਜੋ ਸਮਾਜਿਕ ਅਤੇ ਸਭਿਅਚਾਰਕ ਵਿਰਸਾ ਹੈ, ਉਸ ਦੀ ਝਲਕ ਲਗਪਗ ਸਾਰੀਆਂ ਕਹਾਣੀਆਂ ਵਿੱਚੋਂ ਮਿਲਦੀ ਹੈ। ਕਹਾਣੀਆਂ ਦੀ ਬੋਲੀ ਸਰਲ ਅਤੇ ਗੱਲਬਾਤੀ ਸ਼ੈਲੀ ਵਿੱਚ ਹੈ। ਉਸ ਦੀ ਠੇਠ ਪੰਜਾਬੀ ਦੇ ਸਬੂਤ ਵਜੋਂ ਇਹ ਵਾਕ 'ਤੁਸੀਂ ਪਾਂਧਾ ਨਾ ਪੁੱਛੋ', ਨਾਲੇ ਚੋਰ ਨਾਲੇ ਚਤੁਰਾਈ, ਕਲੇਸ਼ਣ ਕਿਸੇ ਥਾਂ ਦੀ, ਪਤਾ ਨਹੀਂ ਕੀ ਸਪ ਸੁੰਘ ਜਾਂਦਾ ਹੈ, ਮੇਰੀ ਖਾਨਿਉਂ ਗਈ, ਮਾਰੋ ਗੋਲੀ ਅਜਿਹੇ ਕੈਨੇਡਾ ਨੂੰ, ਨਾ ਤੂੰ ਡੋਕੇ ਲੈਣੇ ਨੇ, ਠੂੰਗੇ ਮਾਰਨ ਜੋਗਾ, ਤੇਰੀ ਲੁਤਰੋ ਜ਼ਿਆਦਾ ਹੀ ਚਲਣ ਲੱਗ ਪਈ, ਸਾਡੀ ਬਿੱਲੀ ਸਾਨੂੰ ਮਿਆਊਂ, ਚਲ ਤੁਹਾਡੇ ਚੰਡਾਲਾਂ ਤੋਂ ਤਾਂ ਰੱਬ ਵੀ ਨਹੀਂ ਬਚਾ ਸਕਦਾ, ਐਂ ਲੱਗਦਾ ਜਿਵੇਂ ਕੁੜੀ ਦੱਬ ਕੇ ਆਇਆ ਹੋਵੇਂ ਆਦਿ ਹਨ। ਭਾਵੇਂ ਪੰਜਾਬੀ ਪ੍ਰਵਾਸ ਵਿੱਚ ਜਾ ਕੇ ਵਸ ਗਏ ਹਨ ਅਤੇ ਉਥੋਂ ਦੇ ਸਭਿਅਚਾਰ ਵਿੱਚ ਅਡਜਸਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪ੍ਰੰਤੂ ਆਪਣੀਆਂ ਵਿਰਾਸਤੀ ਪੰਜਾਬੀ ਪਰੰਪਰਾਵਾਂ ਨਾਲ ਅਜੇ ਵੀ ਬਾਵਾਸਤਾ ਹਨ। ਇਸ ਲਈ ਉਹ ਪ੍ਰਵਾਸ ਵਿੱਚ ਅਪਣੀਆਂ ਚੰਗੀਆਂ ਤੇ ਮਾੜੀਆਂ ਆਦਤਾਂ ਤੋਂ ਬਾਜ ਨਹੀਂ ਆਉਂਦੇ। ਪਰਿਵਾਰਿਕ ਜ਼ਿੰਦਗੀ ਵਿੱਚੋਂ ਉਨ੍ਹਾਂ ਦੇ ਵਿਵਹਾਰ ਦਾ ਪਤਾ ਲੱਗਦਾ ਹੈ। ਉਸ ਦੀ ਪਹਿਲੀ ਕਹਾਣੀ 'ਮੈਨੂੰ ਫ਼ੋਨ ਕਰ ਲਈਂ' ਪ੍ਰਵਾਸ ਵਿੱਚ ਵਸੇ ਭਾਵੇਂ ਇੱਕ ਪੰਜਾਬੀ ਪਰਿਵਾਰ ਨਾਲ ਸੰਬੰਧਤ ਹੈ ਪ੍ਰੰਤੂ ਪੰਜਾਬੀਆਂ ਦੇ ਘਰ-ਘਰ ਦੀ ਤਸਵੀਰ ਪੇਸ਼ ਕਰਦੀ ਹੈ, ਜਿਸ ਵਿੱਚ ਅਰਜੁਨ ਅਤੇ ਸ਼ਿਫ਼ਾਲੀ ਦੀ ਵਿਵਾਹਕ ਜ਼ਿੰਦਗੀ ਵਿੱਚ ਅਰਜੁਨ ਦੇ ਮਾਪਿਆਂ ਦੇ ਆਸਟਰੇਲੀਆ ਵਿੱਚ ਪਹੁੰਚਣ ਤੋਂ ਬਾਅਦ ਨਿੱਕੀ ਜਿਹੀ ਗੱਲ 'ਤੇ ਖਟਾਸ ਪੈਦਾ ਹੋ ਜਾਂਦੀ ਹੈ। ਅਖ਼ੀਰ ਤਲਾਕ ਤੱਕ ਨੌਬਤ ਆ ਜਾਂਦੀ ਹੈ। ਇਥੇ ਸ਼ੈਲੀ ਮੈਰਿਜ ਕੌਂਸਲਰ ਦਾ ਆਉਣਾ ਦੋਹਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ। ਇੰਜ ਪੰਜਾਬ ਵਿੱਚ ਵੀ ਵਾਪਰਦਾ ਹੈ। 'ਇੱਕ ਲੰਬਾ ਹਉਕਾ' ਅਮਰੀਕਾ ਵਸਦੇ ਪੰਜਾਬੀ ਪਰਿਵਾਰ ਦੀ ਗ੍ਰਹਿਣੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਸਮੇਂ ਲੜਕੀ ਰਾਵੀਆ ਦਾ ਆਪਣੀ ਮਰਜ਼ੀ ਨਾਲ ਘਰੋਂ ਦੂਰ ਪੜ੍ਹਾਈ ਕਰਨ ਜਾਣਾ ਉਥੋਂ ਦੇ ਬੱਚਿਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਸੀਮਾ ਦੀ ਮੌਤ ਤੋਂ ਬਾਅਦ ਰਾਵੀਆ ਦਾ ਆਪਣੇ ਪਿਤਾ ਅਜੀਤ ਨੂੰ ਹਿਲੇਰੀ ਨਾਲ ਸ਼ਾਦੀ ਕਰਨ ਲਈ ਪ੍ਰੇਰਨਾ ਪ੍ਰਵਾਸ ਦੀ ਜ਼ਿੰਦਗੀ ਦੀ ਤਸਵੀਰ ਪੇਸ਼ ਕਰਦੀ ਹੈ। ' ਆਪਣਾ ਆਪਣਾ ਦਰਦ' ਕਹਾਣੀ ਭਾਰਤ ਵਿੱਚ ਵਸ ਰਹੇ ਧਰਮਪਾਲ ਅਤੇ ਸੁਧਾ ਦੇ ਪਰਿਵਾਰ ਦੀ ਕਹਾਣੀ ਹੈ। ਪਤੀ ਪਤਨੀ ਨੂੰ ਆਪਣੀ ਦਿਲ ਦੀ ਬਿਮਾਰੀ ਦਾ ਦਰਦ ਹੈ। ਪਤਨੀ ਸੁਧਾ ਨੂੰ ਲੜਕੀ ਤੇ ਲੜਕੇ ਦੇ ਵਿਆਹ ਦਾ ਦਰਦ ਹੈ। ਲੜਕੀ ਮਿਨੂ ਅੰਤਰਜਾਤੀ ਵਿਆਹ ਕਰਵਾਉਣਾ ਚਾਹੁੰਦੀ ਹੈ ਪ੍ਰੰਤੂ ਭਾਰਤ ਵਿੱਚ ਅਜੇ ਵੀ ਲੋਕ ਇਸ ਨੂੰ ਚੰਗਾ ਨਹੀਂ ਸਮਝਦੇ। ਲੜਕੀ ਨੂੰ ਆਪਣੇ ਅੰਤਰਜ਼ਾਤੀ ਵਿਆਹ ਦਾ ਦਰਦ ਹੈ। ਇਹ ਕਹਾਣੀ ਵੀ ਲੋਕਾਈ ਦਾ ਦਰਦ ਪ੍ਰਗਟਾਉਂਦੀ ਹੈ। 'ਉਹ! ਤੱਕਣੀ' ਬਹੁਤ ਹੀ ਭਾਵਨਾਤਿਕ ਕਹਾਣੀ ਹੈ, ਜਿਸ ਵਿੱਚ ਜ਼ਿਮੀਦਾਰਾਂ ਦੀ ਹਓਮੈ, ਦਾਜ ਦਾ ਲਾਲਚ, ਫੋਕੀ ਸ਼ੋਹਰਤ, ਵਿਖਾਵਾ ਅਤੇ ਫੋਕਾ ਰੋਹਬ ਵਿਖਾਉਣ ਬਾਰੇ ਦ੍ਰਿਸ਼ਟਾਂਤਿਕ ਰੂਪ ਰਾਹੀਂ ਬਿਆਨਦੀ ਹੈ। ਇਸਤਰੀਆਂ ਦੀਆਂ ਅੱਖਾਂ ਬਿਨਾ ਬੋਲਣ ਸਭ ਕੁਝ ਕਹਿ ਜਾਂਦੀਆਂ ਹਨ। ਹੱਥਾਂ 'ਚੋਂ ਕਿਰਦੀ ਰੇਤ' ਪਰਵਾਸ ਦੀ ਜ਼ਿੰਦਗੀ ਦੀ ਮੂੰਹ ਬੋਲਦੀ ਤਸਵੀਰ ਹੈ, ਬੱਚੇ ਪ੍ਰਵਾਸ ਦੇ ਖੁਲ੍ਹੇ ਡੁਲ੍ਹੇ ਵਾਤਾਵਰਨ ਵਿੱਚ ਵਿਗੜ ਕੇ ਨਸ਼ੇ ਅਤੇ ਮਨਮਰਜ਼ੀ ਕਰਨ ਲੱਗ ਜਾਂਦੇ ਹਨ। ਪੰਜਾਬੀ ਪ੍ਰਵਾਸ ਵਿੱਚ ਮੁੰਡੇ ਕੁੜੀ ਵਿੱਚ ਵੀ ਫ਼ਰਕ ਰੱਖਦੇ ਹਨ, ਬੱਚੇ ਰੇਤ ਦੀ ਤਰ੍ਹਾਂ ਮਾਪਿਆਂ ਦੇ ਹੱਥਾਂ ਵਿੱਚੋਂ ਨਿਕਲ ਜਾਂਦੇ ਹਨ। ਫਿਰ ਨਿਹਾਲ ਸਿੰਘ ਅਤੇ ਗੁਰਨਾਮ ਕੌਰ ਵਰਗੇ ਮਾਪੇ ਭਾਰਤ ਵਾਪਸ ਆਉਣਾ ਚਾਹੁੰਦੇ ਹੋਏ ਵੀ ਆ ਨਹੀਂ ਸਕਦੇ ਕਿਉਂਕਿ ਭੈਣ ਭਰਾਵਾਂ ਤੋਂ ਜ਼ਮੀਨਾ ਵੰਡਵਾ ਚੁੱਕੇ ਹੁੰਦੇ ਹਨ। 'ਤੂੰ ਆਪਣੇ ਵਲ ਦੇਖ' ਕਹਾਣੀ ਭਾਰਤ ਵਿਚ ਮਰਦਾਂ ਵੱਲੋਂ ਬਿਗਾਨੀਆਂ ਔਰਤਾਂ ਨਾਲ ਇਸ਼ਕ, ਇਮੀਗ੍ਰੇਸ਼ਨ ਏਜੰਟਾਂ ਦਾ ਕਾਲਾ ਧੰਧਾ ਅਤੇ ਪ੍ਰਵਾਸ ਵਿੱਚ ਪਿਆਰ ਵਿਆਹ ਵਰਗੇ ਮਸਲਿਆਂ ਦਾ ਪੁਲੰਦਾ ਹੈ। ਪ੍ਰਵਾਸ ਵਿੱਚ ਛੇਤੀ ਕੀਤਿਆਂ ਮਰਦ ਔਰਤ ਇਕ ਦੂਜੇ ਨੂੰ ਤੱਥਾਂ ਤੋਂ ਬਗੈਰ ਬਲੈਕ ਮੇਲ ਨਹੀਂ ਕਰ ਸਕਦੇ। 'ਹਾਏ ਵਿਚਾਰੇ ਬਾਬਾ ਜੀ' ਪੰਜਾਬ ਵਿੱਚ ਪਾਖੰਡੀ ਬਾਬਿਆਂ ਦੇ ਵਿਓਪਾਰ ਅਤੇ ਢੌਂਗ ਦਾ ਪਰਦਾ ਫਾਸ਼ ਕਰਦੀ ਹੈ, ਕਿਸ ਤਰ੍ਹਾਂ ਸਿਆਸੀ ਲੋਕ ਵੋਟਾਂ ਦੇ ਲਾਲਚ ਨਾਲ ਉਨ੍ਹਾਂ ਦੇ ਗ਼ੈਰਕਾਨੂੰਨੀ ਕੰਮ ਕਰਦੇ ਹਨ। 'ਉਹ ਕਿਉਂ ਆਈ ਸੀ?' ਕਹਾਣੀ ਪੰਜਾਬ ਦੇ ਮਰਦਾਂ ਅਤੇ ਔਰਤਾਂ ਦੀ ਬਿਗਾਨੀਆਂ ਖੁਰਲੀਆਂ ਵਿੱਚ ਮੂੰਹ ਮਾਰਨ ਦਾ ਤਸਦੀਕ ਕਰਦੀ ਹੈ। ਮਰਨ ਉਪਰੰਤ ਮਗਰ ਮੱਛ ਦੇ ਹੰਝੂ ਵਹਾਕੇ ਜਾਇਦਾਦ ਤੇ ਕਬਜ਼ਾ ਕਰਦੇ ਹਨ। 'ਮੁਸ਼ਤਾਕ ਅੰਕਲ' ਦੇਸ਼ ਦੀ ਵੰਡ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀ ਹੈ। ਸਿਆਸਤਦਾਨਾਂ ਨੇ ਆਪਣੇ ਹਿਤਾਂ ਦੀ ਪੂਰਤੀ ਲਈ ਨਾਗਰਿਕਾਂ ਵਿੱਚ ਖਟਾਸ ਪੈਦਾ ਕੀਤੀ ਹੈ। ਅਵਨੀਤ, ਮੁਸ਼ਤਾਕ, ਬਸ਼ੀਰ ਅਤੇ ਮੁਸ਼ਤਾਕ ਦੀਆਂ ਬੇਟੀਆਂ ਦੀਆਂ ਭਾਵਨਾਵਾਂ ਮੋਹ ਦੀਆਂ ਤੰਦਾਂ ਬਣਦੀਆਂ ਹਨ। 'ਉਹ ਖਾਸ ਦਿਨ' ਕਹਾਣੀ ਪ੍ਰਵਾਸ ਵਿੱਚ ਬੱਚਿਆਂ ਵੱਲੋਂ ਮਾਪਿਆਂ ਦੀ ਅਣਵੇਖੀ ਮਾਪੇ, ਡੇਵਡ ਤੇ ਡੋਰਥੀ ਦੇ ਵਿਚਾਰਾਂ ਦੀ ਇਕਸੁਰਤਾ ਨਾ ਹੋਣ ਦੇ ਬਾਵਜੂਦ ਆਪਣੇ ਪੁੱਤਰ ਫਿਲਿਪਸ ਲਈ ਦੁਬਾਰਾ ਇਕੱਠੇ ਹੋ ਗਏ ਪ੍ਰੰਤੂ ਫਿਲਿਪਸ ਅਣਡਿਠ ਹੀ ਕਰਦਾ ਰਿਹਾ। 'ਆਪਣੇ ਘਰ ਦੀ ਖ਼ੁਸ਼ਬੂ' ਕਹਾਣੀ ਪੰਜਾਬ ਦੇ ਪਿੰਡਾਂ ਵਿੱਚ ਗ਼ਰੀਬ ਪਰਿਵਾਰਾਂ ਵੱਲੋਂ ਦੁਹਾਜੂ ਤੇ ਵੱਡੀ ਉਮਰ ਦੇ ਵਿਅਕਤੀਆਂ ਨਾਲ ਆਪਣੀ ਲੜਕੀ ਦੇ ਵਿਆਹ ਕਰਨ ਤੋਂ ਬਾਅਦ ਪੈਣ ਵਾਲੇ ਕਲੇਸ਼ ਦਾ ਵਿਵਰਣ ਹੈ ਪ੍ਰੰਤੂ ਇਸ ਕਹਾਣੀ ਨੂੰ ਆਦਰਸ਼ਕ ਰੂਪ ਦੇ ਕੇ ਘਰ ਦੀ ਖ਼ੁਸ਼ਬੂ ਕਿਹਾ ਗਿਆ ਹੈ। ਇਸ ਦੇ ਪਾਤਰ ਜਗੀਰੋ, ਕਰਮਾ ਅਤੇ ਭੂਆ ਪਿੰਡਾਂ ਦੇ ਲੋਕਾਂ ਦੇ ਸੁਭਾਅ ਦੀ ਤਰਜਮਾਨੀ ਕਰਦੇ ਹਨ। 'ਡਕਟਰ ਕੋਲ ਨਹੀਂ ਜਾਣਾ' ਕਹਾਣੀ ਭਾਵਨਵਾਂ ਵਿੱਚ ਲਪੇਟੀ ਹੋਈ ਹੈ। ਰਵਿੰਦਰ ਸਿੰਘ ਸੋਢੀ ਨੇ ਭਾਵੇਂ ਸਾਰੀਆਂ ਕਹਾਣੀਆਂ ਹੀ ਬੜੀ ਵਧੀਆ ਵਿਉਂਤਬੰਦੀ ਨਾਲ ਲਿਖੀਆਂ ਹਨ ਪ੍ਰੰਤੂ ਇਹ ਕਹਾਣੀ ਦਲੀਲਾਂ ਨਾਲ ਪੈਦਾ ਹੋਣ ਵਾਲੀ ਬੱਚੀ ਦਾ ਦਾਦਾ, ਦਾਦੀ, ਪਿਤਾ, ਮਾਤਾ ਅਤੇ ਭਰਾ ਨਾਲ ਸੰਬਾਦ ਕਰਵਾਕੇ ਦਿਲਚਸਪ ਹੀ ਨਹੀਂ ਬਣਾਇਆ ਸਗੋਂ ਦਲੀਲਾਂ ਨੂੰ ਜਿੱਤ ਦਵਾਈ ਹੈ।





ਭਰੂਣ ਹੱਤਿਆ ਨੂੰ ਠੱਲ ਪਾਉਣ ਲਈ ਇਹ ਕਹਾਣੀ ਬਹੁਤ ਹੀ ਸਾਰਥਿਕ ਸਾਬਤ ਹੋਵੇਗੀ। 'ਹਟਕੋਰੇ ਲੈਂਦੀ ਜ਼ਿੰਦਗੀ' ਕੈਨੇਡਾ ਪੜ੍ਹਾਈ ਕਰਨ ਲਈ ਕਰਜ਼ਾ ਲੈ ਕੇ ਜਾਣ ਵਾਲੀ ਵਿਦਿਆਰਥਣ ਤਮੰਨਾ ਦੀ ਜਦੋਜਹਿਦ ਦੀ ਕਹਾਣੀ ਦਰਸਾਉਂਦੀ ਹੈ, ਰਿਸ਼ਤੇਦਾਰ ਤੋਂ ਲਿਆ ਕਰਜ਼ਾ ਵਾਪਸ ਕਰਨ ਲਈ ਦੋ-ਦੋ ਥਾਂ ਤੇ ਦਿਨ ਰਾਤ ਸ਼ਿਫਟਾਂ ਵਿੱਚ ਨੌਕਰੀ ਕਰਨੀ ਪੈਂਦੀ ਹੈ।

ਅਜਿਹੀ ਸਥਿਤੀ ਵਿੱਚ ਬੱਚਿਆਂ ਦੀ ਸਿਹਤ ਖ਼ਰਾਬ ਹੁੰਦੀ ਹੈ ਤੇ ਨਾਲ ਹੀ ਮਾਨਸਿਕ ਤੌਰ 'ਤੇ ਬਿਮਾਰ ਹੋ ਜਾਂਦੇ ਹਨ। ਪ੍ਰਵਾਸ ਵਿੱਚ ਜਾਣ ਵਾਲੇ ਵਿਦਿਆਰਥੀਆਂ ਲਈ ਚਿੰਤਾ ਦਰਸਾਉਂਦੀ ਹੈ। ਕਹਾਣੀ ਸੰਗ੍ਰਹਿ ਦੀ ਆਖ਼ਰੀ 'ਮੁਰਦਾ ਖਰਾਬ ਨਾ ਕਰੋ' ਪੰਜਾਬ ਪੁਲਿਸ ਵੱਲੋਂ ਆਪਣੀ ਗ਼ਲਤੀ ਨਾਲ ਕੀਤੀ ਜ਼ਿਆਦਤੀ 'ਤੇ ਪਰਦਾ ਪਾਉਣ ਦੇ ਢਕਵੰਜ ਨੂੰ ਦਰਸਾਉਂਦੀ ਹੈ। ਕਿਸ ਪ੍ਰਕਾਰ ਪੁਲਿਸ ਨਸ਼ਿਆਂ ਦੇ ਵਿਓਪਾਰ ਵਿੱਚ ਵਿਓਪਾਰੀਆਂ ਨਾਲ ਮਿਲੀਭੁਗਤ ਕਰਕੇ ਗ਼ਲਤ ਕੰਮ ਕਰਦੇ ਹਨ।

172 ਪੰਨਿਆਂ, 230 ਰੁਪਏ ਕੀਮਤ ਤੇ ਰੰਗਦਾਰ ਦਿਲਕਸ਼ ਮੁੱਖ ਕਵਰ ਵਾਲਾ ਕਹਾਣੀ ਸੰਗ੍ਰਹਿ ਸਪਤਰਿਸ਼ੀ ਪਬਲੀਕੇਸ਼ਨ ਨੇ ਪ੍ਰਕਾਸ਼ਤ ਕੀਤਾ ਹੈ।

# ਸ਼ਹੀਦ ਭਗਤ ਸਿੰਘ: ਇਕ ਵਿਚਾਰ





ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸ਼ਹੀਦ ਭਗਤ ਸਿੰਘ ਰਾਸ਼ਟਰੀ ਪ੍ਰਸਿੱਧ ਇਕ ਆਜ਼ਾਦੀ ਦੀ ਸ਼ਮ੍ਹਾ ਦਾ ਪ੍ਰਵਾਨਾ ਹੀ ਨਹੀਂ ਇਕ ਵਿਚਾਰ ਹੈ। ਵਿਚਾਰ ਨਾਲ ਹੀ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਵਿਰੁੱਧ ਸੰਘਰਸ਼ ਕੀਤਾ। ਉਸਨੇ ਆਜ਼ਾਦੀ ਦੇ ਮਨੋਰਥ ਦੀ ਪੈਰਵਾਈ ਜੀਅ ਜਾਨ ਨਾਲ ਕੀਤੀ। ਉਸਦੀ ਸੋਚ ਨਾਲ ਜੁੜੇ ਇਨਕਲਾਬ ਦੇ ਨਾਅਰੇ ਨਾਲ ਅਮਰ ਹੋ ਗਿਆ। ਉਹ ਸਮੁੱਚੀਆਂ ਤਤਕਾਲੀਨ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਲਈ ਅਤੇ ਆਜ਼ਾਦੀ, ਬਰਾਬਰੀ, ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਦੇ ਰਾਹ ਪਿਆ। ਉਸਦਾ ਮਨੋਰਥ ਖ਼ੂਨ ਖਰਾਬਾ ਕਰਨਾ ਹੀ ਨਹੀਂ ਸੀ, ਸਗੋਂ ਇਨਕਲਾਬੀ ਚੇਤਨਾ ਨੂੰ ਦੇਸ਼ ਭਰ ਦੇ ਨੌਜਵਾਨਾਂ ਤੱਕ ਪ੍ਰਵਾਹਿਤ ਕਰਨਾ ਸੀ।

ਸੰਨ 1921 ਦੀ ਨਾਮਿਲਵਰਤਣ ਲਹਿਰ ਦੌਰਾਨ ਦਸਵੀਂ ਵਿਚ ਪੜ੍ਹਦੇ ਭਗਤ ਸਿੰਘ ਨੇ ਸਕੂਲ ਛੱਡ ਦਿੱਤਾ। ਸੰਨ 1922 ਵਿਚ ਸੰਗਰਾਮੀਆਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹਿਆ ਤੇ ਨੌਜਵਾਨਾਂ ਨੂੰ ਦੇਸ਼ ਭਗਤੀ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਭਗਤ ਸਿੰਘ ਨੇ ਇਸੇ ਕਾਲਜ ਵਿਚ ਦਾਖਲਾ ਲੈ ਲਿਆ। ਇੱਥੇ ਉਹ ਰਾਜਨੀਤੀ, ਸਾਹਿਤ, ਭਾਸ਼ਾ, ਧਰਮ, ਇਤਿਹਾਸ, ਦਰਸ਼ਨ, ਸਮਾਜ ਸ਼ਾਸਤਰ ਵਿਸ਼ਿਆਂ ਦਾ ਖੋਜਾਰਥੀ ਬਣਿਆ। ਪ੍ਰਸਿੱਧ ਇਨਕਲਾਬੀ ਸਚਿੰਦਰਨਾਥ ਸਨਿਆਲ ਦੇ ਸੰਪਰਕ ਵਿਚ ਆਇਆ ਤਾਂ ਉਸਨੇ ਭਗਤ ਸਿੰਘ ਨੂੰ ਉਸਾਰੂ ਸਾਹਿਤ ਵੱਲ ਤੋਰਿਆ।

ਭਗਤ ਸਿੰਘ ਜਿੱਥੇ ਅਣਖੀਲੇ ਨਿਡਰ ਅਤੇ ਹਿੰਸਕ ਯੋਧੇ ਦੇ ਰੂਪ ਵਿਚ ਜਾਣਿਆ ਜਾਂਦਾਹੈ। ਪਰ ਉਹ ਤਾਂ ਬਹੁਤ ਸੂਖਮ ਅਤੇ ਸੰਵੇਦਨਸ਼ੀਲ ਮਨ ਵਾਲੇ ਕੋਮਲ ਕਵੀ ਲੇਖਕ ਦੇ ਤੌਰ ਤੇ ਉਹਨਾਂ ਲੋਕ ਮਨਾਂ ਵਿਚ ਨਹੀਂ ਵੱਸਿਆ ਭਗਤ ਸਿੰਘ ਡੂੰਘੇ ਅਧਿਐਨ ਅਤੇ ਗੰਭੀਰ ਸੋਚ ਨਾਲ ਖੁਸ਼ਹਾਲ ਸਮਾਜ ਦੀ ਸਿਰਜਣਾ ਚਾਹੁੰਦਾ ਸੀ। ਸੰਨ 1923-24 ਵਿਚ ਪਹਿਲੀ ਵਾਰ ਘਰੋਂ ਜਾ ਕੇ ਗਣੇਸ਼ ਵਿਦਿਆਰਥੀ ਦੇ ਅਖਬਾਰ 'ਪ੍ਰਤਾਪ' ਵਿਚ ਕੰਮ ਕਰਨ ਲੱਗਾ ਤਾਂ ਉਥੇ ਬੀ. ਕੇ. ਦੱਤ, ਚੰਦਰ ਸ਼ੇਖਰ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਲਮਿਲ, ਸ਼ਿਵ ਵਰਮਾ ਆਦਿ ਇਨਕਲਾਬੀਆਂ ਨਲ ਉਸਦਾ ਮੇਲ ਹੋ ਗਿਆ। ਖੋਜਾਰਥੀ ਹੋਣ ਕਰਕੇ ਉਸਨੇ ਰੂਸ, ਆਇਰਲੈਂਡ, ਇਟਲੀ ਆਦਿ ਇਨਕਲਾਬੀਆਂ ਨਾਲ ਉਸਦਾ ਮੇਲ ਹੋ ਗਿਆ। ਖੋਜਾਰਥੀ ਹੋਣ ਕਰਕੇ ਉਸਨੇ ਰੂਸ, ਆਇਰਲੈਂਡ, ਇਟਲੀ ਆਦਿ ਦੇਸ਼ਾਂ ਦੇ ਚੱਲੇ ਸੰਘਰਸ਼ਾਂ ਦੇ ਤੱਥਾਂ ਨੂੰ ਘੋਖਿਆ ਅਤੇ ਪੜਤਾਲਿਆ। ਤਦ ਭਗਤ ਸਿੰਘ ਇਨਕਲਾਬ ਦੀ ਰਾਹ ਤੇ ਤੁਰਨ ਲਈ ਬੰਬਾਂ, ਪਿਸਤੌਲਾਂ ਤੇ ਗੋਲੀਆਂ ਨਾਲ ਜੁੜਨ ਦੀ ਥਾਂ 'ਤੇ ਡੂੰਘੇ ਅਧਿਐਨ ਨਾਲ ਜੁੜ ਗਿਆ।

27 ਫਰਵਰੀ, 1926 ਨੂੰ ਹੋਲੀ ਵਾਲੇ ਦਿਨ ਛੇ ਬੱਬਰ ਅਕਾਲੀਆਂ- ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਅਤੇ ਧਰਮ ਸਿੰਘ ਨੂੰ ਫਾਂਸੀ 'ਤੇ ਲਟਕਾ ਦਿੱਤਾ। ਇਹਨਾਂ ਸੂਰਬੀਰਾਂ ਦੇ ਜੀਵਨ ਉਦੇਸ਼ ਤੇ ਘਾਲਣਾ ਬਾਰੇ ਭਗਤ ਸਿੰਘ ਦਾ ਲੇਖ 15 ਮਾਰਚ, 1926 ਦੇ 'ਪ੍ਰਤਾਪ'ਅਖਬਾਰ ਵਿਚ ਛਪਿਆ ਕਿ ਜਿਸ ਦਿਨ ਇਹਨਾਂ ਸੂਰ-ਬੀਰਾਂ ਨੂੰ ਲਾਹੌਰ ਵਿਚ ਫਾਂਸੀ ਦਿੱਤੀ ਗਈ। ਲਾਹੌਰ ਵਿਚ ਉਹਨਾਂ ਦੀ ਅੰਤਿਮ ਕਿਰਿਆ ਸ਼ਮਸ਼ਾਨ ਘਾਟ ਵਿਚ ਹੋ ਰਹੀ ਸੀ। ਲੋਕ ਬੇਸ਼ਰਮੀ ਨਾਲ ਇਕ ਦੂਜੇ ਤੇ ਰੰਗ ਸੁੱਟ ਕੇ ਹੋਲੀ ਦੀ ਖੁਸ਼ੀ ਮਨਾ ਰਹੇ ਸਨ।

ਭਗਤ ਸਿੰਘ ਜਨ ਸਧਾਰਨ ਦੇ ਦੁੱਖ ਤਕਲੀਫਾਂ, ਲੋਕ ਲਹਿਰਾਂ ਨਾਲ ਡੂੰਘਾ ਜੁੜਿਆ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਹੇਠ 1924 ਦੇ ਜੈਤੋ ਮੋਰਚੇ ਵਿਚ ਜਥੇ ਜੈਤੋ ਜਾ ਰਹੇ ਸਨ। ਸਰਕਾਰ ਵੱਲੋਂ ਪਾਬੰਦੀ ਸੀ ਕਿ ਜਥਿਆਂ ਨੂੰ ਕੋਈ ਪਾਣੀ ਤੱਕ ਵੀ ਨਾ ਪਿਆਏ। ਭਗਤ ਸਿੰਘ ਨੇ ਆਪਣੇ ਪਿੰਡ ਬੰਗਾ ਦੇ ਲੋਕਾਂ ਨੂੰ ਇਕੱਠੇ ਕਰਕੇ ਲੰਗਰ ਤਿਆਰ ਕਰਵਾ ਕੇ ਕਮਾਦ ਦੇ ਖੇਤਾਂ ਵਿਚ ਰਖਵਾ ਲਿਆ ਕਿਉਂਕਿ ਪੁਲਿਸ ਦੀ ਗਸ਼ਤ ਤੇਜ ਸੀ। ਸ਼ਹੀਦੀ ਜਥੇ ਨੂੰ ਰੋਕ ਕੇ ਲੰਗਰ ਹੀ ਨਹੀਂ ਛਕਾਇਆ ਸਗੋਂ ਪ੍ਰਭਾਵਸ਼ਾਲੀ ਭਾਸ਼ਣ ਵਿਚ ਸਰਕਾਰ ਦੀਆਂ ਵਧੀਕੀਆਂ ਦੀ ਨਿੰਦਾ ਵੀ ਕੀਤੀ। ਇਸ ਵਿਚ ਸਰਕਾਰ ਨੇ ਉਸਦੇ ਵਿਰੁੱਧ ਸੰਮਨ ਕੱਢੇ ਤਾਂ ਉਹ ਫਿਰ ਕਾਨਪੁਰ ਚਲਾ ਗਿਆ। ਗਣੇਸ਼ ਵਿਦਿਆਰਥੀ ਨੇ ਉਸਨੂੰ ਅਲੀਗੜ੍ਹ ਜ਼ਿਲ੍ਹੇ ਦੇ ਪਿੰਡ ਸਾਦਪੁਰ ਵਿਚ ਨੈਸ਼ਨਲ ਸਕੂਲ ਦਾ ਮੁੱਖ ਅਧਿਆਪਕ ਲਗਵਾ ਦਿੱਤਾ। ਜਦ ਕਾਨਪੁਰ ਵਿਚ ਭਿਆਨਕ ਹੜ੍ਹ ਆਇਆ ਤਾਂ ਉਸਨੇ ਅੱਗੇ ਹੋ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕੀਤੀ।

ਭਗਤ ਸਿੰਘ ਮਾਨਵੀ ਰਿਸ਼ਤਿਆਂ ਨਾਲ ਜੁੜਿਆ ਰਿਸ਼ਤਿਆਂ ਦੀ ਕਦਰ ਕਰਨਾ ਖ਼ੂਬ ਜਾਣਦਾ ਸੀ। ਜਿਵੇਂ ਫਾਂਸੀ ਤੋਂ 20 ਦਿਨ ਪਹਿਲੇ ਯਾਨਿ 3 ਮਾਰਚ ਆਪਣੇ ਭਰਾ ਕੁਲਬੀਰ ਸਿੰਘ ਨੂੰ ਖਤ ਲਿਖਿਆ, ''ਅਹਿਸਤਾ ਅਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ। ਅਗਰ ਕੋਈ ਕੰਮ ਸਿੱਖੋ ਤਾਂ ਬਿਹਤਰ ਹੋਵੇਗਾ। ਪਰ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ। ਜਿੱਥੋਂ ਤੱਕ ਹੋ ਸਕੇ ਪਿਆਰ ਨਾਲ ਸਾਰੇ ਜਣੇ ਗੁਜ਼ਾਰਾ ਕਰਨਾ। ਇਸ ਤੋਂ ਬਿਨਾਂ ਕੀ ਕਹਾਂ? ਜਾਣਦਾ ਹਾਂ ਕਿ ਅੱਜ ਤੁਹਾਡੇ ਦਿਲ ਵਿਚ ਗਮਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਤੁਹਾਡੀ ਗੱਲ ਸੋਚ ਕੇ ਮੇਰੀਆਂ ਅੱਖਾਂ ਵਿਚ ਵੀ ਹੰਝੂ ਆ ਰਹੇ ਹਨ।

ਦੂਸਰਾ ਖਤ ਭਰਾ ਕੁਲਤਾਰ ਸਿੰਘ ਨੂੰ ਲਿਖਿਆ। ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਦੇਖ ਕੇ ਬੜਾ ਦੁੱਖ ਹੋਇਆ। ਅੱਜ ਤੁਹਾਡੀਆਂ ਗੱਲਾਂ ਵਿਚ ਬਹੁਤ ਦਰਦ ਸੀ। ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ। ਗਹਿਰੀ ਵੇਦਨਾ ਅਤੇ ਕਾਵਿਕ ਸ਼ਕਤੀ ਉਸਦੇ ਕੋਲ ਸੀ। ਉਸਦਾ ਵਿਸ਼ਲੇਸ਼ਣੀ ਅਧਿਐਨ, ਸਿਧਾਂਤਕ, ਸੰਵੇਦਨਸ਼ੀਲ ਮਨੋਂ, ਸਮਾਜਿਕ ਕਾਰਜਸ਼ੀਲਤਾ ਇਖਲਾਕੀ ਉਚਿਤਾ ਦੇ ਗੁਣਾਂ ਨੂੰ ਹੋਰ ਵਿਸਥਾਰ ਨਾਲ ਵਾਚਦੇ ਹਾਂ।

ਭਗਤ ਸਿੰਘ ਸੰਗਠਨ ਦੀ ਮਜਬੂਤੀ ਲਈ ਢੁਕਵੇਂ ਸਾਹਿਤ ਦੀ ਲੋੜ ਪ੍ਰਤੀ ਪੂਰਨ ਸੁਚੇਤ ਸੀ। ਉਸਨੇ ਅਨੁਭਵ ਕਰ ਲਿਆ ਸੀ ਕ੍ਰਾਂਤੀ ਅਤੇ ਸੰਘਰਸ਼ ਬਾਰੇ ਜੋ ਸਾਹਿਤ ਰਚਿਆ ਗਿਆ, ਜਜ਼ਬਾਤੀ ਸੀ ਕਾਰਵਾਈ ਦੀ ਘਾਟ ਸੀ। ਉਸਦਾ ਮੰਨਣਾ ਸੀ ਕਿ ਦੇਸ਼ ਦੇ ਸਾਹਿਤ ਦਾ ਵਹਾਅ ਜਿਸ ਪਾਸੇ ਵਗਦਾ ਹੈ, ਠੀਕ ਉਹ ਦੇਸ਼ ਵੀ ਵੱਧ ਰਿਹਾ ਹੁੰਦਾ ਹੈ। ਇਸ ਲਈ ਉਸਨੇ ਭਵਿੱਖ ਵਿਚ ਸ਼ੁਰੂ ਕੀਤੇ ਜਾਣ ਵਾਲੇ ਇਨਕਲਾਬੀ ਕੰਮ ਦੀ ਸਫਲਤਾ ਲਈ ਮਨਸੂਬਾ ਬਣਾ ਲਿਆ ਸੀ। ਛੋਟੀ ਉਮਰ ਵਿਚ ਹੀ ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ ਲੇਖਣੀ ਨੂੰ ਮਾਧਿਅਮ ਬਣਾ ਕੇ ਵਹਿ ਤੁਰਿਆ। ਉਸਦੀ ਪਹਿਲੀ ਹੀ ਮਿਆਰੀ ਰਚਨਾ "ਪੰਜਾਬ ਹਿੰਦੀ ਸਾਹਿਤ ਸੰਮੇਲਨ" ਵੱਲੋਂ 'ਪੰਜਾਬ ਦੀ ਭਾਸ਼ਾ ਅਤੇ ਲਿਪੀ ਦਾ ਮਸਲਾ' ਵਿਸ਼ੇ ਤੇ ਕਰਵਾਏ ਲੇਖ ਮੁਕਾਬਲੇ ਲਈ ਲਿਖਿਆ ਲੇਖ ਸੀ। ਇਸ ਤੋਂ ਬਾਅਦ ਉਸਦੀ ਲੇਖਣੀ ਵਿਚ ਤਾਜ਼ਗੀ ਅਤੇ ਤੇਜ਼ੀ ਆ ਗਈ।

ਭਗਤ ਸਿੰਘ ਦੀਆਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਵਿਚ ਦੀਆਂ ਲਿਖਤਾਂ 'ਪ੍ਰਤਾਪ' (ਕਾਨ੍ਹਪੁਰ ਦਾ ਪੀਪਲ), ਲਾਹੌਰ 'ਕਿਰਤੀ' (ਅੰਮ੍ਰਿਤਸਰ), 'ਚਾਂਦ' (ਇਲਾਹਾਬਾਦ), 'ਮਹਾਂਰਥੀ' (ਦਿੱਲੀ) ਵਿਚ ਪ੍ਰਕਾਸ਼ਿਤ ਹੋਈਆਂ। ਇਸ ਆਧਾਰ 'ਤੇ ਉਸਨੂੰ ਇਕ ਸਫਲ ਪੱਤਰਕਾਰ ਵੀ ਕਿਹਾ ਜਾ ਸਕਦਾ ਹੈ ਕਿ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਸੁਨੇਹਾ ਉਸਨੇ ਅਖਬਾਰਾਂ ਰਾਹੀਂ ਦਿੱਤਾ। ਪੁਲਿਸ ਤੋਂ ਆਪਣੀ ਪਛਾਣ ਛੁਪਾਉਣ ਲਈ ਉਹ ਵੱਖ-ਵੱਖ ਨਾਵਾਂ ਹੇਠ ਪ੍ਰਕਾਸ਼ਿਤ ਹੋਇਆ, ਜਿਵੇਂ ਬੀ. ਐਸ. ਸੰਧੂ, ਪੰਜਾਬੀ ਯੁਵਕ, ਵਿਦਰੋਹੀ ਅਤੇ ਬਲਵੰਤ ਸਿੰਘ ਆਦਿ। ਭਗਤ ਸਿੰਘ ਦੇ ਬਹੁਤ ਸਾਰੇ ਲੇਖ ਉਪਲਬਧ ਹਨ। ਜੋ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ (ਪੰਜਾਬੀ ਸੰਪਾਦਕ ਜਗਮੋਹਨ ਸਿੰਘ), 'ਸ਼ਹੀਦ ਭਗਤ ਸਿੰਘ ਔਰ ਉਨਕੇ ਸਾਥੀਓਂ ਕੇ ਦਸਤਾਵੇਜ਼ (ਹਿੰਦੀ ਸੰਪਾਦਕ ਜਗਮੋਹਨ ਸਿੰਘ ਅਤੇ ਚਮਨ ਲਾਲ) ਅਤੇ Selected writings of Shsheed Bhagat Singh (Editor Shiv Verma) ਉਹਨਾਂ ਦੀਆਂ ਕੁਝ ਲਿਖਤਾਂ ਉਪਲਬਧ ਨਹੀਂ ਹਨ। ਜੋ ਭਗਤ ਸਿੰਘ ਨੇ ਦੋ ਸਾਲ ਦੀ ਜੇਲ੍ਹਬੰਦੀ ਵਿਚ ਲਿਖੀਆਂ। ਕੇਵਲ 'ਜੇਲ੍ਹ ਡਾਇਰੀ' ਜਿਸ ਵਿਚ ਉਸਨੇ ਆਪ ਪੜ੍ਹੀਆਂ ਪੁਸਤਕਾਂ ਵਿਚੋਂ ਚੋਣਵੀਆਂ ਟੂਕਾਂ ਦਰਜ ਕੀਤੀਆਂ ਹਨ। ਉਹ ਪ੍ਰਕਾਸ਼ਿਤ ਹਨ। ਜੋ ਰਚਨਾਵਾਂ ਉਪਲਬਧ ਨਹੀਂ ਹਨ:-

1. ਆਤਮ ਕਥਾ
2. ਦੀ ਡੋਰ ਟੂ ਡੱਥ
3. ਦੀ ਆਈਡੀਅਲ ਆਫ ਸੋਸ਼ਲਿਜ਼ਮ
4. ਹਿਸਟਰੀ ਆਫ ਰੈਵੋਲਿਊਸ਼ਨਰੀ ਮੂਵਮੈਂਟ ਇਨ ਇੰਡੀਆ

ਇਹ ਚਾਰੇ ਖਰੜੇ ਜੇਲ੍ਹ ਤੋਂ ਬਾਹਰ ਕੁਮਾਰੀ ਲੱਜਵਤੀ ਕੋਲ ਪਹੁੰਚਾਏ ਗਏ, ਜਿਸਨੇ 1938 ਈ. ਵਿਚ ਵਿਜੈ ਕੁਮਾਰ ਸਿਨਹਾ ਭਗਤ ਸਿੰਘ ਦੇ ਜੇਲ੍ਹ ਸਾਥੀ ਨੂੰ ਸੌਂਪ ਦਿੱਤੇ। ਦੂਜਾ ਵਿਸ਼ਵ ਯੁੱਧ ਵੇਲੇ ਸਿਨਹਾ ਨੇ ਪੁਲਿਸ ਵੱਲੋਂ ਉਸਦੇ ਘਰ ਦੀ ਤਲਾਸ਼ੀ ਲਏ ਜਾਣ ਦੇ ਡਰ ਤੋਂ ਖਰੜੇ ਆਪਣੇ ਇਕ ਮਿੱਤਰ ਨੂੰ ਸੁਰੱਖਿਅਤ ਰੱਖਣ ਲਈ ਦੇ ਦਿੱਤੇ। ਸੰਨ 1942 ਵਿਚ 'ਭਾਰਤ ਛੱਡੋ' ਅੰਦੋਲਨ ਸਮੇਂ ਵਿਆਪਕ ਸਖਤੀ ਨੂੰ ਦੇਖਦੇ ਹੋਏ ਇਸ ਮਿੱਤਰ ਨੇ ਡਰਦਿਆਂ ਇਹ ਖਰੜੇ ਨਸ਼ਟ ਕਰ ਦਿੱਤੇ ਜੋ ਇਨਕਲਾਬੀ ਸੋਚ ਲਈ ਵੱਡਾ ਘਾਟਾ ਹੈ।

ਫਿਰ ਵੀ ਭਗਤ ਸਿੰਘ ਦੀ ਲੇਖਣੀ ਜੋ ਉਪਲਬਧ ਹੈ, ਉਸ ਵਿਚੋਂ ਭਗਤ ਸਿੰਘ ਦੀ ਸੋਚ-ਧਾਰਾ ਦਾ ਪ੍ਰਵਾਹ ਸਪਸ਼ਟ ਦਿਖਾਈ ਦਿੰਦਾ ਹੈ। ਉਸਦੇ ਚੋਣਵੇਂ ਵਿਚਾਰ ਸਾਂਝੇ ਕਰਦੇ ਹਾਂ।

ਇਨਕਲਾਬ ਅਜਿਹੀ ਆਜ਼ਾਦੀ ਲਿਆਵੇਗਾ, ਜਿਸ ਵਿਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇਗੀ। (ਦੂਜੀ ਪੰਜਾਬੀ ਸਟੂਡੈਂਟਸ ਯੂਨੀਅਨ ਕਾਨਫਰੰਸ, 19-20 ਅਕਤੂਬਰ 1929 ਨੂੰ ਭੇਜਿਆ ਸੰਦੇਸ਼)

ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ।
(ਅਸੈਂਬਲੀ ਬੰਬ ਕੇਸ ਦੀ ਹਾਈ ਕੋਰਟ ਵਿਚ ਪਾਈ ਅਪੀਲ ਸਮੇਂ ਦਿੱਤਾ ਬਿਆਨ- 1929 ਈ.)

ਇਹ ਜ਼ਰੂਰੀ ਨਹੀਂ ਕਿ ਬੰਬਾਂ ਤੇ ਪਿਸਤੌਲਾਂ ਵਾਲਾ ਆਦਮੀ ਹੀ ਇਨਕਲਾਬੀ ਹੋਵੇ। (ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ-1925)। ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। (ਦੂਜੀ ਪੰਜਾਬ ਸਟੂਡੈਂਟਸ ਯੂਨੀਅਨ ਕਾਨਫਰੰਸ 19-20 ਅਕਤੂਬਰ 1929 ਨੂੰ ਭੇਜਿਆ ਸੰਦੇਸ਼)

ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ, ਇਨਕਲਾਬ ਸਿਰਫ ਬੰਬਾਂ, ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ, ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੀ ਕਦਾਈ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣਦੇ ਹਨ। (ਮਾਡਰਨ ਰਿਵਿਊ ਦੇ ਸੰਪਾਦਕ ਨੂੰ ਪੱਤਰ-ਦਸੰਬਰ 1930)

ਇਨਕਲਾਬ ਤਾਂ ਸਿਰਫ ਲਗਾਤਾਰ ਕੰਮ ਕਰਨ, ਕੁਰਬਾਨੀਆਂ ਕਰਨ ਤੇ ਲਗਾਤਾਰ ਮੁਸੀਬਤਾਂ ਝੱਲਣ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ। (ਭੁੱਖ ਹੜਤਾਲ ਦੌਰਾਨ ਸ਼ਹੀਦ ਸੁਖਦੇਵ ਨੂੰ ਲਿਖਿਆ ਖਤ-1929)। ਫੈਕਟਰੀਆਂ ਵਿਚੋ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਵਿਚ ਪਹੁੰਚਾਉਣਾ ਹੈ। (ਦੂਜੀ ਪੰਜਾਬ ਸਟੂਡੈਂਟਸ ਕਾਨਫਰੰਸ 19-20 ਅਕਤੂਬਰ 1929 ਨੂੰ ਭੇਜਿਆ ਸੰਦੇਸ਼)

ਭਾਵੇਂ ਇਨਕਲਬ ਕੌਮੀ ਹੋਵੇ ਤੇ ਭਾਵੇਂ ਸਮਾਜਵਾਦੀ ਜਿੰਨ੍ਹਾਂ ਸ਼ਕਤੀਆਂ ਤੇ ਅਸੀਂ ਨਿਰਭਰ ਕਰ ਸਕਦੇ ਹਾਂ, ਉਹ ਹਨ ਕਿਸਾਨੀ ਅਤੇ ਮਜ਼ਦੂਰ। ਕਾਂਗਰਸੀ ਨੇਤਾ ਇਹਨਾਂ ਸ਼ਕਤੀਆਂ ਨੂੰ ਸੰਗਠਿਤ ਕਰਨ ਦੀ ਹਿੰਮਤ ਨਹੀਂ ਰੱਖਦੇ। (ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖਤ- 26 ਫਰਵਰੀ 1931)

ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ, ਜਿਸ ਲਈ ਮੁਢਲੀ ਜ਼ਰੂਰਤ ਰਾਜਸੀ ਇਨਕਲਾਬ ਦੀ ਹੈ। ਰਾਜਸੀ ਇਨਕਲਾਬਦਾ ਭਾਵ ਰਾਜ ਸੱਤਾ (ਯਾਨਿ ਮੋਟੇ ਤੌਰ 'ਤੇ ਤਾਕਤ) ਦਾ ਅੰਗਰੇਜ਼ ਹੱਥਾਂ ਤੋਂ ਭਾਰਤੀ ਹੱਥਾਂ ਵਿਚ ਆ ਜਾਣਾ ਤੇ ਉਹ ਵੀ ਉਹਨਾਂ ਭਾਰਤੀਆਂ ਦੇ ਹੱਥਾਂ ਵਿਚ ਜਿਹਨਾਂ ਦਾ ਅੰਤਿਮ ਉਦੇਸ਼ ਸਾਡੇ ਉਦੇਸ਼ ਨਾਲ ਮਿਲਦਾ ਹੋਵੇ। ਹੋਰ ਸਪਸ਼ਟਤਾ ਨਾਲ ਕਹੀਏ ਤਾਂ ਰਾਜ ਸੱਤਾ ਦਾ ਇਨਕਲਾਬੀ ਪਾਰਟੀ ਦੇ ਹੱਥਾਂ ਵਿਚ, ਜਨਤਕ ਮਦਦ ਨਾਲ ਆ ਜਾਣਾ। ਉਸ ਦੇ ਬਾਅਦ ਸਾਰੇ ਸਮਾਜ ਨੂੰ ਸਮਾਜਵਾਦੀ ਲੀਹਾਂ 'ਤੇ ਚਲਾਉਣ ਲਈ ਪੂਰੀ ਸੰਜੀਦਗੀ ਨਾਲ ਜੁਟ ਜਾਣਾ ਹੋਵ-'ਗਾ। (ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖਤ 2 ਫਰਵਰੀ 1931)

ਅਗਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪੁਰਸ਼ੋਤਮ ਦਾਸ ਠਾਕਰ ਦਾਸ ਹੋਵੇ ਤਾਂ ਜਨਤਾ ਨੂੰ ਕੀ ਫਰਕ ਪੈਂਦਾ ਹੈ? ਇਕ ਕਿਸਾਨ ਵਾਸਤੇ ਇਸ ਨਾਲ ਕੀ ਫਰਕ ਪਵੇਗਾ, ਜੇ ਲਾਰਡ ਇਰਵਿਨ ਦੇ ਥਾਂ ਸਰਤੇਜ ਬਹਾਦਰ ਸਪਰੂ ਆ ਜਾਂਦਾ ਹੈ। (ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖਤ- 2 ਫਰਵਰੀ 1931)। ਅਸੀਂ ਇਹ ਐਲਾਨ ਕਰਦੇ ਹਾਂ ਕਿ ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤੱਕ ਚਲਦਾ ਰਹੇਗਾ, ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇਂ ਰਲਵੇਂ ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ। (ਗਵਰਨਰ ਪੰਜਾਬ ਵੱਲ 20 ਮਾਰਚ, 1931 ਨੂੰ ਲਿਖਿਆ ਖਤ)

ਹੋ ਸਕਦਾ ਹੈ ਕਿ ਇਹ ਲੜਾਈ ਵੱਖ-ਵੱਖ ਪੜਾਵਾਂ ਵਿਚ ਵੱਖ-ਵੱਖ ਰੂਪ ਧਾਰ। ਕਿਸੇ ਸਮੇਂ ਇਹ ਲੜਾਈ ਪ੍ਰਗਟ ਰੂਪ ਵਿਚ ਹੋਵੇ, ਕਦੀ ਖੁਫੀਆ, ਕਦੀ ਨਿਰੋਲ ਅੰਦੋਲਨਕਾਰੀ ਤੇ ਕਦੇ ਇਹ ਇੰਨੀ ਭਿਆਨਕ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲੱਗ ਜਾਵੇ। ਪਰ ਇਹ ਕਿਹੋ ਜਿਹਾ ਰੂਪ ਧਾਰਦੀ ਹੈ, ਖ਼ੂਨੀ ਜਾਂ ਥੋੜ੍ਹਾ ਸ਼ਾਂਤੀ ਪੂਰਨ, ਇਸਦੀ ਚੋਣ ਤੁਹਾਡੇ 'ਤੇ ਨਿਰਭਰ ਕਰਦੀ ਹੈ। ਸੋ, ਤੁਸੀਂ ਇਸਦੇ ਰੂਪ ਦੀ ਚੋਣ ਆਪਣੀ ਮਰਜ਼ੀ ਮੁਤਾਬਕ ਕਰ ਸਕਦੇ ਹੋ (ਗਵਰਨਰ ਪੰਜਾਬ ਵੱਲ 20 ਮਾਰਚ 1931 ਨੂੰ ਲਿਖਿਆ ਖਤ)

ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰਕੇ ਉਸਦੀ ਥਾਂ ਸਮਾਜਿਕ ਖੁਸ਼ਹਾਲੀ 'ਤੇ ਆਧਾਰਿਤ ਨਵਾਂ ਸਮਾਜਿਕ ਢਾਂਚਾ ਨਹੀਂ ਉਸਰ ਜਾਂਦਾ ਜਦ ਤੱਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾ ਕੇ ਮਨੁੱਖਤਾ 'ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿੱਖ ਵਿਚ ਆਖਰੀ ਯੁੱਧ ਲੜਿਆ ਜਾਵੇਗਾ ਤੇ ਉਹ ਫੈਸਲਾਕੁੰਨ ਹੋਵੇਗਾ। ਸਾਮਰਾਜੀ ਤੇ ਸਰਮਾਏਦਾਰ ਲੁੱਟ ਕੁਝ ਦਿਨਾਂ ਦੀ ਖੇਡ ਹੈ। (ਗਵਰਨਰ ਪੰਜਾਬ ਵੱਲ 20 ਮਾਰਚ 1931 ਨੂੰ ਲਿਖਿਆ ਪੱਤਰ)

ਉਹ ਲੋਕ ਜੋ ਮਹਲ ਬਣਾਉਂਦੇ ਹਨ, ਝੌਂਪੜੀਆਂ ਵਿਚ ਰਹਿੰਦੇ ਹਨ। ਉਹ ਲੋਕ ਜੋ ਸੋਹਣੀਆਂ ਸੋਹਣੀਆਂ ਅਤੇ ਆਰਾਮ ਦੇਣ ਵਾਲੀਆਂ ਚੀਜ਼ਾਂ ਬਣਾਉਂਦੇ ਹਨ; ਪੁਰਾਣੀਆਂ ਅਤੇ ਗੰਦੀਆਂ ਚਟਾਈਆਂ 'ਤੇ ਸੌਂਦੇ ਹਨ। ਐਸਾ ਕਿਉਂ ਰਹਿਣਾ ਚਾਹੀਦਾ ਹੈ? ਜੇ ਐਸੀ ਹੀ ਹਾਲਤ ਪਿਛਲੇ ਸਮੇਂ ਵਿਚ ਰਹੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਕਿਉਂ ਨਹੀਂ ਹੋਰ ਹੋਣੀ ਚਾਹੀਦੀ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਹਿੰਦੁਸਤਾਨੀਆਂ ਦੀ ਹਾਲਤ ਅੱਜ ਨਾਲੋਂ ਚੰਗੀ ਹੋਵੇ ਤਾਂ ਇਹ ਹਾਲਤ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਤਬਦੀਲ ਕਰਨੀ ਚਾਹੀਦੀ ਹੈ। (ਰੂਸ ਦੇ ਯੁੱਗ ਪਲਟਾਊ ਨੇਹਲਿਸਾਟ- ਅਗਸਤ 1928)

ਭਗਤ ਸਿੰਘ ਕਾਰਵਾਈ ਨਾਲੋਂ ਜਥੇਬੰਦਕ ਕਾਰਜਾਂ ਨੂੰ ਵਧੇਰੇ ਮਹੱਤਵ ਦਿੰਦਾ ਸੀ। ਇਹ ਗੱਲ ਉਸ ਵੱਲੋਂ ਆਪਣੇ ਸਾਥੀ ਸ਼ਿਵ ਵਰਮਾ ਨਾਲ ਹੋਈ ਵਾਰਤਾਲਾਪ ਤੋਂ ਪ੍ਰਗਟ ਹੁੰਦੀ ਹੈ। ਜੋ ਸ਼ਿਵ ਵਰਮਾ ਦੀ ਪੁਸਤਕ 'ਸ਼ਹੀਦਾਂ ਦੇ ਅੰਗ ਸੰਗ' ਵਿਚ ਦਰਜ ਹੈ: ਰਾਮ ਪ੍ਰਸ਼ਾਦ ਬਿਲਮਿਲ ਨੂੰ ਜੇਲ੍ਹ ਵਿਚੋਂ ਛੁਡਾਏ ਜਾਣ ਵਾਲੀ ਕਾਰਵਾਈ ਟੀਮ ਵਿਚ ਸ਼ਿਵ ਵਰਮਾ ਨੂੰ ਸ਼ਾਮਲ ਨਾ ਕੀਤੇ ਜਾਣ ਤੇ ਉਹ ਨਿਰਾਸ਼ ਸੀ। ਉਸਨੂੰ ਭਗਤ ਸਿੰਘ ਨੇ ਇਸ ਤਰ੍ਹਾਂ ਸਮਝਾਇਆ। ਹੀਰੇ ਇਮਾਰਤ ਦੀ ਖ਼ੂਬਸੂਰਤੀ ਵਧਾ ਸਕਦੇ ਹਨ, ਵੇਖਣ ਵਾਲੇ ਨੂੰ ਚਕਾਚੌਂਧ ਕਰ ਸਕਦੇ ਹਨ ਪਰ ਉਹ ਇਮਾਰਤ ਦੀ ਬੁਨਿਆਦ ਨਹੀਂ ਬਣ ਸਕਦੇ। ਉਸਨੂੰ ਲੰਮੀ ਉਮਰ ਨਹੀਂ ਦੇ ਸਕਦੇ। ਸਦੀਆਂ ਤੱਕ ਆਪਣੇ ਮਜਬੂਤ ਕੰਧਿਆਂ 'ਤੇ ਉਸਦੇ ਬੋਝ ਨੂੰ ਨਹੀਂ ਉਠਾ ਸਕਦੇ, ਉਸਨੂੰ ਸਿੱਧਾ ਖੜ੍ਹਾ ਨਹੀਂ ਕਰ ਸਕਦੇ। ਅੱਜ ਤੱਕ ਸਾਡੇ ਅੰਦੋਲਨ ਨੇ ਹੀਰੇ ਕਮਾਏ ਹਨ ਨੀਹਾਂ ਦੇ ਪੱਥਰ ਨਹੀਂ ਬਟੋਰੇ। ਇਸ ਲਈ ਐਨੀ ਕੁਰਬਾਨੀ ਦੇਣ ਤੋਂ ਬਾਅਦ ਵੀ ਅਜੇ ਤੱਕ ਅਸੀਂ ਇਮਾਰਤ ਤਾਂ ਕੀ ਉਸਦਾ ਢਾਂਚਾ ਵੀ ਨਹੀਂ ਖੜ੍ਹਾ ਕਰ ਸਕੇ। ਅੱਜ ਸਾਨੂੰ ਨੀਹਾਂ ਦੇ ਪੱਥਰਾਂ ਦੀ ਜ਼ਰੂਰਤ ਹੈ। ਤਿਆਗ ਅਤੇ ਕੁਰਬਾਨੀ ਦੇ ਵੀ ਦੋ ਰੂਪ ਹਨ। ਇਕ ਹੈ ਗੋਲੀ ਖਾ ਕੇ ਜਾਂ ਫਾਂਸੀ ਤੇ ਲਟਕ ਕੇ ਮਰਨਾ। ਇਸ ਵਿਚ ਚਮਕ ਜ਼ਿਆਦਾ ਹੈ ਤੇ ਤਕਲੀਫ ਘੱਟ। ਦੂਜਾ ਹੈ ਪਿੱਛੇ ਰਹਿ ਕੇ ਸਾਰੀ ਜ਼ਿੰਦਗੀ ਇਮਾਰਤ ਦੇ ਬੋਝ ਢੋਂਦੇ ਫਿਰਨਾ। ਅੰਦੋਲਨ ਦੇ ਉਤਰਾਅ ਚੜ੍ਹਾਅ ਦੇ ਦੌਰਾਨ ਕਈ ਵਾਰ ਐਦਾਂ ਦੇ ਪਲ ਵੀ ਆਉਂਦੇ ਹਨ ਜਦੋਂ ਇਕ-ਇਕ ਕਰਕੇ ਸਾਰੇ ਹਮਰਾਹੀ ਵਿਛੜ ਜਾਂਦੇ ਹਨ। ਉਸ ਸਮੇਂ ਬੰਦਾ ਮਨੁੱਖੀ ਹਮਦਰਦੀ ਦੇ ਦੋ ਸ਼ਬਦ ਸੁਣਨ ਲਈ ਵੀ ਤਰਸ ਉਠਦਾ ਹੈ। ਇਹੋ ਜਿਹੇ ਹਾਲਾਤ ਵਿਚ ਵੀ ਉਹ ਲੋਕ ਜੋ ਡੋਲਦੇ ਨਹੀਂ ਆਪਣਾ ਰਾਹ ਨਹੀਂ ਛੱਡਦੇ। ਇਮਾਰਤ ਦੇ ਬੋਝ ਨਾਲ ਜਿਹਨਾਂ ਦੇ ਪੈਰ ਲੜਖੜਾਉਂਦੇ ਨਹੀਂ। ਕੰਧੇ ਝੁਕਦੇ ਨਹੀਂ ਜੋ ਤਿਲ ਤਿਲ ਕਰਕੇ ਆਪਣੇ-ਆਪ ਨੂੰ ਇਸ ਲਈ ਜਲਾਉਂਦੇ ਹਨ ਕਿ ਦੀਵੇ ਦੀ ਲੋਅ ਕਿਤੇ ਮੱਧਮ ਨਾ ਪੈ ਜਾਵੇ, ਸੁੰਨਸਾਨ ਰਾਹਾਂ 'ਤੇ ਹਨੇਰਾ ਨਾ ਛਾ ਜਾਵੇ। ਇਸ ਤਰ੍ਹਾਂ ਦੇ ਲੋਕਾਂ ਦੀ ਕੁਰਬਾਨੀ ਅਤੇ ਤਿਆਗ ਪਹਿਲਾਂ ਵਾਲਿਆਂ ਦੇ ਮੁਕਾਬਲੇ ਕਿਤੇ ਵੱਧ ਨਹੀਂ ਹੈ।

ਵੀਹਵੀ ਸਦੀ ਦੇ ਮੁੱਢ ਤੋਂ ਅੰਗਰੇਜ਼ ਨੌਕਰਸ਼ਾਹੀ ਭਾਰਤ ਵਿਚ ਇਕ ਨਵੀਂ ਨੀਤੀ ਅਪਣਾ ਰਹੀ ਹੈ। ਵੱਡੇ ਸਰਮਾਏਦਾਰ ਤਬਕੇ ਨੂੰ ਰਿਆਇਤਾਂ ਦੇ ਕੇ ਆਪਣੀਆਂ ਸਫਾਂ ਵਿਚ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਦੇ ਹਿੱਤ ਸਾਂਝੇ ਬਣਾਏ ਜਾ ਰਹੇ ਹਨ। ਦੇਸ਼ ਵਿਚ ਅੰਗਰੇਜ਼. ਸਰਮਾਇਆ ਵਧਣ ਨਾਲ ਭਾਰਤ ਦੀ ਅਜਿਹੀ ਗਿਰਾਵਟ ਅਟੱਲ ਹੈ। ਭਵਿੱਖ ਵਿਚ ਛੇਤੀ ਹੀ ਅਸੀਂ ਇਸ ਤਬਕੇ ਤੇ ਇਸਦੇ ਉਘੇ ਨੇਤਾਵਾਂ ਨੂੰ ਵਿਦੇਸ਼ੀ ਹਾਕਮਾਂ ਨਾਲ ਗਲਵਕੜੀ ਪਾਏ ਹੋਏ ਤੱਕਾਂਗੇ। ਕਿਸੇ ਗੋਲਮੇਜ਼ ਕਾਨਫਰੰਸ ਜਾਂ ਹੋਰ ਅਜਿਹੇ ਢੰਗ ਰਾਹੀਂ ਇਹਨਾਂ ਵਿਚਾਲੇ ਸੌਦੇਬਾਜ਼ੀ ਹੋ ਜਾਵੇਗੀ ਅਤੇ ਫਿਰ ਉਹ ਲੋਕਾਂ ਦੀ ਮਦਦ ਕਰਨੀ ਛੱਡ ਦੇਣਗੇ। (ਨੌਜਵਾਨ ਭਾਰਤ ਸਭਾ ਮੈਨੀਫੈਸਟੋ-1928)

ਜਾਇਦਾਦ ਬਣਾਉਣ ਦਾ ਖਿਆਲ ਆਦਮੀਆਂ ਨੂੰ ਲਾਲਚੀ ਬਣਾ ਦਿੰਦਾ ਹੈ। ਉਹ ਫਿਰ ਪੱਥਰ ਦਿਲ ਹੁੰਦਾ ਚਲਾ ਜਾਂਦਾ ਹੈ। ਰਹਿਮ ਤੇ ਤਰਸ ਉਸਦੇ ਦਿਲ ਵਿਚੋਂ ਮਿਟ ਜਾਂਦੇ ਹਨ। (ਪ੍ਰਾਪਰਟੀ) ਜਾਇਦਾਦ ਦੀ ਹਿਫਾਜ਼ਤ ਦੀ ਖਾਤਰ ਸਟੇਟ (ਗੌਰਮਿੰਟ) ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਫਿਰ ਲਾਲਚ ਵਧਦਾ ਹੈ ਅਤੇ ਆਖਿਰ ਵਿਚ ਨਤੀਜਾ ਇੰਪੀਰੀਅਰਲਿਜ਼ਮ (ਸ਼ਹਿਨਸ਼ਾਹੀਅਤ) ਅਤੇ ਵਾਰਜ (ਲੜਾਈਆਂ) ਹੁੰਦਾ ਹੈ। ਖ਼ੂਨ ਖਰਾਬਾ ਹੁੰਦਾ ਹੈ ਤੇ ਬੜਾ ਨੁਕਸਾਨ ਹੁੰਦਾ ਹੈ। (ਅਨਾਰਕਿਜ਼ਮ ਕਿਆ ਹੈ?- 2 ਜੂਨ, 1928)। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ। ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ। ਫਿਰ ਸਾਡੇ ਇਸ ਰਵੱਈਏ ਤੇ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁਖਾਂ ਵਿਚ ਵਾਧਾ ਕਰਦੇ ਹਨ। ਉਹਨਾਂ ਨੂੰ ਅਸੀਂ ਪਰੇ ਪਰੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ?

ਉਸ ਦੀਆਂ ਹੋਰ ਲਿਖਤੀ ਰਚਨਾਵਾਂ ਵਿਚ ਸ਼ਾਮਲ ਹਨ 'ਅਦਾਲਤੀ ਬਿਆਨ', ਨੌਜਵਾਨ ਸਿਆਸੀ ਸਾਥੀਆਂ ਨੂੰ ਲਿਖੇ 'ਪੱਤਰ' ਅਤੇ ਕੁਝ ਹੋਰ ਦਸਤਾਵੇਜ਼ ਸੰਭਾਲਣ ਵੇਲੇ ਨਸ਼ਟ ਹੋ ਗਏ ਜਾਂ ਅਣਪਛਾਤੇ ਰਹਿ ਗਏ। ਭਾਵੇਂ ਭਗਤ ਸਿੰਘ ਨੂੰ ਦੇਸ਼ ਦੀ ਆਜ਼ਾਦੀ ਲਈ ਦਿੱਤੀ ਕੁਰਬਾਨੀ ਦੇ ਸਨਮਾਨ ਵਿਚ ਬੁੱਤਾਂ, ਸਮਾਰਕਾਂ, ਇਮਾਰਤਾਂ, ਸੰਸਥਾਵਾਂ, ਅਜਾਇਬ ਘਰਾਂ, ਸੜਕਾਂ, ਮਾਰਗਾਂ, ਗੀਤਾਂ, ਫਿਲਮਾਂ, ਫੋਟੋਆਂ, ਪੱਗੜੀ, ਪਹਿਰਾਵੇ ਅਤੇ ਤਸਵੀਰਾਂ ਨੂੰ ਕੱਪੜਿਆਂ ਤੇ ਛਾਪਿਆ ਗਿਆ ਹੈ, ਰਾਹੀਂ ਯਾਦ ਕੀਤਾ ਜਾਂਦਾ ਹੈ। ਪਰ ਇਕ ਮਾਨਤਾ ਪ੍ਰਾਪਤ ਲੇਖਕ, ਪੱਤਰਕਾਰ ਅਤੇ ਚਿੰਤਕ ਦੀ ਝਾਤ ਤੱਕ ਅਸੀਂ ਘੱਟ ਹੀ ਪਹੁੰਚਦੇ ਹਾਂ।

ਭਗਤ ਸਿੰਘ ਨੇ ਆਪਣੇ ਵਿਚਾਰਾਂ ਤੇ ਸੰਗਠਨ ਦੇ ਸਿਧਾਂਤਾਂ ਦਾ ਪ੍ਰਚਾਰ ਆਪਣੀਆਂ ਲਿਖਤਾਂ ਨੂੰ ਅਖਬਾਰਾਂ ਵਿਚ ਛਪਵਾ ਕੇ ਕੀਤਾ ਹੈ ਅਤੇ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਇਕ ਵਾਰ ਫਿਰ ਦੁਹਰਾਇਆ ਜਾਂਦਾ ਹੈ ਕਿ:
ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ। (ਅਸੈਂਬਲੀ ਬੰਬ ਕੇਸ ਦੀ ਹਾਈ ਕੋਰਟ ਵਿਚ ਪਾਈ ਅਪੀਲ ਸਮੇਂ ਦਿੱਤਾ ਬਿਆਨ-1929 ਈਸਵੀ)

# ਗੁਣਵੱਤਾ ਸਿੱਖਿਆ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਿੱਖਿਆ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ ਪਰ 'ਗੁਣਵੱਤਾ' ਸਿੱਖਿਆ ਨੂੰ ਯਕੀਨੀ ਬਣਾਉਣਾ ਅਸਲ ਫਰਕ ਲਿਆਵੇਗਾ। ਭਾਰਤ ਲਈ, ਲੋੜ ਹੈ ਹਰ ਖੇਤਰ ਅਤੇ ਹਰ ਪਹਿਲੂ ਵਿੱਚ ਵਿਕਾਸ ਕਰਨ ਅਤੇ ਵਿਸ਼ਵ ਪੱਧਰ ਦੇ ਤਕਨੀਕੀ ਮਨੁੱਖੀ ਸਰੋਤਾਂ ਨੂੰ ਵਿਕਸਤ ਕਰਨ ਦੀ। ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏਆਈਸੀਟੀਈ) ਭਾਰਤ ਵਿੱਚ ਤਕਨੀਕੀ ਅਤੇ ਪ੍ਰਬੰਧਨ ਸਿੱਖਿਆ ਦੀ ਗੁਣਵੱਤਾ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਦ੍ਰਿੜ ਹੈ ਅਤੇ ਇਹ ਵੀ ਯਕੀਨੀ ਬਣਾਉਣ ਲਈ ਕਿ, 2047 ਤੱਕ, ਦੇਸ਼ ਮੁੱਖ 'ਗਲੋਬਲ ਸਟੱਡੀ ਡੈਸਟੀਨੇਸ਼ਨ' ਵਿੱਚੋਂ ਇੱਕ ਵਜੋਂ ਵਿਕਸਤ ਹੋ ਜਾਵੇ। ਇਸਦੀ ਗੁਣਵੱਤਾ ਵਾਲੀ ਸਿੱਖਿਆ ਲਈ। ਮਿਆਰੀ ਸਿੱਖਿਆ 'ਤੇ ਧਿਆਨ ਕੇਂਦ੍ਰਤ ਕਰਨ ਦੇ ਨਾਲ, ਓਿਛਠਓ ਨੇ ਤਕਨੀਕੀ ਅਤੇ ਪ੍ਰਬੰਧਨ ਸਿੱਖਿਆ ਦੀ ਗੁਣਵੱਤਾ ਨੂੰ ਉੱਚਾ ਚੁੱਕਣ ਲਈ ਪ੍ਰਵਾਨਿਤ ਸੰਸਥਾਵਾਂ ਵਿੱਚ ਵੱਖ-ਵੱਖ ਸੁਧਾਰਾਤਮਕ ਉਪਾਅ ਪੇਸ਼ ਕੀਤੇ ਅਤੇ ਲਾਗੂ ਕੀਤੇ ਹਨ। ਵਿਧੀ ਏਆਈਸੀਟੀਈ ਐਕਟ 1987 ਦੀ ਸਹਿਮਤੀ ਨਾਲ, ਬੀਬੀਏ, ਬੀਐਮਐਸ ਅਤੇ ਬੀਸੀਏ ਕੋਰਸਾਂ ਨੂੰ ਇਸਦੇ ਦਾਇਰੇ ਵਿੱਚ ਲਿਆਉਣ ਦਾ ਇੱਕ ਵੱਡਾ ਫੈਸਲਾ ਲਿਆ ਗਿਆ। ਨਵੰਬਰ 2023 ਵਿੱਚ, ਮਾਹਿਰ ਕਮੇਟੀ ਦੇ ਮੈਂਬਰਾਂ ਨਾਲ ਵਿਸਤ੍ਰਿਤ ਚਰਚਾ ਅਤੇ ਮੁਲਾਂਕਣ ਤੋਂ ਬਾਅਦ, ਓਿਛਠਓ ਨੇ 2024-25 ਅਕਾਦਮਿਕ ਸਾਲ ਤੋਂ ਇਹਨਾਂ ਨੂੰ ਨਿਯਮਤ ਕਰਨ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ। ਪਹਿਲੀ ਵਾਰ, ਓਿਛਠਓ ਨੇ ਫੀਡਬੈਕ ਲੈਣ ਲਈ ਜਨਤਕ ਡੋਮੇਨ ਵਿੱਚ ਪ੍ਰਵਾਨਗੀ ਪ੍ਰਕਿਰਿਆ ਹੈਂਡਬੁੱਕ ਦਾ ਖਰੜਾ ਵੀ ਪੇਸ਼ ਕੀਤਾ। ਮਾਹਰ ਕਮੇਟੀ ਅਤੇ ਹਿੱਸੇਦਾਰਾਂ ਦੇ ਨਾਲ ਤਾਲਮੇਲ ਵਿੱਚ, ਸੰਸਥਾ ਨੇ ਹਰੇਕ ਨਿਯਮ ਅਤੇ ਨਿਯਮਾਂ ਦਾ ਵਿਸ਼ਲੇਸ਼ਣ ਕੀਤਾ ਤਾਂ ਜੋ ਪ੍ਰਵਾਨਗੀ ਲਈ ਅਰਜ਼ੀ ਦੇਣ ਵਾਲੀਆਂ ਸੰਸਥਾਵਾਂ ਲਈ ਪ੍ਰਕਿਰਿਆ ਆਸਾਨ ਅਤੇ ਸੁਵਿਧਾਜਨਕ ਹੋ ਸਕੇ। ਬੀਬੀਏ ਅਤੇ ਬੀਸੀਏ ਪ੍ਰੋਗਰਾਮਾਂ ਨੂੰ ਏਆਈਸੀਟੀਈ ਦੇ ਅਧੀਨ ਲਿਆਉਣ ਦੇ ਇਸ ਫੈਸਲੇ ਵਿੱਚ ਤਕਨੀਕੀ ਅਤੇ ਪ੍ਰਬੰਧਨ ਸਿੱਖਿਆ ਦੀ ਗੁਣਵੱਤਾ, ਸਾਰਥਕਤਾ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਅਤੇ ਉਦਯੋਗ ਅਤੇ ਸਮਾਜ ਦੀਆਂ ਵਿਕਸਤ ਲੋੜਾਂ ਦੇ ਨਾਲ ਵਿਦਿਅਕ ਪੇਸ਼ਕਸ਼ਾਂ ਨੂੰ ਇਕਸਾਰ ਕਰਨ ਲਈ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਹੈ। ਇਹ ਫੈਸਲਾ ਇਹਨਾਂ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਵਾਲੀਆਂ ਸੰਸਥਾਵਾਂ ਨੂੰ ਸਰਕਾਰੀ ਫੰਡਾਂ, ਗ੍ਰਾਂਟਾਂ, ਵਜ਼ੀਫ਼ਿਆਂ ਅਤੇ ਵਿੱਤੀ ਸਹਾਇਤਾ ਦੇ ਹੋਰ ਰੂਪਾਂ ਲਈ ਵੀ ਯੋਗ ਬਣਾਵੇਗਾ ਜੋ ਉਹਨਾਂ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ, ਫੈਕਲਟੀ ਸਿਖਲਾਈ, ਖੋਜ ਸਹੂਲਤਾਂ ਅਤੇ ਵਿਦਿਆਰਥੀ ਭਲਾਈ ਪਹਿਲਕਦਮੀਆਂ ਵਿੱਚ ਨਿਵੇਸ਼ ਕਰਨ ਦੇ ਯੋਗ ਬਣਾਵੇਗਾ, ਜਿਸਦਾ ਸਭ ਨੂੰ ਲਾਭ ਹੋਵੇਗਾ। ਸਾਰਾ ਅਕਾਦਮਿਕ ਭਾਈਚਾਰਾ। ਆਉਣ ਵਾਲੇ ਅਕਾਦਮਿਕ ਸਾਲ ਵਿੱਚ, ਬੀਬੀਏ/ਬੀਸੀਏ ਸੰਸਥਾਵਾਂ ਨੂੰ 'ਜਿਵੇਂ ਹੈ-ਜਿੱਥੇ-ਜਿੱਥੇ ਹੈ' ਦੇ ਆਧਾਰ 'ਤੇ ਪ੍ਰਵਾਨਗੀ ਦਿੱਤੀ ਜਾਵੇਗੀ। ਏਆਈਸੀਟੀਈ ਅਗਲੇ ਦੋ ਤੋਂ ਤਿੰਨ ਸਾਲਾਂ ਵਿੱਚ ਅੰਤਰਰਾਸ਼ਟਰੀ ਮਾਪਦੰਡਾਂ ਦੇ ਮਾਡਲ ਪਾਠਕ੍ਰਮ, ਗੁਣਵੱਤਾ ਫੈਕਲਟੀ ਵਿਕਾਸ ਸਿਖਲਾਈ ਪ੍ਰੋਗਰਾਮਾਂ, ਗੁਣਵੱਤਾ ਸੁਧਾਰ ਯੋਜਨਾ, ਵਜ਼ੀਫ਼ੇ ਅਤੇ ਹੋਰਾਂ ਨੂੰ ਨਿਰਧਾਰਤ ਕਰਕੇ ਉਹਨਾਂ ਦੇ ਪ੍ਰੋਗਰਾਮਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਉਹਨਾਂ ਨਾਲ ਕੰਮ ਕਰੇਗਾ। ਲਾਭ ਅੰਡਰਗਰੈਜੂਏਟ ਪ੍ਰਬੰਧਨ ਕੋਰਸਾਂ ਦੀ ਪੇਸ਼ਕਸ਼ ਕਰਨ ਵਾਲੀਆਂ ਸੰਸਥਾਵਾਂ ਨੂੰ ਏਆਈਸੀ-ਟੀਈ ਦੀ ਛਤਰੀ ਹੇਠ ਲਿਆਉਣ ਦਾ ਫੈਸਲਾ ਮਹੱਤਵਪੂਰਨ ਹੈ, ਕਿਉਂਕਿ ਰੈਗੂਲੇਟਰੀ ਢਾਂਚੇ ਵਿੱਚ ਫੈਕਲਟੀ ਯੋਗਤਾਵਾਂ, ਬੁਨਿਆਦੀ ਢਾਂਚੇ ਦੀਆਂ ਲੋੜਾਂ, ਅਧਿਆਪਨ ਵਿਧੀਆਂ, ਅਤੇ ਮੁਲਾਂਕਣ ਪ੍ਰਕਿਰਿਆਵਾਂ ਲਈ ਦਿਸ਼ਾ-ਨਿਰਦੇਸ਼ ਸ਼ਾਮਲ ਹਨ। ਇਹ ਸੰਸਥਾਵਾਂ ਨੂੰ ਉਹਨਾਂ ਦੇ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਨੂੰ ਬਣਾਈ ਰੱਖਣ, ਉਹਨਾਂ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਨਤਾ ਅਤੇ ਮਾਨਤਾ ਨੂੰ ਵਧਾਉਣ, ਉਹਨਾਂ ਦੀ ਪ੍ਰਤਿਸ਼ਠਾ ਵਿੱਚ ਸੁਧਾਰ ਕਰਨ ਅਤੇ ਪ੍ਰਦਾਨ ਕੀਤੀਆਂ ਡਿਗਰੀਆਂ ਦੀ ਭਰੋਸੇਯੋਗਤਾ ਨੂੰ ਵਧਾਉਣ ਵਿੱਚ ਮਦਦ ਕਰੇਗਾ, ਜਿਸ ਨਾਲ ਵਿਦਿਆਰਥੀਆਂ ਲਈ ਅਕਾਦਮਿਕ ਗਤੀਸ਼ੀਲਤਾ ਅਤੇ ਕਰੀਅਰ ਦੇ ਮੌਕਿਆਂ ਦੀ ਸਹੂਲਤ ਹੋਵੇਗੀ। ਇੱਕ ਵਾਰ ਓਿਛਠਓ ਦੇ ਦਾਇਰੇ ਵਿੱਚ ਆਉਣ ਤੋਂ ਬਾਅਦ, ਇਹਨਾਂ ਸੰਸਥਾਵਾਂ ਨੂੰ ਨਿਯੰਤ੍ਰਿਤ, ਨਿਗਰਾਨੀ ਅਤੇ ਮਾਨਕੀਕਰਨ ਕੀਤਾ ਜਾਵੇਗਾ ਅਤੇ ਦਿਸ਼ਾ-ਨਿਰਦੇਸ਼ ਅਤੇ ਪ੍ਰਕਿਰਿਆਵਾਂ ਪ੍ਰਸ਼ਾਸਕੀ ਬੋਝ ਨੂੰ ਘਟਾਉਣਗੀਆਂ ਅਤੇ ਸਿੱਖਿਆ ਖੇਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨਗੀਆਂ, ਘਟੀਆ ਸੰਸਥਾਵਾਂ ਦੇ ਪ੍ਰਸਾਰ ਨੂੰ ਰੋਕਣਗੀਆਂ ਅਤੇ ਰੈਗੂਲੇਟਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਗੀਆਂ। ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਪ੍ਰੋਗਰਾਮਾਂ ਦੀ ਭਰੋਸੇਯੋਗਤਾ ਬਣਾਈ ਰੱਖੀ ਜਾਂਦੀ ਹੈ। ਇਸ ਤੋਂ ਇਲਾਵਾ, ਏ.ਆਈ.ਸੀ.ਟੀ.ਈ ਉਦਯੋਗ, ਇਹ ਸੁਨਿਸ਼ਚਿਤ ਕਰੇਗਾ ਕਿ BBA/BMS ਅਤੇ ਭਛਓ ਦੇ ਵਿਦਿਆਰਥੀ ਅਸਲ-ਸੰਸਾਰ ਦੀਆਂ ਚੁਣੌਤੀਆਂ, ਉਦਯੋਗ ਦੇ ਰੁਝਾਨਾਂ, ਅਤੇ ਵਧੀਆ ਅਭਿਆਸਾਂ ਦਾ ਵਿਹਾਰਕ ਸੰਪਰਕ ਪ੍ਰਾਪਤ ਕਰਦੇ ਹਨ, ਜੋ ਉਹਨਾਂ ਦੀ ਰੁਜ਼ਗਾਰਯੋਗਤਾ ਅਤੇ ਕਰਮਚਾਰੀਆਂ ਵਿੱਚ ਸ਼ਾਮਲ ਹੋਣ ਦੀ ਤਿਆਰੀ ਨੂੰ ਵਧਾਏਗਾ। ਅੰਡਰ-ਗਰੈਜੂਏਟ ਪ੍ਰਬੰਧਨ ਕੋਰਸਾਂ ਦੀ ਪੇਸ਼ਕਸ਼ ਕਰਨ ਵਾਲੀਆਂ ਸੰਸਥਾਵਾਂ ਨੂੰ ਏਆਈਸੀਟੀਈ ਦੇ ਅਧੀਨ ਲਿਆਉਣ ਦਾ ਇੱਕ ਹੋਰ ਪ੍ਰਮੁੱਖ ਕਾਰਕ ਵਿਦਿਆਰਥੀਆਂ ਲਈ ਹੁਨਰ ਵਿਕਾਸ ਵਿਕਲਪਾਂ ਨੂੰ ਯਕੀਨੀ ਬਣਾਉਣਾ ਹੈ। ਨਾਲ ਹੀ, ਓਿਛਠਓ ਦੇਸ਼ ਵਿੱਚ ਨਵੀਨਤਾ ਅਤੇ ਉੱਦਮੀ ਈਕੋਸਿਸਟਮ ਨੂੰ ਉਤਸ਼ਾਹਿਤ ਕਰਨ ਲਈ ਉਪਾਅ ਕਰਦਾ ਹੈ, ਖੋਜ ਪਹਿਲਕਦਮੀਆਂ, ਇਨਕਿਊਬੇਸ਼ਨ ਕੇਂਦਰਾਂ, ਅਤੇ ਸਟਾਰਟ-ਅੱਪ ਪਹਿਲਕਦਮੀਆਂ ਲਈ ਸਹਾਇਤਾ ਪ੍ਰਦਾਨ ਕਰਕੇ ਸੰਸਥਾਵਾਂ ਵਿੱਚ ਨਵੀਨਤਾ ਅਤੇ ਰਚਨਾਤਮਕਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰੇਗਾ। ਇਹੂ ਘ ਪ੍ਰਬੰਧਨ ਗ੍ਰੈਜੂਏਟਾਂ ਨੂੰ ਨਵੇਂ ਵਿਚਾਰਾਂ ਦੀ ਪੜਚੋਲ ਕਰਨ, ਆਲੋਚਨਾਤਮਕ ਸੋਚ ਦੇ ਹੁਨਰਾਂ ਨੂੰ ਵਿਕਸਤ ਕਰਨ, ਅਤੇ ਉੱਦਮੀ ਉੱਦਮਾਂ ਨੂੰ ਅੱਗੇ ਵਧਾਉਣ ਲਈ ਵੀ ਸ਼ਕਤੀ ਪ੍ਰਦਾਨ ਕਰੇਗਾ, ਤਾਂ ਜੋ ਉਹ ਆਰਥਿਕ ਵਿਕਾਸ ਅਤੇ ਸਮਾਜਿਕ ਵਿਕਾਸ ਵਿੱਚ ਯੋਗਦਾਨ ਪਾ ਸਕਣ।

# ਇਮਤਿਹਾਨ ਦੀ ਸਫਲਤਾ ਲਈ ਮੈਮੋਰੀ ਟ੍ਰਿਕਸ ਅਤੇ ਮੈਮੋਨਿਕਸ

**ਵਿਜੈ ਗਰਗ**

ਵਿਦਿਆਰਥੀਆਂ ਵਿੱਚ ਇਮਤਿਹਾਨਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਦਾ ਦਬਾਅ ਲਗਾਤਾਰ ਬਣਿਆ ਰਹਿੰਦਾ ਹੈ। ਅਕਾਦਮਿਕਾਂ ਵਿੱਚ ਸਫਲਤਾ ਨਾ ਸਿਰਫ਼ ਬੁੱਧੀ 'ਤੇ ਨਿਰਭਰ ਕਰਦੀ ਹੈ, ਸਗੋਂ ਪ੍ਰਭਾਵਸ਼ਾਲੀ ਗਿਆਨ ਪ੍ਰਾਪਤੀ ਅਤੇ ਧਾਰਨ 'ਤੇ ਵੀ ਨਿਰਭਰ ਕਰਦੀ ਹੈ। ਮੈਮੋਰੀ ਵਧਾਉਣ ਦਾ ਇੱਕ ਦਿਲਚਸਪ ਪਹਿਲੂ ਫੋਟੋਗ੍ਰਾਫਿਕ ਮੈਮੋਰੀ ਦਾ ਵਿਕਾਸ ਹੈ।

ਇਸ ਵਿੱਚ ਜਾਣਕਾਰੀ ਨੂੰ ਮਾਨਸਿਕ ਚਿੱਤਰਾਂ ਵਿੱਚ ਬਦਲਣਾ, ਵਿਅਕਤੀਆਂ ਨੂੰ ਗੁੰਝਲਦਾਰ ਧਾਰਨਾਵਾਂ ਦੀ ਕਲਪਨਾ ਅਤੇ ਵਿਵਸਥਿਤ ਕਰਨ ਦੇ ਯੋਗ ਬਣਾ ਕੇ ਯਾਦ ਕਰਨ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ।

ਤੁਹਾਡੇ ਅਧਿਐਨ ਦੇ ਤਜ਼ਰਬੇ ਨੂੰ ਵਧਾਉਣ ਅਤੇ ਫੋਟੋਗ੍ਰਾਫਿਕ ਮੈਮੋਰੀ ਨੂੰ ਵਿਕਸਤ ਕਰਨ ਲਈ, ਆਤਮਵਿਸ਼ਵਾਸੀ ਇਮਤਿਹਾਨ ਪ੍ਰਦਰਸ਼ਨ ਲਈ ਰੋਟ ਮੈਮੋਰੀਜ਼ੇਸ਼ਨ ਤੋਂ ਸਰਗਰਮ ਸਿੱਖਣ ਵੱਲ ਤਬਦੀਲ ਕਰਨ ਲਈ ਇੱਥੇ ਕੁਝ ਯਾਦ ਵਿਗਿਆਨ ਅਤੇ ਮੈਮੋਰੀ ਤਕਨੀਕਾਂ ਹਨ:

**1. ਸੌਣ ਨੂੰ ਤਰਜੀਹ ਦਿਓ**

ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਪਰ ਪ੍ਰਭਾਵਸ਼ਾਲੀ ਸਿੱਖਣ ਲਈ ਬੁਨਿਆਦੀ ਤੱਤ ਗੁਣਵੱਤਾ ਵਾਲੀ ਨੀਂਦ ਨੂੰ ਤਰਜੀਹ ਦੇ ਰਿਹਾ ਹੈ। ਇਕਸਾਰ, ਬਹਾਲ ਕਰਨ ਵਾਲੀ ਨੀਂਦ ਯਾਦਦਾਸ਼ਤ ਨੂੰ ਮਜ਼ਬੂਤ ਕਰਦੀ ਹੈ।

ਇਮਤਿਹਾਨਾਂ ਦੌਰਾਨ ਸਫਲਤਾਪੂਰਵਕ ਯਾਦ ਕਰਨ ਲਈ ਇੱਕ ਚੰਗੀ ਤਰ੍ਹਾਂ ਅਰਾਮਦਾਇਕ ਦਿਮਾਗ ਨੂੰ ਏਨਕੋਡ ਕਰਨ ਅਤੇ ਜਾਣਕਾਰੀ ਨੂੰ ਬਰਕਰਾਰ ਰੱਖਣ ਲਈ ਕਾਫ਼ੀ ਬਿਹਤਰ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ।

**2. ਕਹਾਣੀ ਸੁਣਾਉਣ ਦੀ ਤਕਨੀਕ**

ਗੁੰਝਲਦਾਰ ਜਾਣਕਾਰੀ ਨੂੰ ਛੋਟੇ, ਪਚਣਯੋਗ ਹਿੱਸਿਆਂ ਵਿੱਚ ਵੰਡੋ, ਅਤੇ ਉਹਨਾਂ ਨੂੰ ਇੱਕ ਬਿਰਤਾਂਤ ਵਿੱਚ ਬੁਣੋ।

ਕਿਸੇ ਕਹਾਣੀ ਨਾਲ ਜਾਣਕਾਰੀ ਨੂੰ ਜੋੜਨਾ ਸਮਝ ਅਤੇ ਯਾਦ ਨੂੰ ਵਧਾਉਂਦਾ ਹੈ - ਵਿਦਿਆਰਥੀ ਨਾ ਸਿਰਫ਼ ਸਮੱਗਰੀ ਨੂੰ ਵਧੇਰੇ ਆਸਾਨੀ ਨਾਲ ਸਮਝਦੇ ਹਨ ਬਲਕਿ ਬਾਅਦ ਵਿੱਚ ਇਸਨੂੰ ਪ੍ਰਾਪਤ ਕਰਨ ਦੀ ਆਪਣੀ ਯੋਗਤਾ ਵਿੱਚ ਵੀ ਸੁਧਾਰ ਕਰਦੇ ਹਨ।

**3. ਪ੍ਰੈਕਟੀਕਲ ਐਪਲੀਕੇਸ਼ਨ ਸਮਝ ਨੂੰ ਵਧਾਉਂਦੀ ਹੈ**

ਸੰਕਲਪਾਂ ਦੇ ਅਸਲ-ਜੀਵਨ ਕਾਰਜਾਂ ਨੂੰ ਸਮਝਣਾ ਸਮਝ ਨੂੰ ਮਜ਼ਬੂਤ ਕਰਦਾ ਹੈ।

ਉਦਾਹਰਨ ਲਈ, ਇਹ ਸਮਝਣਾ ਕਿ ਧਾਤ ਦੀ ਸੰਚਾਲਕਤਾ ਦੇ ਕਾਰਨ ਪਲੇਨ ਚਿੱਟੇ ਕਿਉਂ ਹੁੰਦੇ ਹਨ ਜਾਂ ਪਹੀਏ ਤੋਂ ਬਿਨਾਂ ਚੱਲਣ ਵਾਲੀਆਂ ਬੁਲੇਟ ਟ੍ਰੇਨਾਂ ਦੇ ਪਿੱਛੇ ਇਲੈਕਟ੍ਰੋਮੈਗਨੈਟਿਜ਼ਮ ਨੂੰ ਸਮਝਣਾ ਮਹੱਤਵਪੂਰਨ ਤੌਰ 'ਤੇ ਧਾਰਨ ਵਿੱਚ ਸੁਧਾਰ ਕਰ ਸਕਦਾ ਹੈ।

ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀਜ਼ੇਸ਼ਨ ਟ੍ਰਿਕਸ, ਇਮਤਿਹਾਨ ਲਈ ਮੈਮੋਨਿਕਸ

**4. ਮਨ ਦੇ ਨਕਸ਼ੇ**

ਦਿਮਾਗ ਦੇ ਨਕਸ਼ੇ ਸੰਕਲਪਾਂ ਨੂੰ ਸਮਝਣ ਅਤੇ ਮੁੜ ਵਿਚਾਰ ਕਰਨ, ਵਿਆਪਕ ਜਾਣਕਾਰੀ ਨੂੰ ਫਲੋਚਾਰਟ ਵਿੱਚ ਬਦਲਣ ਲਈ ਕੀਮਤੀ ਸਾਧਨ ਹਨ।

ਉਪ-ਸਿਰਲੇਖਾਂ ਨੂੰ ਟਰੈਕ ਕਰਨਾ ਪੂਰੀ ਤਰ੍ਹਾਂ ਯਕੀਨੀ ਬਣਾਉਂਦਾ ਹੈ, ਜਦੋਂ ਕਿ ਅਧਿਆਵਾਂ ਵਿੱਚ ਉਪ-ਸਿਰਲੇਖਾਂ ਦੀ ਸੰਖਿਆ ਵਿੱਚ ਇਕਸਾਰਤਾ ਯਾਦ ਅਤੇ ਸਮਝ ਵਿੱਚ ਸਹਾਇਤਾ ਕਰਦੀ ਹੈ।

**5. ਸੰਗੀਤਕ ਮੈਮੋਰੀ**

ਵਧੇਰੇ ਰਚਨਾਤਮਕ ਪਹੁੰਚ ਦੀ ਮੰਗ ਕਰਨ ਵਾਲਿਆਂ ਲਈ, ਸੰਗੀਤਕ ਮੈਮੋਰੀ ਇੱਕ ਵਿਲੱਖਣ ਹੱਲ ਪੇਸ਼ ਕਰਦੀ ਹੈ। ਜਾਣਕਾਰੀ ਨੂੰ ਆਕਰਸ਼ਕ ਧੁਨਾਂ, ਗੀਤਾਂ, ਜਾਂ ਰੈਪਾਂ ਵਿੱਚ ਬਦਲਣ ਨਾਲ ਯਾਦ ਕਰਨ ਵਿੱਚ ਕਾਫ਼ੀ ਸੁਧਾਰ ਹੁੰਦਾ ਹੈ।

ਤਾਲ ਅਤੇ ਤੁਕਾਂਤ ਇਮਤਿਹਾਨਾਂ ਦੌਰਾਨ ਜਾਣਕਾਰੀ ਦੀ ਪਹੁੰਚ ਵਿੱਚ ਸਹਾਇਤਾ ਕਰਦੇ ਹੋਏ, ਸ਼ਕਤੀਸ਼ਾਲੀ ਪ੍ਰਾਪਤੀ ਸੰਕੇਤਾਂ ਵਜੋਂ ਕੰਮ ਕਰਦੇ ਹਨ।

**6. ਮੈਮੋਨਿਕ ਯੰਤਰ**

ਮੈਮੋਨਿਕਸ ਮੈਮੋਰੀ ਟੂਲ ਹਨ ਜੋ ਪ੍ਰੀਖਿਆ ਦੀ ਤਿਆਰੀ ਵਿੱਚ ਬਹੁਤ ਮਦਦ ਕਰਦੇ ਹਨ। ਲਫ਼ਜ਼ਾਂ ਦੇ ਕ੍ਰਮ ਦੇ ਸ਼ੁਰੂਆਤੀ ਅੱਖਰਾਂ ਤੋਂ ਬਣੀਆਂ ਐਕਰੋਨਿਮਸ ਵਰਗੀਆਂ ਤਕਨੀਕਾਂ, ਜਾਣਕਾਰੀ ਨੂੰ ਬਰਕਰਾਰ ਰੱਖਣ ਦਾ ਇੱਕ ਸੰਖੇਪ ਅਤੇ ਯਾਦਗਾਰ ਤਰੀਕਾ ਪ੍ਰਦਾਨ ਕਰਦੀਆਂ ਹਨ। ਉਦਾਹਰਨ ਲਈ, "ਮੇਰੀ ਬਹੁਤ ਹੀ ਸ਼ਾਨਦਾਰ ਮਾਂ ਜਸਟ ਸਰਵਡ ਅਸ ਨਾਚੋਸ" ਸੂਰਜੀ ਸਿਸਟਮ ਵਿੱਚ ਗ੍ਰਹਿਆਂ ਦੇ ਕ੍ਰਮ ਨੂੰ ਯਾਦ ਕਰਨ ਵਿੱਚ ਮਦਦ ਕਰਦੀ ਹੈ।

**7. ਕੁਸ਼ਲ ਸਿੱਖਣ ਲਈ ਚੰਕਿੰਗ**

ਪ੍ਰਬੰਧਨਯੋਗ ਸਮੂਹਾਂ ਵਿੱਚ ਜਾਣਕਾਰੀ ਨੂੰ ਵੰਡਣਾ ਯਾਦ ਅਤੇ ਪ੍ਰਾਪਤੀ ਨੂੰ ਵਧਾਉਂਦਾ ਹੈ।

ਇਹ ਵਿਧੀ, ਫ਼ੋਨ ਨੰਬਰਾਂ ਜਾਂ ਕ੍ਰੈਡਿਟ ਕਾਰਡ ਵੇਰਵਿਆਂ ਲਈ ਵਰਤੀ ਜਾਂਦੀ ਹੈ, ਇਮਤਿਹਾਨ ਦੀ ਤਿਆਰੀ ਵਿੱਚ ਪ੍ਰਭਾਵਸ਼ਾਲੀ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਆਸਾਨੀ ਨਾਲ ਯਾਦ ਕਰਨ ਲਈ ਸਮੱਗਰੀ ਨੂੰ ਵੱਖ-ਵੱਖ ਕਰਨ ਦੇ ਯੋਗ ਬਣਾਇਆ ਜਾਂਦਾ ਹੈ। ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀਜ਼ੇਸ਼ਨ ਟ੍ਰਿਕਸ, ਇਮਤਿਹਾਨ ਲਈ ਮੈਮੋਨਿਕਸ

**8. ਮੌਮੋਨਿਕ ਰਣਨੀਤੀਆਂ ਦੀ ਵਰਤੋਂ ਕਰੋ**

ਸੰਖੇਪ ਸ਼ਬਦਾਂ ਅਤੇ ਚੰਕਿੰਗ ਤੋਂ ਪਰੇ, "ਯਾਤਰਾ ਦੀ ਵਿਧੀ", ਜਿਸ ਨੂੰ "ਮੈਮੋਰੀ ਪੈਲੇਸ" ਵੀ ਕਿਹਾ ਜਾਂਦਾ ਹੈ, ਵਿੱਚ ਇੱਕ ਜਾਣੇ-ਪਛਾਣੇ ਸਥਾਨ ਦੀ ਕਲਪਨਾ ਕਰਨਾ ਸ਼ਾਮਲ ਹੈ, ਜਿਵੇਂ ਕਿ ਤੁਹਾਡੇ ਘਰ, ਅਤੇ ਮਾਨਸਿਕ ਤੌਰ 'ਤੇ ਉਸ ਸਥਾਨ ਦੇ ਅੰਦਰ ਖਾਸ ਸਥਾਨਾਂ 'ਤੇ ਜਾਣਕਾਰੀ ਰੱਖਣਾ।

ਜਦੋਂ ਤੁਹਾਨੂੰ ਇਸ ਨੂੰ ਯਾਦ ਕਰਨ ਦੀ ਜ਼ਰੂਰਤ ਹੁੰਦੀ ਹੈ, ਤਾਂ ਮਹਿਲ ਦੁਆਰਾ ਆਪਣੇ ਮਾਨਸਿਕ ਕਦਮਾਂ ਨੂੰ ਵਾਪਸ ਲਓ, ਹਰੇਕ ਮਨੋਨੀਤ ਸਥਾਨ ਤੋਂ ਜਾਣਕਾਰੀ ਪ੍ਰਾਪਤ ਕਰੋ।


**9. ਕ੍ਰਮਬੱਧ ਜਾਣਕਾਰੀ ਲਈ PEG ਵਿਧੀ**

ਖਾਸ ਤੌਰ 'ਤੇ ਕ੍ਰਮ ਨੂੰ ਯਾਦ ਰੱਖਣ ਲਈ, ਪੈਗ ਵਿਧੀ ਸਰਵਉੱਚ ਰਾਜ ਕਰਦੀ ਹੈ। ਇਹ ਯਾਦ-ਸ਼ਕਤੀ ਸੰਖਿਆਵਾਂ ਦੇ ਕ੍ਰਮ ਲਈ ਖਾਸ, ਆਸਾਨੀ ਨਾਲ ਵਿਜ਼ੁਅਲ ਚਿੱਤਰਾਂ ਜਾਂ ਸੰਕਲਪਾਂ ਨੂੰ ਨਿਰਧਾਰਤ ਕਰਦੀ ਹੈ।

# ਸਿਰਫ ਏਆਈ ਹੀ ਨਹੀਂ, ਏਆਈ ਦਾ ਹੁਨਰ ਵੀ ਮਹੱਤਵਪੂਰਨ ਹੈ

**ਵਿਜੈ ਗਰਗ**

ਇਹ ਸੱਚ ਹੈ ਕਿ ਤੁਹਾਡੀ ਪਹਿਲੀ ਤਰੱਕੀ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰਨ ਵਾਲੇ ਤਕਨੀਕੀ ਹੁਨਰ ਹੁਣ ਤੁਹਾਡੀਆਂ ਅਗਲੀਆਂ ਤਰੱਕੀਆਂ ਲਈ ਪ੍ਰਭਾਵੀ ਨਹੀਂ ਹੋ ਸਕਦੇ ਹਨ। ਜੇਕਰ ਤੁਸੀਂ ਲੀਡਰਸ਼ਿਪ ਚਾਹੁੰਦੇ ਹੋ, ਤਾਂ ਤੁਹਾਨੂੰ ਭਾਵਨਾਤਮਕ ਬੁੱਧੀ ਨੂੰ ਸਮਝਣਾ ਪਵੇਗਾ ਅਤੇ ਆਪਣੇ ਕੰਮ ਵਿੱਚ ਇਸਦੀ ਕੁਸ਼ਲਤਾ ਨਾਲ ਵਰਤੋਂ ਕਰਨੀ ਪਵੇਗੀ। ਭਾਵਨਾਤਮਕ ਖੁਫੀਆ ਕੰਮ ਦੀ ਦੁਨੀਆ ਵਿੱਚ ਇਸ ਸਾਲ ਦੇ ਸਭ ਤੋਂ ਮਹੱਤਵਪੂਰਨ ਨਰਮ ਹੁਨਰਾਂ ਵਿੱਚੋਂ ਇੱਕ ਹੈ। ਤੁਹਾਨੂੰ ਦੱਸ ਦੇਈਏ ਕਿ ਅਸਲ ਵਿੱਚ, 71 ਪ੍ਰਤੀਸ਼ਤ ਰੁਜ਼ਗਾਰਦਾਤਾ ਉਮੀਦਵਾਰਾਂ ਦਾ ਮੁਲਾਂਕਣ ਕਰਦੇ ਸਮੇਂ ਤਕਨੀਕੀ ਹੁਨਰ ਨੂੰ ਧਿਆਨ ਵਿੱਚ ਰੱਖਦੇ ਹਨ।ਭਾਵਨਾਤਮਕ ਬੁੱਧੀ ਨੂੰ ਵਧੇਰੇ ਮਹੱਤਵ ਦਿਓ। ਤੁਹਾਡੇ ਬੰਧਨ ਲਈ ਜ਼ਰੂਰੀ ਇਹ ਇੱਕ ਨਰਮ ਹੁਨਰ ਹੈ ਜੋ ਤੁਹਾਨੂੰ ਦਫ਼ਤਰ ਵਿੱਚ ਇੱਕ ਭਰੋਸੇਯੋਗ ਕਰਮਚਾਰੀ ਵਜੋਂ ਸਥਾਪਿਤ ਕਰਦਾ ਹੈ। ਇਸਦੇ ਕਾਰਨ, ਉਹ ਤਣਾਅ ਨੂੰ ਬਿਹਤਰ ਢੰਗ ਨਾਲ ਸੰਭਾਲ ਸਕਦੇ ਹਨ, ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰ ਸਕਦੇ ਹਨ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਦੂਜਿਆਂ ਤੋਂ ਕੁਦਰਤੀ ਸਹਾਇਤਾ ਲੈਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। ਇਤ ਕੀ ਹੈ ਆਓ ਕੁਝ ਉਦਾਹਰਣਾਂ ਦੇ ਨਾਲ ਭਾਵਨਾਤਮਕ ਭਾਗ ਜਾਂ ਭਾਵਨਾਤਮਕ ਬੁੱਧੀ ਦੀ ਮੌਜੂਦਗੀ ਨੂੰ ਸਮਝੀਏ: ਉਦਾਹਰਨ ਲਈ, ਇੱਕ ਛੋਟੇ ਜਿਹੇ ਸ਼ਹਿਰ ਨੂੰ ਛੱਡਣ ਤੋਂ ਬਾਅਦ, ਤੁਸੀਂ ਦਫਤਰ ਵਿੱਚ ਆਪਣੀ ਪਹਿਲੀ ਨੌਕਰੀ 'ਤੇ ਪਹੁੰਚਦੇ ਹੋ, ਉੱਥੇ ਹਰ ਕੋਈ ਚੰਗੀ ਅੰਗਰੇਜ਼ੀ ਬੋਲਦਾ ਹੈ।, ਉਥੇ ਕਾਫੀ ਕੰਮ ਚੱਲ ਰਿਹਾ ਹੈ। ਤੁਸੀਂ ਆਪਣੇ ਮਨ ਵਿਚ ਘਬਰਾ ਜਾਂਦੇ ਹੋ। ਪਰ ਪਹਿਲੇ ਦਿਨ ਹੀ ਭੱਜਣ ਦੀ ਬਜਾਏ, ਉਹ ਆਪਣੇ ਆਪ ਨੂੰ ਅਜ਼ਮਾਉਣ ਦਾ ਫੈਸਲਾ ਕਰਦੇ ਹਨ। ਆਓ, ਉਨ੍ਹਾਂ ਕਾਰਨਾਂ 'ਤੇ ਧਿਆਨ ਦੇਈਏ ਕਿ ਅਸੀਂ ਘਬਰਾਹਟ ਕਿਉਂ ਮਹਿਸੂਸ ਕਰ ਰਹੇ ਹਾਂ। ਲੋਕਾਂ ਨਾਲ ਗੱਲ ਕਰਕੇ ਜ਼ਰੂਰੀ ਹੁਨਰ ਸਿੱਖਣ ਦੀ ਯੋਜਨਾ ਬਣਾਓ। ਉਦਾਹਰਨ 2: ਤੁਹਾਡਾ ਗਾਹਕ ਫ਼ੋਨ ਕਾਲ 'ਤੇ ਤੁਹਾਡੇ ਨਾਲ ਗੁੱਸੇ ਹੋ ਰਿਹਾ ਹੈ। ਹਾਲਾਂਕਿ ਇਹ ਤੁਹਾਡੀ ਗਲਤੀ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਤੁਸੀਂ ਉਸਦਾ ਪੱਖ ਪੂਰੀ ਤਰ੍ਹਾਂ ਸੁਣਨ ਦਾ ਫੈਸਲਾ ਕਰੋਗੇ। ਤੋਂ ਮੁਆਫੀ ਮੰਗਣਗੇ ਅਤੇ ਤੱਥਾਂ ਦੀ ਜਾਂਚ ਤੋਂ ਬਾਅਦ ਉਸ ਨੂੰ ਦੁਬਾਰਾ ਫੋਨ ਕਰਨ ਦੀ ਇਜਾਜ਼ਤ ਮੰਗਣਗੇ। ਇਹ ਭਾਵਨਾਤਮਕ ਬੁੱਧੀ ਦਾ ਮਾਮਲਾ ਹੈ। ਪਹਿਲੀ ਉਦਾਹਰਣ ਵਿੱਚ, ਦਫਤਰ ਵਿੱਚ ਕਮੀਆਂ ਨੂੰ ਲੱਭਣ ਦੀ ਬਜਾਏ, ਕਰਮਚਾਰੀ ਨੇ ਸਵੈ-ਮੁਲਾਂਕਣ ਕਰਨ ਦਾ ਫੈਸਲਾ ਕੀਤਾ। ਦੂਜੀ ਉਦਾਹਰਨ ਵਿੱਚ, ਗਾਹਕ ਦੀ ਸਥਿਤੀ ਵਿੱਚ ਹੋਣ ਕਰਕੇ ਮਹਿਸੂਸ ਕੀਤੀ ਗਈ ਪਰੇਸ਼ਾਨੀ




ਦਾ ਅਨੁਮਾਨ ਲਗਾਇਆ ਗਿਆ ਸੀ ਅਤੇ ਉਚਿਤ ਢੰਗ ਨਾਲ ਇਲਾਜ ਕੀਤਾ ਗਿਆ ਸੀ। ਭਾਵ, ਭਾਵਨਾਤਮਕ ਬੁੱਧੀ ਇੱਕ ਨਰਮ ਹੁਨਰ ਹੈ ਜੋ ਕਿਸੇ ਦੀਆਂ ਆਪਣੀਆਂ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਪਛਾਣਨ, ਸਮਝਣ ਅਤੇ ਕੰਟਰੋਲ ਕਰਨ ਦੀ ਯੋਗਤਾ ਨਾਲ ਸਬੰਧਤ ਹੈ। ਸਪੱਸ਼ਟ ਤੌਰ 'ਤੇ ਤਿੰਨ ਤੱਤ ਸ਼ਾਮਲ ਹਨ। ਤਿੰਨ 'ਸ' ਨੂੰ ਸਮਝੋ ਮਨਮੋਹਕਤਾ - ਸਵੈ-ਜਾਗਰੂਕ ਹੋਣਾ, ਤਾਂ ਜੋ ਇਹ ਪਛਾਣਿਆ ਜਾ ਸਕੇ ਕਿ ਤੁਹਾਡੀਆਂ ਭਾਵਨਾਵਾਂ ਜਾਂ ਵਿਵਹਾਰ ਦੂਜਿਆਂ ਨੂੰ ਕਿਵੇਂ ਪ੍ਰਭਾਵਿਤ ਕਰ ਰਹੇ ਹਨ।, ਹਮਦਰਦੀ ਤੁਹਾਡੇ ਆਸ ਪਾਸ ਦੇ ਲੋਕਾਂ ਦੀਆਂ ਇੱਛਾਵਾਂ, ਲੋੜਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਪਛਾਣਨ ਅਤੇ ਸਮਝਣ ਦੀ ਯੋਗਤਾ ਹੈ। ਕੁਨੈਕਸ਼ਨ ਦੂਜਿਆਂ ਨਾਲ ਜੁੜਨ ਦੀ ਯੋਗਤਾ। ਕਿਉਂਕਿ ਲੋਕ ਉਨ੍ਹਾਂ ਲੋਕਾਂ ਦੇ ਸੰਪਰਕ ਵਿੱਚ ਰਹਿਣਾ ਪਸੰਦ ਕਰਦੇ ਹਨ ਜਿਨ੍ਹਾਂ ਕੋਲ ਚੰਗੇ ਸਮਾਜਿਕ ਹੁਨਰ ਹੁੰਦੇ ਹਨ ਅਤੇ ਇਸ ਤਰ੍ਹਾਂ ਬਿਹਤਰ ਨੈਟਵਰਕਿੰਗ ਹੁੰਦੀ ਹੈ। ਆਪਣੇ ਆਪ ਨੂੰ ਇਸ ਤਰ੍ਹਾਂ ਪਰਖੋ ਇਸ ਹੁਨਰ ਨੂੰ ਆਸਾਨੀ ਨਾਲ ਵਿਕਸਿਤ ਕੀਤਾ ਜਾ ਸਕਦਾ ਹੈ। ਕੁਝ ਇਸ ਤਰ੍ਹਾਂ ਸੋਚਣਾ ਸ਼ੁਰੂ ਕਰੋ। ਦਫਤਰ ਵਿੱਚ ਆਪਣੇ ਪ੍ਰਤੀਕਰਮਾਂ ਨੂੰ ਸਹੀ ਦ੍ਰਿਸ਼ਟੀਕੋਣ ਦਿਓ: ਆਪਣੇ ਆਪ ਨੂੰ ਦੂਜਿਆਂ ਦੀ ਜੁੱਤੀ ਵਿੱਚ ਰੱਖੋ ਅਤੇ ਕਿਸੇ ਵੀ ਨਵੇਂ ਦ੍ਰਿਸ਼ਟੀਕੋਣ ਨੂੰ ਸਵੀਕਾਰ ਕਰੋ। ਜੇਕਰ ਤੁਹਾਨੂੰਕੀ ਤੁਸੀਂ ਦਫਤਰ ਵਿਚ ਆਪਣੀਆਂ ਪ੍ਰਾਪਤੀਆਂ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰਦੇ ਹੋ? ਸਹੀ ਰਵੱਈਆ ਨਿਮਰਤਾ ਇੱਕ ਚੰਗਾ ਹੁਨਰ ਹੈ। ਇਸ ਦਾ ਮਤਲਬ ਸ਼ਰਮੀਲੇ ਹੋਣਾ ਨਹੀਂ ਹੈ, ਪਰ ਇਸਦਾ ਮਤਲਬ ਇਹ ਹੈ ਕਿ ਤੁਸੀਂ ਜੋ ਕੰਮ ਕੀਤਾ ਹੈ ਉਸ ਨੂੰ ਤੁਸੀਂ ਚੰਗੀ ਤਰ੍ਹਾਂ ਸਮਝਦੇ ਹੋ ਅਤੇ ਇਸਦੇ ਨਤੀਜਿਆਂ ਬਾਰੇ ਪੂਰੀ ਤਰ੍ਹਾਂ ਭਰੋਸਾ ਰੱਖਦੇ ਹੋ। ਇਸ ਲਈ ਤੁਹਾਨੂੰ ਆਪਣੀਆਂ ਪ੍ਰਾ-ਪਤੀਆਂ ਲਈ ਸੁਰੱਖਿਆ ਢਾਲ ਦੀ ਲੋੜ ਨਹੀਂ ਹੈ। ਕੀ ਤੁਹਾਡੇ ਕੋਲ ਆਪਣੀਆਂ ਕਮੀਆਂ ਨੂੰ ਦੇਖਣ ਦਾ ਦ੍ਰਿਸ਼ਟੀਕੋਣ ਹੈ? ਸਹੀ ਰਵੱਈਆ: ਆਪਣੇ ਵੱਲ ਉਂਗਲ ਉਠਾਉਣਾ ਸਵੈ-ਸੁਧਾਰ ਦੀ ਸ਼ੁਰੂਆਤ ਹੈ। ਆਪਣੇ ਅੰਦਰਲੀਆਂ ਕਮੀਆਂ ਨੂੰ ਹਿੰਮਤ ਨਾਲ ਦੇਖਣ ਦੀ ਕੋਸ਼ਿਸ਼ ਕਰੋ। ਤੁਸੀਂ ਤਣਾਅ ਦੇ ਅਧੀਨ ਕਿਵੇਂ ਪ੍ਰਤੀਕਿਰਿਆ ਕਰਦੇ ਹੋ?

**ਸਹਿਯੋਗੀ ਰਵੱਈਆ:** ਨਿਯੰਤਰਣ ਵਿਚ ਰਹਿਣਾ ਅਤੇ ਸ਼ਾਂਤ ਰਹਿਣਾ ਖਾਸ ਤੌਰ 'ਤੇ ਕੰਮ ਕਰਨ ਵਾਲੀ ਦੁਨੀਆ ਵਿਚ ਮਹੱਤਵਪੂਰਣ ਹੈ। ਇਸ ਤਰ੍ਹਾਂ ਵਿਕਾਸ ਕਰੋ। ਆਪਣੀ ਆਵਾਜ਼ ਨੂੰ ਰਿਕਾਰਡ ਕਰੋ ਅਤੇ ਸੁਣੋ ਕਿ ਇਹ ਕੀ ਪ੍ਰਭਾਵ ਪੈਦਾ ਕਰਦਾ ਹੈ। ਕਿਸੇ ਦਫ਼ਤਰੀ ਮੀਟਿੰਗ ਵਿੱਚ ਜਾਂ ਕਿਸੇ ਸਹਿਕਰਮੀ ਨਾਲ ਤੁਹਾਡੀ ਗੱਲਬਾਤ ਦਾ ਵੀਡੀਓ ਰਿਕਾਰਡ ਕਰਕੇ ਆਪਣੀ ਸਰੀਰਕ ਭਾਸ਼ਾ ਦੇਖੋ। ਦੂਜਿਆਂ ਦੀ ਸਰੀਰਕ ਭਾਸ਼ਾ ਨੂੰ ਸਮਝਣ ਦਾ ਅਭਿਆਸ ਕਰੋ। ਉਹਨਾਂ ਬਿੰਦੂਆਂ ਵੱਲ ਧਿਆਨ ਦੇਣਾ ਸ਼ੁਰੂ ਕਰੋ ਜੋ ਤੁਹਾਨੂੰ ਟਰਿੱਗਰ ਕਰਦੇ ਹਨ ਅਤੇ ਉਹਨਾਂ ਦੁਆਰਾ ਪ੍ਰਭਾਵਿਤ ਨਾ ਹੋਣ ਦਾ ਅਭਿਆਸ ਕਰੋ। ਕਿਸੇ ਵੀ ਮੀਟਿੰਗ ਵਿੱਚ ਬੋਲਣ ਤੋਂ ਪਹਿਲਾਂ ਉੱਥੇ ਮੌਜੂਦ ਲੋਕਾਂ ਦੇ ਮਾਹੌਲ ਅਤੇ ਮੂਡ ਦਾ ਮੁਲਾਂਕਣ ਕਰੋ। ਸਮਝਣ ਦੀ ਕੋਸ਼ਿਸ਼ ਕਰੋ। ਸਰਗਰਮ ਸੁਣਨ ਦਾ ਅਭਿਆਸ ਕਰੋ, ਯਾਨੀ ਗੱਲਬਾਤ ਵਿੱਚ ਵਿਘਨ ਨਾ ਪਾਓ। ਆਪਣੇ ਕਰੀਅਰ ਵਿੱਚ, ਤੁਹਾਨੂੰ ਵੱਖ-ਵੱਖ ਸਭਿਆਚਾਰਾਂ ਦੇ ਲੋਕਾਂ ਵਿੱਚ ਕੰਮ ਕਰਨਾ ਪੈ ਸਕਦਾ ਹੈ। ਇਸ ਲਈ, ਸੋਸ਼ਲ ਮੀਡੀਆ 'ਤੇ ਟ੍ਰੋਲਿੰਗ, ਭੁੰਨਣ ਵਰਗੀਆਂ ਚੀਜ਼ਾਂ ਤੋਂ ਬਚੋ ਅਤੇ ਪੇਸ਼ੇਵਰ ਮਦਦ ਲਓ।

## ਬਾਬਾ ਤੁਹਾਡਾ ਕਾਬਲਾ ਅੱਗੇ ਹੀ ਜਾਏਗਾ, ਜਿੱਥੇ ਤੁਹਾਡੀ ਮੰਜ਼ਿਲ ਸੀ

# ਸਾਹਿਬ ਕਾਂਸ਼ੀ ਰਾਮ ਜੀ ਨਾਲ 1995 ਦੀ ਇੱਕ ਮੁਲਾਕਾਤ

## ਪਰਿਵਾਰ ਦਾ ਕਾਂਸ਼ੀ ਰਾਮ, ਬਹੁਜਨਾਂ ਦਾ 'ਸਾਹਿਬ'

20ਵੀਂ 21 ਵੀਂ ਸਦੀ ਦਾ ਦਲਿਤ, ਬਹੁਜਨਾਂ ਦਾ ਜਨਰੈਲ ਸਾਹਿਬ ਕਾਂਸ਼ੀ ਰਾਮ ਭਾਰਤ ਦੀ ਰਾਜਨੀਤੀ 'ਚ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਰਹੇ। ਉਹ ਹਜ਼ਾਰਾ ਸਾਲਾਂ ਤੋਂ ਭਾਰਤੀ ਸਮਾਜ ਵਿੱਚ ਹਾਸ਼ੀਏ ਤੇ ਕੀਤੇ ਸਮਾਜ ਨੂੰ ਮੁੜ ਦੇਸ਼ ਦਾ ਸ਼ਾਸ਼ਿਕ ਵਰਗ ਬਣਉਣਾ ਚਾਹੁੰਦੇ ਸਨ। ਅੱਜ ਭਾਰਤੀ, ਸਗੋਂ ਦੁਨੀਆਂ ਭਰ 'ਚ ਮਨੁੱਖੀ ਹੱਕਾਂ ਲਈ ਸੰਘਰਸ਼ਾਂ ਦਾ ਮਾਰਗਦਾਤਾ, ਰਣਨੀਤੀਕਾਰ, ਰਾਜਨੀਤਿਕ ਵਿਗਿਆਨਿਕ ਸਿਧਾਂਤਾ ਦਖ ਖੋਜੀ, ਕਰੋੜਾਂ ਬਹੁਜਨਾਂ ਅੰਦਰ ਆਤਮ-ਸਨਮਾਨ ਦਾ ਜਜ਼ਬਾ ਪੈਦਾ ਕਰਨ ਵਾਲੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਖੁਦ ਦੀ ਮੁਲਾਕਾਤ ਦੇ ਅੰਸ਼ ਪੇਸ਼ ਕਰਦੇ ਹਨ। ਇਕ ਵਿਸ਼ੇਸ਼ ਅੰਕ ਸਾਹਿਬ ਦੇ ਜਨਮ ਦਿਨ 15 ਮਾਰਚ 1995 'ਬਹੁਜਨ ਸਮਾਜ ਦਿਵਸ' ਨੂੰ ਸਮਰਪਿਤ ਕੀਤਾ ਗਿਆ ਸੀ। 'ਬਹੁਜਨ ਨਾਇਕ' ਨਾਂ ਦੇ ਇੱਕ ਮਰਾਠੀ ਸਪਤਾਹਿਕ ਮੈਗਜ਼ੀਨ (ਮਹਾਂਰਾਸ਼ਟਰ) ਤੋਂ ਪੰਜਾਬੀ ਅਨੁਵਾਦ ਸਾਡੇ ਪੱਤਰਕਾਰ ਕਾਲਮ ਨਵੀਸ ਅਜਿਹੇ ਅਨੇਕਾਂ ਤੱਥਾਂ ਭਰਪੂਰ ਲੇਖ, ਖੁਦ ਸਾਹਿਬ ਦੀਆਂ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਕੀਤੀਆਂ ਮੁਲਕਾਤਾਂ, ਸਾਹਿਬ ਦੁਆਰਾ ਲਿਖੇ ਗਏ ਅਨੇਕਾਂ ਲੇਖ ਅਤੇ ਕਾਨਫਰੰਸਾਂ ਦੇ ਭਾਸ਼ਣਾਂ ਦਾ ਨਿਚੋੜ, ਟੀ.ਵੀ ਚੈਨਲਾਂ, ਪਾਰਲੀਮੈਂਟ ਵਿੱਚ ਦਿੱਤੇ ਗਏ ਭਾਸ਼ਣ ਅਤੇ ਵਿਦੇਸ਼ਾਂ ਵਿੱਚ ਕੀਤੇ ਸਮਾਗਮਾਂ ਦੀਆਂ ਰਿਪੋਰਟਾਂ ਨੂੰ ਪੇਸ਼ ਕਰਦੀ ਹੋਈ ਆ ਰਹੀ ਪੁਸਤਕ "ਇਕ ਸਨ ਸਾਹਿਬ ਕਾਂਸ਼ੀ ਰਾਮ" ਵਿਚੋਂ।)

ਸਾਹਿਬ ਕਾਂਸ਼ੀ ਰਾਮ ਤੋਂ ਬਿਨ੍ਹਾਂ ਕੋਈ ਵੀ ਰਾਜਨੀਤਿਕ ਗਿਣਤੀ ਪੂਰੀ ਨਹੀਂ ਹੋ ਸਕਦੀ ਅਤੇ ਸੱਤਾ ਦੇ ਨਿਰੰਤਰ ਦੇ ਤੌਰ ਤੇ ਉਨ੍ਹਾਂ ਦੀ ਤਾਕਤ ਨੂੰ ਹੁਣ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਲੋਕ ਉਹਨਾਂ ਨੂੰ ਜੱਦੀ ਮੂੰਹ ਫੱਟ ਅਤੇ ਹਮਲਾਵਾਰ ਹੋਣ ਦੇ ਕਾਰਣ ਇੱਕ ਸੀਮਾ ਤੱਕ ਬਦਤਮੀਜ ਵੀ ਮੰਨਦੇ ਸਨ, ਲੇਕਿਨ ਉਹਨਾਂ ਦੀ ਪ੍ਰਤੀਬੱਧਤਾ ਬਾਰੇ ਕੋਈ ਵੀ ਸਵਾਲ ਆਮ ਤੌਰ ਤੇ ਨਹੀਂ ਕੀਤਾ ਜਾ ਸਕਦਾ। ਬਾਰਬਾਰ ਰਾਜਨੀਤਿਕ ਤਾਲਮੇਲ ਬਦਲਣ ਦੇ ਲਈ ਉਹਨਾਂ ਦੀ ਅਲੋਚਨਾ ਹੁੰਦੀ ਰਹੀ, ਪਰ ਹਰ ਤਾਲਮੇਲ ਬਦਲਣ ਨੂੰ ਦਲਿਤਾਂ ਦੇ ਹਿੱਤ ਵਿੱਚ ਸਮਝਦੇ ਸਨ। ਇੱਕ ਸਿਫਰ ਤੋਂ ਵੀ ਇੱਕ ਫੈਸਲਾਕੁੰਨ ਤਾਕਤ ਦੇ ਤੌਰ 'ਤੇ ਨਜ਼ਰ ਆਉਣ ਵਾਲੇ ਕਾਂਸ਼ੀ ਰਾਮ ਨਾਲ ਮੁਲਾਕਾਂਤ:-

**ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਦੇ ਜੀਵਨ ਬਾਰੇ ਦੱਸੋ?**

- ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਸਮਾਜਿਕ ਸੰਸਥਾਵਾਂ ਨੂੰ ਚਲਾਉਦਾ ਸੀ ਅਤੇ ਸਮਾਜਿਕ ਸੰਸਥਾਵਾਂ ਨੂੰ ਪਰਿਵਰਤਨ ਦੇ ਲਈ ਲੋਕਾਂ ਨੂੰ ਸਗੰਠਿਤ ਕਰਕੇ ਸਮਾਜਿਕ ਬਦਲਾਅ ਦੀ ਗਰਾਊਡ ਬਣਾਉਣ ਲਈ ਲੱਗਾ ਰਹਿੰਦਾ ਸੀ।

**ਰਾਜਨੀਤੀ ਵਿੱਚ ਤੁਸੀਂ ਕਿਉਂ, ਕਿਸ ਤਰ੍ਹਾਂ ਕਿਸ ਦੀ ਪ੍ਰੇਰਣਾ ਨਾਲ ਆਏ?**

- ਸਮਾਜਿਕ ਬਦਲਾਅ ਲਈ ਜਦੋਂ ਮੈਂ ਕੰਮ ਕਰ ਰਿਹਾ ਸੀ ਤਾਂ ਮੈਂ ਮਹਿਸੂਸ ਕੀਤਾ ਕਿ ਸਮਾਜ ਵਿੱਚ ਰਾਜਨੀਤੀ ਦਾ ਬਹੁਤ ਪ੍ਰਭਾਵ ਹੈ ਅਤੇ ਰਾਜਨੀਤੀ ਤੋਂ ਬਗੈਰ ਮੈਂ ਆਪਣੇ ਕੰਮ ਵਿੱਚ ਸਫਲ ਨਹੀਂ ਹੋ ਸਕਾਂਗਾ। ਮੈਂ ਸਮਾਜਿਕ ਪਰਿਵਰਤਨ ਦੇ ਪ੍ਰਤੀ ਆਪਣੀ ਪ੍ਰਤੀਬਧਤਾ ਨੂੰ ਪ੍ਰੇਰਣਾ ਮੰਨ ਕੇ ਰਾਜਨੀਤੀ ਵਿੱਚ ਸਰਗਰਮ ਹੋ ਗਿਆ।

**ਤੁਸੀਂ ਆਪਣੇ ਜੀਵਨ ਵਿੱਚ ਕਿਸ ਕਿਸ ਤੋਂ ਪ੍ਰਭਾਵਿਤ ਹੋ ਅਤੇ ਤੁਹਾਡੇ ਪ੍ਰਰੇਣਾ ਸ੍ਰੋਤ ਕੌਣ ਹਨ?**

- ਜ਼ਿੰਦਗੀ ਵਿੱਚ ਬਹੁਤਿਆਂ ਤੋਂ ਪ੍ਰਭਾਵਿਤ ਹਾਂ ਪਰ ਮੈਂ ਪ੍ਰੇਰਣਾ ਸ੍ਰੋਤ ਦੇ ਤੌਰ ਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਅਤੇ ਰਾਸ਼ਟਰਪਿਤਾ ਜੋਤੀਬਾ ਫੂਲੇ ਨੂੰ ਮੰਨਦਾ ਹਾਂ। ਉਹਨਾਂ ਦੀਆਂ ਨੀਤੀਆਂ ਆਦਰਸ਼ ਅਤੇ ਬਿਆਨਾ ਤੋਂ ਮੈਂ ਬਹੁਤ ਹੀ ਪ੍ਰਭਾਵਿਤ ਹਾਂ ਇਹਨਾਂ ਲੋਕਾਂ ਨੇ ਸਮਾਜਿਕ ਪਰਿਵਰਤਨ ਲਈ ਬਹੁਤ ਕੰਮ ਕੀਤਾ ਜਿਸਨੂੰ ਪ੍ਰੇਰਣਾ ਸ੍ਰੋਤ ਮੰਨਦਾ ਹਾਂ।

**ਬਹੁਜਨ ਸਮਾਜ ਪਾਰਟੀ ਦਾ ਪ੍ਰਭਾਵ ਤੁਸੀਂ ਕਿਸ ਕਿਸ ਪ੍ਰਦੇਸ਼ ਵਿੱਚ ਮੰਨਦੇ ਹੋ?**

- ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼, ਦੂਸਰੇ ਤੇ ਮੱਧ ਪ੍ਰਦੇਸ਼ ਤੇ ਤੀਸਰੇ ਨੰਬਰ ਤੇ ਮੈਂ ਪੰਜਾਬ ਨੂੰ ਰੱਖਣਾ ਚਾਹਾਂਗਾ। ਉਸ ਤੋਂ ਬਾਅਦ ਜੰਮੂ, ਹਿਮਾਚਲ ਤੇ ਬਾਕੀ ਪ੍ਰਦੇਸ਼ ਹੋਣਗੇ।

**ਮਤਲਬ ਤੁਸੀਂ ਬਸਪਾ ਨੂੰ ਹੌਲੀ-ਹੌਲੀ ਨੈਸ਼ਨਲ ਪਾਰਟੀ ਬਣਾਉਗੇ?**

- ਰਾਸ਼ਟਰੀ ਪਾਰਟੀ ਤਾਂ ਇਹਨਾਂ ਚੋਣਾਂ ਵਿੱਚ ਹੀ ਬਣ ਜਾਵੇਗੀ।

**ਤੁਸੀਂ ਦੇਸ਼ ਵਿੱਚ ਕੋਨਾ ਕੋਨਾ ਘੁੰਮ ਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਲੋਕਾਂ ਦੇ ਹਲਾਤਾਂ ਨੂੰ ਨੇੜੇ ਤੋਂ ਤੱਕਿਆ ਹੈ, ਅੱਜ ਉਹਨਾਂ ਦੀ ਕੀ ਸਥਿਤੀ ਹੈ ਅਤੇ ਤਹਾਡੇ ਕੋਲ ਤਰੱਕੀ ਲਈ ਕੀ ਕੀ ਯੋਜਨਾਵਾਂ ਹਨ?**

- ਇਨ੍ਹਾਂ ਜਾਤੀਆਂ ਬਾਰੇ ਸਾਰੀਆ ਪਾਰਟੀਆਂ ਬੋਲਦੀਆ ਹਨ, ਪਰ ਕਰਦੀਆ ਕੁੱਝ ਨਹੀਂ। ਇਸ ਲਈ ਇਨ੍ਹਾਂ ਲਈ ਕੁਝ ਕਰਨ ਦਾ ਕੰਮ ਬਹੁਜਨ ਸਮਾਜ ਪਾਰਟੀ ਕਰੇਗੀ।ਸਾਨੂੰ ਲੋਕ ਬੋਲਦੇ ਹਨ, ਕਰਦੇ ਕੁਝ ਨਹੀਂ, ਪਰ ਅਸੀਂ ਬੋਲਾਂਗੇ ਨਹੀਂ ਬਲਿਕ ਦਿ-ਖਾਂਵਾਗੇ ਉਨ੍ਹਾਂ ਦੀ ਤਰੱਕੀ ਲਈ ਸਾਨੂੰ ਵੀ ਲੱਗਣਾ ਪਵੇਗਾ, ਕਿਉਂਕਿ ਉਹ ਸਾਡੀ ਜਰੂਰਤ ਹੈ। ਸਾਡਾ ਮੁੱਖ ਉਦੇਸ਼ ਇਨ੍ਹਾਂ ਜਾਤੀਆਂ ਵਿੱਚ ਲੀਡਰਸ਼ਿਪ ਪੈਦਾ ਕਰਨਾ ਹੈ, ਦੂਸਰੀਆਂ ਪਾਰਟੀਆਂ ਸਿਰਫ ਚਮਚੇ ਪੈਦਾ ਕਰਦੀਆਂ ਹਨ ਪਰ ਅਸੀਂ ਲੀਡਰ ਪੈਦਾ ਕਰਾਂਗੇ।



ਸੰਤੋਖ ਸਿੰਘ ਜੱਸੀ
91-70876-19800

**ਅਨੁਸੂਚਿਤ ਜਾਤੀ ਅਨੁਸੂਚਿਤ ਜਨ ਜਾਤੀ ਤੋਂ ਬਾਅਦ ਪੱਛੜੇ ਵਰਗ ਮੰਡਲ ਕਮਿਸ਼ਨ ਵਰਗ ਬਾਰੇ ਤੁਹਾਡੀ ਕੀ ਰਾਏ ਹੈ?**

- ਮੰਡਲ ਕਮਿਸ਼ਨ ਦਾ ਲਾਗੂ ਹੋਣਾ ਜਰੂਰੀ ਹੈ, ਮੰਡਲ ਕਮਿਸ਼ਨ ਸਾਡੀ ਸੰਸਥਾ ਦਾ ਇੱਕ ਅੰਸ਼ ਹੈ ਭਾਰਤੀਆ ਬਾਗੀਦਾਰ ਅੰਦੋਲਨ ਭਾਰਤ ਦੇ ਸ਼ਾਸਨ ਅਤੇ ਪ੍ਰਸ਼ਾਸਨ ਵਿੱਚ ਬਹੁਜਨ ਸਮਾਜ ਦੀ ਹਿੱਸੇਦਾਰੀ ਹੈ। ਮੰਡਲ ਕਮਿਸ਼ਨ ਇੱਕ ਸੀਮਤ ਯਤਨ ਹੈ ਅਤੇ ਇਸਦੇ ਲਾਗੂ ਹੋਣ ਨਾਲ ਕੋਈ ਤਾਂ ਫਾਇਦਾ ਹੋਵੇਗਾ।

**ਜਿਸ ਤਰ੍ਹਾਂ ਮੰਡਲ ਦਾ ਰੌਲਾ ਪਾਇਆ ਜਾ ਰਿਹਾ ਹੈ ਅਤੇ ਜਦ ਸਮਾਜਿਕ ਨਿਆਂ ਲਈ ਰੌਲਾ ਪਾ ਰਹੀਆਂ ਰਾਜਨੀਤਿਕ ਪਾਰਟੀਆਂ, ਲੋਕ ਕੀ ਸੱਚਮੁੱਚ ਚਿੰਤਤ ਹਨ, ਜਾਂ ਕੇਵਲ ਉਹਨਾਂ ਦੇ ਨਾਮ ਤੇ ਰਾਜਨੀਤੀ ਹੀ ਕਰ ਰਹੀਆ ਹਨ?**

- ਰਾਜਨੀਤਿਕ ਇੱਛਾ ਦੀ ਕਮੀ ਹੈ, ਲੋਕਾਂ ਨੂੰ ਵੀ ਸੱਤਾ ਵਿੱਚ ਆਉਣ ਦਾ ਮੌਕਾ ਦਿੱਤਾ ਉਹ ਚੋਣਾ ਤੋਂ ਪਹਿਲਾ ਹੀ ਚੀਕਦੇ ਹਨ, ਪਰ ਬਾਅਦ ਵਿੱਚ ਖੁਦ ਹੀ ਅਨਿਆ ਕਰਦੇ ਹਨ।

**ਜਿਸ ਤਰ੍ਹਾਂ ਦਿਨ-ਬ-ਦਿਨ ਬਸਪਾ ਦੀ ਤਾਕਤ ਵੱਧ ਰਹੀ ਹੈ ਉਸ ਤੋ ਤੁਹਾਨੂੰ ਬਸਪਾ ਦਾ ਭਵਿੱਖ ਕਿਸ ਤਰ੍ਹਾਂ ਦਾ ਲੱਗ ਰਿਹਾ ਹੈ?**

- ਜਿਸ ਤਰ੍ਹਾਂ ਬਸਪਾ ਦੀ ਤਾਕਤ ਵਧ ਰਹੀ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਜਲਦੀ ਹੀ ਦੇਸ਼ ਦੀ ਸੱਤਾ ਬਹੁਜਨ ਸਮਾਜ ਦੇ ਹੱਥਾਂ ਵਿੱਚ ਹੋਵੇਗੀ। ਪਰ ਸੱਤਾ ਪ੍ਰਾਪਤ ਕਰਨਾ ਸਾਡਾ ਦਾ ਉਦੇਸ਼ ਨਹੀਂ, ਬਸਪਾ ਤਾਂ ਰਾਜਨੀਤਿਕ ਤਾਕਤ ਦਾ ਸਹਾਰਾ ਲੈ ਕੇ ਸਮ-ਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਚਾਹੁੰਦੀ ਹੈ।

**ਇਹ ਸਾਰੇ ਨੇਤਾ ਕਦੇ ਕੀ ਤੁਹਾਨੂੰ ਵੀ ਆਪਣੀਆਂ ਚਾਲਬਾਜੀਆਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦੇ ਹਨ?**

- ਕਈ ਵਾਰ, ਇਸ ਤਰ੍ਹਾਂ ਦੀ ਕੋਸ਼ਿਸ਼ ਤਾਂ ਇੰਨੀ ਹੀ ਲਗਾਤਾਰ ਚੱਲਦੀ ਰਹਿੰਦੀ ਹੈ।

**ਬਚਪਨ ਵਿੱਚ ਕੋਈ ਅਜਿਹੀ ਇੱਛਾ ਅਧੂਰੀ ਰਹਿ ਗਈ ਹੋਵੇ ਕਿ ਬਚਪਨ ਵਿੱਚ ਹੀ ਰਾਜਨੀਤੀ ਵਿੱਚ ਆਉਣ ਦਾ ਫੈਸਲਾ ਲੈ ਲਿਆ ਹੋਵੇ?**

- ਇਸ ਤਰ੍ਹਾਂ ਦੀ ਕੋਈ ਇੱਛਾ ਨਹੀਂ ਸੀ, ਪਰ ਮੈਂ ਜਦ ਥੋੜਾ ਵੱਡਾ ਹੋਇਆਂ ਤਾਂ ਸਮਾਜਿਕ ਪਰਿਵਰਤਨ ਦੀ ਚਾਹਤ ਮਨ ਵਿੱਚ ਸੀ, ਜਿਸ ਕਾਰਣ ਮੈਂ ਰਾਜੀਨੀਤੀ ਵਿੱਚ ਆਉਣ ਦਾ ਫੈਸਲਾ ਲਿਆ।

**ਤੁਹਾਡੀ ਸ਼ਾਦੀ ਕਦੋਂ ਹੋਈ?**

- ਮੈਂ ਸ਼ਾਦੀ ਨਹੀਂ ਕੀਤੀ ਜਦੋਂ ਮੇਰੀ ਸ਼ਾਦੀ ਦੀ ਗੱਲ ਚੱਲ ਰਹੀ ਸੀ ਤਾਂ ਮੈਂ ਫੈਸਲਾ ਕੀਤਾ ਕਿ ਮੈਂ ਸਮਾਜਿਕ ਤੇ ਰਾਜਨੀਤਿਕ ਜੀਵਨ ਵਿੱਚ ਰਹਿਣਾ ਹੈ ਇਸ ਲਈ ਮੈਨੂੰ ਸ਼ਾਦੀ ਨਹੀਂ ਕਰਨੀ ਚਾਹੀਦੀ, ਮੇਰਾ ਕੋਈ ਆਪਣਾ ਪਰਿਵਾਰ, ਮੋਹ ਮਾਇਆ ਦਾ ਜੰਜਾਲ ਨਹੀਂ ਹੈ।

**ਤੁਹਾਡੇ ਪ੍ਰਤੀ ਤੁਹਾਡੇ ਪਰਿਵਾਰ ਦੀ ਕੀ-ਕੀ ਸ਼ਿਕਾਇਤ ਰਹੀ ਹੈ?**

- ਮੇਰੇ ਪਰਿਵਾਰ ਦੀ ਮੇਰੇ ਪ੍ਰਤੀ ਹਮੇਸ਼ਾ ਸ਼ਿਕਾਇਤ ਰਹੀ ਹੈ। ਮੈਂ ਫੈਸਲਾ ਕੀਤਾ ਕਿ ਮੈਂ ਪੂਰੀ ਤਰ੍ਹਾਂ ਪਰਿਵਾਰ ਤੋਂ ਅਲੱਗ ਰਹਾਂਗਾ, ਚਾਹੇ ਘਰ ਵਿੱਚ ਕਿਸੇ ਦੀ ਵੀ ਸ਼ਾਦੀ ਹੋਵੇ, ਕਿਸੇ ਦੇ ਵੀ ਬੱਚਾ ਹੋਵੇ ਜਾਂ ਕਿਸੇ ਦੀ ਵੀ ਮੌਤ ਹੋਵੇ, ਮੈਂ ਘਰ ਨਹੀਂ ਜਾਵਾਂਗਾ, ਸ਼ਾਇਦ ਭਾਰਤ ਵਿੱਚ ਮੈਂ ਇੱਕ ਅਜਿਹਾ ਆਦਮੀ ਹਾਂ ਜੋ ਭਾਰਤ ਦੇ ਹਰ ਜ਼ਿਲ੍ਹੇ ਵਿੱਚ ਕਿਤੇ ਪੈਦਲ, ਕਿਤੇ ਬੱਸ ਤੇ ਕਿਤੇ ਗੱਡੀ 'ਚ, ਕਿਤੇ ਹਵਾਈ ਜ਼ਹਾਜ 'ਚ ਘੁੰਮਿਆ ਹਾਂ।



ਸਾਹਿਬ ਕਾਂਸ਼ੀ ਰਾਮ ਇੱਕ ਮੁਲਾਕਾਤ ਦੌਰਾਨ

**ਤੁਹਾਡੀ ਕੋਈ ਇੱਛਾ ਜੋ ਹੁਣ ਤੱਕ ਪੂਰੀ ਨਾ ਹੋਈ ਹੋਵੇ?**

- ਬਹੁਜਨ ਸਮਾਜ ਹੀ ਮੇਰਾ ਇੱਕ ਮਾਤਰ ਸੁਪਨਾ ਹੈ ਜਾਂ ਇੱਛਾ ਹੈ, ਜਿਸ ਲਈ ਮੈਂ ਸੰਘਰਸ਼ ਕਰ ਰਿਹਾ ਹਾਂ। ਮੈਨੂੰ ਲੱਗਦਾ ਹੈ ਕਿ ਮੇਰਾ ਸਾਰਾ ਜੀਵਨ ਸੰਘਰਸ਼ ਵਿੱਚ ਹੀ ਗੁਜ਼ਰ ਜਾਵੇਗਾ। ਇੱਕ ਗੱਲ ਪੱਕੀ ਹੈ ਕਿ ਬਾਬਾ ਸਾਹਿਬ ਬਾਬਾ ਤੁਹਾਡਾ ਕਾਬਲਾ ਅੱਗੇ ਹੀ ਜਾਏਗਾ, ਜਿੱਥੇ ਤੁਹਾਡੀ ਮੰਜ਼ਿਲ ਸੀ।

**ਕੋਈ ਐੈਸੀ ਰਾਜਨੀਤਿਕ ਭੁੱਲ ਜਿਸ ਤੇ ਤੁਹਾਨੂੰ ਪਛਤਾਵਾ ਹੋਵੇ?**

- ਅਜੇ ਤਾਂ ਮੈਂ ਕੋਈ ਵੱਡਾ ਕੰਮ ਨਹੀਂ ਕੀਤਾ।

**ਕੀ ਤੁਸੀਂ ਪੂਜਾ ਕਰਦੇ ਹੋ?**


- ਨਾ ਮੈਂ ਪੂਜਾ ਕਰਦਾ ਹਾਂ ਨਾ ਹੀ ਪਾਠ ਤੇ ਭਗਵਾਨ ਦੇ ਬਾਰੇ ਜਾਣਦਾਂ ਹਾਂ।

**ਤੁਹਾਨੂੰ ਪੜ੍ਹਨ ਦਾ ਸ਼ੌਕ ਹੈ?**

- ਹਾਂ ਮੈਨੂੰ ਪੜ੍ਹਨ ਦਾ ਸ਼ੌਕ ਹੈ, ਪਰ ਸਮਾਂ ਨਹੀਂ ਮਿਲਦਾ, ਪੜ੍ਹਨਾਂ ਮੇਰੀ ਆਦਤ ਵਿੱਚ ਸ਼ਾਮਿਲ ਹੈ।

**ਤੁਹਾਡੇ ਪਸੰਦੀਦਾ ਲੇਖਕ ਕੋਣ ਹਨ?**

- ਬਹੁਤ ਸਾਰੇ ਹਨ, ਪਰ ਮੈਂ ਸਮਾਜਿਕ ਦ੍ਰਿਸ਼ਟੀਕੋਣ ਤੇ ਲਿਖਣ ਵਾਲਿਆਂ ਨੂੰ ਜ਼ਿਆਦਾ ਪਸੰਦ ਕਰਦਾ ਹਾਂ। ਸਾਹਿਬ ਕਾਂਸ਼ੀ ਰਾਮ ਵਲੋਂ ਭਾਰਤ ਵਿੱਚ ਪਹਿਲੀ ਜਨਤਕ ਕਾਨਫਰੰਸ ਪੰਜਾਬ ਦੇ ਜ਼ਿਲ੍ਹਾ ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਮੂਸਾਪੁਰ ਵਿਖੇ 6 ਅਪ੍ਰੈ.ਲ 1981 ਨੂੰ ਸਰਕਾਰੀ ਸਕੂ.ਲ ਦੀ ਗਰਾਊਡ ਵਿਖੇ ਕੀਤੀ ਗਈ ਇਸ ਮੌਕੇ ਸਾਹਿਬ ਕਾਂਸ਼ੀ ਰਾਮ ਮੰਚ ਤੇ ਸੰਬੋਧਨ ਕਰਦੇ ਹੋਏ ਅਤੇ ਬਾਬਾ ਬੋਹੜ ਸ਼੍ਰੀ ਹਰਭਜਨ ਲਾਖਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।



ਭਾਰਤ ਵਿੱਚ ਪਹਿਲੀ ਜਨਤਕ ਕਾਨਫਰੰਸ

### ਇੱਕ ਕਿਤਾਬ ਨੇ ਬਦਲ ਦਿੱਤੀ ਕਾਂਸ਼ੀ ਰਾਮ ਦੀ ਜ਼ਿੰਦਗੀ

ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੀ ਜ਼ਿੰਦਗੀ ਵਿੱਚ ਬਾਬਾ ਸਾਹਿਬ ਦੁਆਰਾ ਲਿਖੀ ਹੋਈ ਜਾਤ-ਪਾਤ ਦਾ ਬੀਜ ਨਾਸ਼ ਕਿਤਾਬ ਪੜ੍ਹੀ ਅਤੇ ਉਹਨਾਂ ਦੀ ਜ਼ਿੰਦਗੀ ਵਿੱਚ ਇਕ ਬਹੁਤ ਵੱਡਾ ਬਦਲਾਅ ਆਇਆ ਜਿਸ ਨੇ ਜਿਸਨੇ ਸਮਾਜ ਨੂੰ ਬਾਮਸੇਫ, ਡੀ ਐਸ ਫੋਰ ਅਤੇ ਬਸਪਾ ਵਰਗੀ ਰਾਸ਼ਟਰੀ ਪਾਰਟੀ ਦਿੱਤੀ। ਆਪਣੇ ਜੀਵਨ ਵਿੱਚ ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਅੰਗ੍ਰੇਜ਼ੀ ਅਤੇ ਹਿੰਦੀ ਵਿੱਚ ਅਨੇਕਾਂ ਅਖ਼ਬਾਰਾਂ ਪ੍ਰਕ-ਾਸ਼ਿਤ ਕੀਤੀਆਂ ਇਸ ਤੋਂ ਇਲਾਵਾ ਭਾਰਤ ਦੇ ਅਨੇਕਾਂ ਸੂਬਿਆ ਦੀਆਂ ਭਾਸ਼ਾਵਾ ਵਿੱਚ ਹਫ਼ਤਾਵਾਰ ਪੇਪਰ ਕੱਢੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਬਹੁਜਨ ਸੰਦੇਸ਼ ਨੇ ਬਹੁਜਨਾਂ ਦੇ ਮਿਸ਼ਨ ਵਿੱਚ ਵੱਡੀ ਭੂਮਿਕਾ ਨਿਭਾਈ ਸਾਹਿਬ ਕਾਂਸ਼ੀ ਰਾਮ ਨੇ ਆਪਣੀ ਜ਼ਿੰਦਗੀ ਵਿਚ ਇੱਕੋ ਇੱਕ ਕਿਤਾਬ ਚਮਚਾ ਯੁੱਗ (ਭੜੂਏ ਅਤੇ ਦਲਾਲਾਂ ਦਾ ਯੁੱਗ) ਅੰਗ੍ਰੇਜ਼ੀ ਭਾਸ਼ਾ ਵਿੱਚ ਕੱਢੀ। ਉਹਨਾਂ ਇਸ ਕਿਤਾਬ ਵਿੱਚ ਲਿਖਿਆ ਕਿ ਸੰਪੂਰਣ ਗੈਰ-ਬਰਾਬਰੀ ਦੀ ਵਿਵਸਥਾ ਨੂੰ 'ਪੂਰਣ-ਸਮਾਨਤਾ' ਦੀ ਵਿਵਸਥਾ ਵਿੱਚ ਬਦਲਣ ਲਈ, ਅਸੀਂ ਪੂਰੀ ਇਮਾਨਦਾਰੀ ਅਤੇ ਤਨ-ਦੇਹੀ ਨਾਲ ਕੰਮ ਕਰਾਂਗੇ, ਜੋ ਕਿ ਸਾਡੇ ਜੀਵਨ ਦਾ ਇੱਕ ਮਾਤਰ ਉਦੇਸ਼ ਹੈ।

### ਮਿਸ਼ਨਰੀ ਗੀਤਾ ਵਿੱਚ ਕਾਂਸ਼ੀ ਰਾਮ

ਬਹੁਜਨਾਂ ਦੇ 'ਮਸੀਹਾ' ਲਈ ਸੈਕੜੇ ਕਲਾਕਾਰਾਂ, ਗੀਤਾਕਾਰਾਂ, ਸੰਗੀਤਕਾਰਾਂ ਨੇ ਜ਼ਿੰਦਗੀ ਦਾ ਸੁਨਹਿਰੀ ਸਮਾਂ ਸਮਰਪਿਤ ਕੀਤਾ।ਸੰਘਰਸ਼ ਦੇ ਮੁੱਢਲੇ ਦਿਨਾਂ ਤੋਂ ਤਾਅ ਜ਼ਿੰਦਗੀ ਤੱਕ ਆਪਣੀ ਕਲਮ ਤੇ ਆਵਾਜ਼ ਰਾਹੀ ਸੰਕਲਪ ਲੈਣ ਵਾਲੇ ਹਰਨਾਮ ਸਿੰਘ ਬਹਿਲਪੁਰੀ ਦੇ ਇੱਕ ਡਿਊਟ (ਦੋਗਾਣਾ) ਗੀਤ ਦੇ ਕੁੱਝ ਬੋਲ:

ਔਰਤ: ਵੇ ਗੱਲ ਸੁਣ ਲੈ ਮੇਰਿਆ ਚੰਨਾ, ਤੇਰੀ ਹਰ ਇੱਕ ਗੱਲ ਮੈਂ ਮੰਨਾ।
ਤੇਰੇ ਅੱਗੇ ਹੱਥ ਮੈਂ ਬੰਨਾ ਸੱਚੀ ਦੱਸ ਖੋਲ ਵੇ,
ਪਿੰਡਾਂ ਵਿੱਚ ਕਾਹਦੇ ਜਾ ਵਜਾਉਦੇ ਢੋਲ ਵੇ...
ਮਰਦ: ਪਿੰਡ-ਪਿੰਡ ਮੀਟਿੰਗਾਂ ਜਾ ਕਰਾਵਾਂ, ਬਾਬਾ ਸਾਹਿਬ ਦਾ ਮਿਸ਼ਨ ਫੈਲਾਵਾਂ।
ਕਾਂਸ਼ੀ ਰਾਮ ਬਾਰੇ ਸਮਝਾਵਾਂ, ਸੁੱਤੇ ਦਲਿਤਾਂ ਤਾਂਈ ਜਗਾਵਾਂ ਕਰਾਂ ਪ੍ਰਚਾਰ ਮੈਂ, ਸਾਥੀਆਂ ਨੂੰ ਦੱਸਾਂ ਆਪਣੇ ਵਿਚਾਰ ਮੈਂ...



ਦਿੱਲੀ ਵਿਖੇ 25 ਦਸੰਬਰ, 1982 ਨੂੰ ਇੱਕ 'ਲੋਕ ਸੰਸਦ' ਦੇ ਸ਼ੈਸ਼ਨ ਦੌਰਾਨ ਡੀ.ਐਸ.ਫੋਰ ਦੇ ਮਾਧਿਅਮ ਤੋਂ ਸੰਬੋਧਨ ਕਰਦੇ ਹੋਏ ਸਾਹਿਬ ਕਾਂਸ਼ੀ ਰਾਮ ਜੀ।

### ਬਸਪਾ ਪੰਜਾਬ ਵਿੱਚ ਮੁੜ ਹੋਈ ਸਰਗਰਮ

ਪੰਜਾਬ ਜਿਹੜੀ ਕਿ ਸਾਹਿਬ ਕਾਂਸ਼ੀ ਰਾਮ ਜੀ ਦੀ ਜਨਮ ਭੂਮੀ ਹੈ।ਸਾਹਿਬ ਜੀ ਦੀ ਇਹ ਦਿਲੀ ਇੱਛਾ ਰਹੀ ਕਿ ਯੂ.ਪੀ ਵਾਂਗ ਪੰਜਾਬ ਵਿੱਚ ਵੀ ਉਹਨਾਂ ਦੀ ਸਰਕਾਰ ਹੋਵੇ। ਪ੍ਰੰਤੂ ਇਹ ਉਹਨਾਂ ਦੇ ਜਿਊਂਦੇ ਜੀਅ ਸੰਭਵ ਨਾ ਹੋ ਸਕਿਆ। ਹੁਣ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪੁਰਾਣੇ ਬਾਮਸੇਫ ਵਰਕਰ ਨੌਜਵਾਨ ਪ੍ਰਧਾਨ ਸ: ਜਸਵੀਰ ਸਿੰਘ ਗੜ੍ਹੀ ਵਲੋਂ ਹਰ ਫਰੰਟ ਤੇ ਹਰ ਮੁੱਦੇ ਤੇ ਚੋਹ ਤਰਫਾ ਕਾਰਜ ਆਰੰਭਿਆ ਗਿਆ ਹੈ ਦੁਆਬੇ ਦੇ ਨਾਲ-ਨਾਲ ਮਾਂਝੇ ਤੇ ਮਾਲਵੇ ਵਿੱਚ ਵੀ ਸਰਗਰਮੀਆ ਤੇਜ਼ ਕੀਤੀਆ ਗਈਆ ਹਨ। ਕੋਰੋਨਾ ਮਹਾਂਮਾਰੀ ਦੇ ਬਾਵਜੂਦ ਨਵੀਆ ਤਕਨੀਕ ਦੇ ਸਹਾਰੇ ਬਹੁਜਨ ਮਿਸ਼ਨ ਲਈ ਸਰਗਰਮੀਆਂ ਬੇ ਰੋਕ ਜਾਰੀ ਹਨ। ਪੰਜਾਬ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਬਸਪਾ

(ਬਾਕੀ ਅਗਲੇ ਸਫੇ 'ਤੇ)

# ਸਾਹਿਬ ਕਾਂਸ਼ੀ ਰਾਮ ਜੀ ਨਾਲ 1995 ਦੀ ਇੱਕ ਮੁਲਾਕਾਤ



ਸਾਲ 1989 ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਵਾਉਣ ਲਈ ਦਿੱਲੀ ਵਿਖੇ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਦੇ ਸਾਥੀ ਸਮੇਤ ਲੇਖਕ।



ਹਰਨਾਮ ਸਿੰਘ ਬਹਿਲਪੁਰੀ ਮਿਸ਼ਨਰੀ ਗਾਇਕ ਅਤੇ ਗੀਤਕਾਰ ਨੂੰ ਸਨਮਾਨਿਤ ਕਰਦੇ ਹੋਏ ਇੱਕ ਸਮਾਗਮ ਦੌਰਾਨ ਸਾਹਿਬ ਕਾਂਸ਼ੀ ਰਾਮ ਨਾਲ ਸੀਨੀਅਰ ਸਪਾ ਆਗੂ ਸ: ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜਸਭਾ।

(ਸਫਾ 23 ਦੀ ਬਾਕੀ)

ਸਪੋਟਰਾਂ, ਸਮਰਥਕਾਂ, ਸ਼ੁੱਭਚਿੰਤਕਾਂ ਨੂੰ 2022 ਨੂੰ ਹੋਣ ਵਾਲੀਆ ਵਿਧਾਨ ਸਭਾ ਚੋਣਾਂ ਲਈ ਇਕੱਠੇ ਕਰਨ ਦੀ ਮਹਿਮ ਸ਼ੁਰੂ ਕੀਤੀ ਗਈ ਹੈ।ਪੰਜਾਬ ਦੀ ਨੰ:1 ਅਖ਼ਬਾਰ ਮੰਨੀ ਜਾਂਦੀ ਨੇ 24 ਜੁਲਾਈ ਦੇ ਸੰਪਾਦਕੀ ਪੰਨੇ ਤੇ ਵੀ ਮੰਨਿਆ ਹੈ ਕਿ ਪੰਜਾਬ ਵਿੱਚ ਸਰਦਾਰ ਗੜ੍ਹੀ ਦੀ ਪ੍ਰਧਾਨਗੀ ਉਪਰੰਤ ਪਾਰਟੀ ਵਿੱਚ ਮੁੜ ਜਾਨ ਪੈਦੀ ਨਜ਼ਰ ਆ ਰਹੀ ਹੈ। ਸ: ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਲੋਕ ਲੰਬੀ ਦੇ ਜਾਗੀਦਾਰਾ ਅਤੇ ਪਟਿਆਲੇ ਦੇ ਮੋਤੀ ਮਹਿਲਾ ਨਾਲ ਟੱਕਰ ਲੈਣਗੇ ਅਤੇ ਰਾਜਭਾਗ ਆਪਣੇ ਹੱਥ ਵਿੱਚ ਲੈ ਕੇ ਬਾਬਾ ਸਾਹਿਬ ਡਾ.ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆ ਵਾਲਾ ਸਮਤਾ, ਸਮਾਨਤਾ, ਭਾਈਚਾਰਾ ਅਤੇ ਇਨਸਾਫ ਵਾਲਾ ਰਾਜ ਸਥਾਪਿਤ ਕਰਨ ਲਈ ਇਸ ਵਾਰ ਮਨ ਬਣਾਈ ਬੈਠੇ ਹਨ ਅਤੇ ਬਹੁਜਨ ਸਮਾਜ ਪਾਰਟੀ ਹਰ ਵਰਗ ਦਾ ਸਹਾਰਾ ਬਣੇਗੀ ਅਤੇ ਬਾਂਹ ਫੜੇਗੀ।

**(ਹੇਠਾਂ ਲਿਖੇ ਛੋਟੇ-ਛੋਟੇ ਪੇਰ੍ਹਿਆ 'ਚ ਪਾਠਕਾਂ, ਪ੍ਰਸ਼ਾਸਕਾਂ, ਜਗਿਆਸੂ, ਮਾਨਵਤਾਂ ਪ੍ਰੇਮੀਆਂ ਅਤੇ ਬਹੁਜਨ ਸਮਰਥਕਾਂ ਲਈ ਰੋਚਕਤਾਂ ਅਤੇ ਤੱਥਾਂ ਨੂੰ ਅਤੇ ਮੌਜੂਦਾ ਸਮੇਂ ਲੋੜੀਦੀ ਜਾਣਕਾਰੀ ਮੁੱਹਈਆਂ ਕਰਵਾਉਣ ਦੇ ਮਕਸਦ ਨਾਲ ਦਿੱਤੀ ਗਈ)**



ਸਾਹਿਬ ਕਾਂਸ਼ੀ ਰਾਮ ਨਾਲ ਤਸਵੀਰ ਵਿੱਚ ਲੇਖਕ ਸੰਤੋਖ ਸਿੰਘ ਜੱਸੀ ਅਤੇ ਮਿਸ਼ਨਰੀ ਸਾਥੀ ਜਗਤਾਰ ਸਿੰਘ ਭਰੋਮਜਾਰਾ।

### ਦੇਸ਼ ਦੀ ਤੀਜੀ ਕੌਮੀ ਪਾਰਟੀ ਬਸਪਾ

ਸਾਹਿਬ ਕਾਂਸ਼ੀ ਰਾਮ ਜੀ ਦੀ ਸਬਰ, ਸਬਕ ਤੇ ਸਿਰੜ ਦੀ ਫਿਲਾਸਫੀ ਅਪਣਾਉਣ ਕਾਰਨ ਅੱਜ ਬਹੁਜਨ ਸਮਾਜ ਪਾਰਟੀ ਭਾਰਤ ਦੀ ਭਾਜਪਾ, ਕਾਂਗਰਸ ਤੋਂ ਬਾਅਦ ਦੇਸ਼ ਦੀ ਤੀਜੀ ਕੌਮੀ ਪਾਰਟੀ ਹੈ।

### ਸੰਸਾਰ ਪ੍ਰਸਿੱਧ ਲੇਖਕ ਨੇ ਦਿੱਤੀਆਂ ਸ਼ੁੱਭ ਕਾਮਨਾਵਾਂ

ਵਿਸ਼ਵ ਪ੍ਰਸਿੱਧ ਭਾਰਤੀ ਬੇਬਾਕ ਲੇਖਕ ਦੇ ਤੌਰ ਤੇ ਜਾਣੇ ਜਾਂਦੇ ਸ.ਖੁਸ਼ਵੰਤ ਸਿੰਘ (ਮਰਹੂਮ) ਜਿਹੜੇ ਹਰ ਹਫ਼ਤੇ ਕਰੀਬ 34 ਭਾਸ਼ਾਵਾਂ 'ਚ ਛਪਦੇ ਸਨ। ਬਹੁਜਨ ਸਮਾਜ ਪਾਰਟੀ ਦੇ 14 ਅਪ੍ਰੈ.ਲ 1984 ਨੂੰ ਗਠਨ ਹੋਣ ਤੇ ਉਨ੍ਹਾਂ ਸਾਹਿਬ ਕਾਂਸ਼ੀ ਰਾਮ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਸਨ।

### ਰਾਜਨੀਤਿਕ, ਵਿਗਿਆਨਿਕ ਸੰਸਥਾ ਤੇ ਅਧਾਰਿਤ ਕਾਂਸ਼ੀ ਰਾਮ ਦਾ ਅੰਦੋਲਨ

ਪ੍ਰਸਿੱਧ ਚਿੰਤਕ ਪ੍ਰੋ.ਵਿਵੇਕ ਕੁਮਾਰ ਨੇ ਹੁਣੇ-ਹੁਣੇ ਇੱਕ ਆਨਲਾਇਨ ਸਮਾਗਮ 'ਚ ਕਿਹਾ ਕਿ ਬਹੁਜਨ ਮਹਾਂਨ-ਾਇਕ ਸਾਹਿਬ ਕਾਂਸ਼ੀ ਰਾਮ ਨੇ ਜਿਹੜਾ ਅੰਦੋਲਨ ਕੀਤਾ ਸੀ ਉਹ ਬਹੁਤ ਹੀ ਖੋਜ ਤੇ ਅਧਾਰਿਤ ਵਿਗਿਆਨਿਕ ਅੰਦੋਲਨ ਸੀ। ਕਾਂਸ਼ੀ ਰਾਮ ਨੇ ਜਰੂਰਤ + ਚਾਹਤ + ਤਾਕਤ = ਪਰਿਵਰਤਨ ਨੂੰ ਆਪਣਾ ਮਿਸ਼ਨ ਬਣਾਇਆ। ਕਾਂਸ਼ੀ ਰਾਮ ਕਹਿੰਦੇ ਸਨ ਕਿ ਦਿਲ 'ਚ ਅੱਗ ਰੱਖੋ, ਪਰ ਦਿਮਾਗ ਠੰਡਾ ਰੱਖੋ।

### ਸਾਹਿਬ ਦਾ ਇਸਤਰੀਆਂ ਨੂੰ ਸਨਮਾਨ: ਮਾਇਆਵਤੀ ਬਣੀ ਪ੍ਰਧਾਨ

ਭਾਰਤ ਦੇ ਸਦੀਆਂ ਪੁਰਾਣੇ ਇਤਿਹਾਸ 'ਚ ਜਿੱਥੇ ਦੇਸ਼ ਦੇ ਮੂਲ ਨਿਵਾਸੀਆਂ ਨਾਲ ਜ਼ਿੰਦਗੀ ਦੇ ਹਰ ਖੇਤਰ ਵਿੱਚ, ਹਰ ਪਹਿਲੂ 'ਤੇ ਹਰ ਪਲ ਵਿਤਕਰਿਆਂ ਦੀ ਦਾਸਤਾਨ ਹੈ। ਰਾਜਿਆਂ ਦੀਆਂ ਕੌਮਾਂ ਨੂੰ ਹਜ਼ਾਰਾਂ ਸਾਲ ਤੋਂ ਹਾਸ਼ੀਏ ਤੇ ਕੀਤਾ ਹੋਇਆ ਹੈ।ਮਰਦ ਪ੍ਰਧਾਨ ਸਮਾਜ ਬਣਾ ਦੇ ਔਰਤਾਂ ਨਾਲ ਸ਼ੂਦਰਾਂ/ ਅਛੂਤਾਂ ਤੋਂ ਵੀ ਭੈੜਾ ਵਰਤਾਓ ਹੁੰਦਾ ਰਿਹਾ। ਪਰ ਤਥਾਗਤ ਬੁੱਧ, ਗੁਰੂ ਨਾਨਕ ਦੇਵ, ਜੋਤੀਬਾ ਫੂਲੇ, ਮਾਤਾ ਸਵਿਤਰੀ ਭਾਈ ਫੂਲੇ ਤੋਂ ਬਾਅਦ ਬਾਬਾ ਸਾਹਿਬ ਨੇ ਅਛੂਤਾਂ ਤੇ ਹਰ ਵਰਗ ਦੀਆਂ ਔਰਤਾਂ ਨੂੰ ਸਨਮਾਨ, ਮਨੁੱਖੀ ਹੱਕ ਦਵਾਉਣ ਲਈ ਸੰਘਰਸ਼ ਕੀਤਾ ਅਤੇ ਬਰਾਬਰ ਸੰਵਿਧਾਨਿਕ ਹੱਕ ਲੈ ਕੇ ਦਿੱਤੇ। ਬਾਬਾ ਸਾਹਿਬ ਦੇ ਬਣੇ ਸੱਚੇ ਪੈਰੋਕਾਰ / ਲੈਫ਼ਟੀਨੈਂਟ ਨੇ ਆਪਣੇ ਜਿਊਂਦੇ ਜੀਅ ਇੱਕ ਔਰਤ ਮਾਇਆਵਤੀ ਨੂੰ ਲੱਖਾਂ ਲੋਕਾਂ ਸਾਹਮਣੇ ਆਪਣੀ ਉੱਤਰਾਧਿਕਾਰੀ ਬਣਾਇਆ ਅਤੇ ਚਾਰ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣਾਇਆ। ਉੱਤਰ ਪ੍ਰਦੇਸ਼ (ਯੂ.ਪੀ) ਵਿੱਚ ਸਾਹਿਬ ਕਾਂਸ਼ੀ ਰਾਮ ਵਲੋਂ ਦਿੱਤੀ ਸਿਖਲਾਈ ਕਾਰਨ ਉਸਨੇ ਉਹ ਅਜੂਬੇ ਕਰ ਦਿਖਾਏ ਜਿਸਨੂੰ ਇੱਕ ਕ੍ਰਾਂਤੀ ਹੀ ਕਿਹਾ ਜਾਵੇਗਾ। ਕਿਉਂਕਿ ਵੱਡੇ ਸੂਬੇ ਤੇ ਸਫ਼ਲਤਾ ਪੂਰਵਕ ਰਾਜ ਕਰਨਾ ਕੋਈ ਬੱਚਿਆ ਦਾ ਖੇਲ ਨਹੀਂ ਹੁੰਦਾ।

### 13 ਅਪ੍ਰੈ.ਲ 1999 ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਸਿੱਖਾਂ ਦੀ ਸ਼ਿਕਾਇਤ

ਖਾਲਸੇ ਦੀ ਜਨਮ ਭੂਮੀ ਸ਼੍ਰੀ ਆਨੰਦਪੁਰ ਸਾਹਿਬ ਵਿੱਚ ਇੱਕ ਵੱਡੇ ਇੱਕਠ ਵਿੱਚ ਬੋਲਦਿਆਂ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਮੈਂ ਤੁਹਾਡੇ ਸਿੱਖਾਂ ਦੀ ਸ਼ਿਕਾਇਤ ਲਗਾਉਣ ਆਇਆ ਹਾਂ ਕਿ ਤੁਸੀਂ ਤਾਂ ਕਿਹਾ ਸੀ ਕਿ ਇਹਨਾਂ ਗਰੀਬ ਸਿੱਖਾਂ ਨੂੰ ਪਾਤਸ਼ਾਹੀ (ਰਾਜਭਾਗ) ਦੇਣਾ ਪਰ ਇਨ੍ਹਾਂ ਨੇ ਤਾਂ ਆਪਣੇ ਸੀਰੀ (ਨੌਕਰ) ਬਣਾ ਲਿਆ ਹੈ।

### ਬਾਬਾ ਸਾਹਿਬ ਦੇ ਸੱਚੇ ਲੈਫਟੀਨੈਂਟ ਬਣੇ 'ਸਾਹਿਬ'

ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਉਦੇਸ਼ ਨੂੰ ਪੂਰਾ ਕਰਨ ਲਈ ਕਾਂਸ਼ੀ ਰਾਮ ਨੇ ਆਖਰੀ ਸਾਹ ਤੱਕ ਸੰਘਰਸ਼ ਕਰਕੇ ਉਹਨਾਂ ਦੇ ਸੱਚੇ ਲੈਫਟੀਨੈਂਟ ਹੋਣ ਦਾ ਸਬੂਤ ਦਿੱਤਾ। ਭਾਰਤੀ ਇਤਿਹਾਸ ਵਿੱਚ ਡਾ.ਭੀਮ ਰਾਓ ਅੰਬੇਡਕਰ ਨੂੰ 'ਬਾਬਾ ਸਾਹਿਬ' ਅਤੇ ਕਾਂਸ਼ੀ ਰਾਮ ਜੀ ਨੂੰ ਸਮਾਜ ਨੇ 'ਸਾਹਿਬ' ਦਾ ਖਿਤਾਬ ਦਿੱਤਾ।

ਬਾਬਾ ਸਾਹਿਬ ਦੇ ਮਿਸ਼ਨ ਨੂੰ ਮੁੜ ਜ਼ਿੰਦਾ ਕੀਤਾ ਕਾਂਸ਼ੀ ਰਾਮ ਜੀ ਨੇ ਇਹ ਸਿਹਰਾ ਵੀ ਸਾਹਿਬ ਕਾਂਸ਼ੀ ਰਾਮ ਜੀ ਦੇ ਸਿਰ ਬੱਝਦਾ ਹੈ ਕਿ ਜਦੋਂ ਸਾਹਿਬ ਕਾਂਸ਼ੀ ਰਾਮ ਨੇ ਬਹੁਜਨ ਮਹਾਂਪੁਰਸ਼ਾਂ ਖਾਸ ਤੌਰ ਤੇ ਬਾਬਾ ਸਾਹਿਬ ਦੇ ਅਧੂਰੇ ਮਿਸ਼ਨ ਦੀ ਪੂਰਤੀ ਲਈ ਸਮਾਜ ਅੰਦਰ 'ਚਾਹਤ' ਪੈਦਾ ਕੀਤੀ ਤਾਂ ਅੱਜ ਸਾਰੀਆਂ ਪਾਰਟੀਆਂ 'ਬਾਬਾ ਸਾਹਿਬ' ਦੇ ਦਿਨ ਮਨਾਉਣ ਲਈ ਤਰਲੋ ਮੱਛੀ ਹੁੰਦੀਆਂ ਸਾਫ਼ ਨਜ਼ਰ ਆਉਣ ਲੱਗੀਆਂ ਹਨ। ਅੱਜ ਭਾਰਤ ਹੀ ਨਹੀਂ ਸਗੋਂ ਦੁਨੀਆਂ ਵਿੱਚ ਸਭ ਤੋਂ ਵੱਧ ਬੁੱਤ, ਪਿੰਡਾਂ, ਮੁਹੱਲਿਆਂ ਦੇ ਨਾਮਕਰਨ, ਕਿਤਾਬਾਂ, ਟੀ.ਵੀ ਚੈਨਲਾਂ, ਯੂ.ਟਿਊਬ, ਵਟਸਐਪ, ਟਵੀਟਰ ਅਤੇ ਅਖ਼ਬਾਰਾਂ ਬਾਬਾ ਸਾਹਿਬ ਦਾ ਇੱਕ ਤਰ੍ਹਾਂ ਨਾਮ ਜਪਦੀਆਂ ਹਨ। ਇਸ ਪਿੱਛੇ ਸਾਹਿਬ ਕਾਂਸ਼ੀ ਰਾਮ ਜੀ ਦੇ ਅੰਦੋਲਨ ਦਾ ਵੱਡਾ ਯੋਗਦਾਨ ਪ੍ਰਤੱਖ ਨਜ਼ਰ ਆਉਦਾ ਹੈ।

ਦੁਸ਼ਮਣ 100 ਸਾਲਾਂ ਤੱਕ ਵੀ ਮਿਸ਼ਨ ਨੂੰ ਖਤਮ ਨਹੀਂ ਕਰ ਸਕੇਗਾ ਸਾਹਿਬ ਕਾਂਸ਼ੀ ਰਾਮ ਨੇ ਦੁਆਬੇ ਦੇ ਪਿੰਡ ਵਿਰਕਾਂ 'ਚ ਇਕ ਸਮਾਗਮ ਦੌਰਾਨ ਇੱਕ ਲੜਕੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ ਕਿ ਮੈਂ ਜਿਊਂਦੇ ਜੀਅ ਚੌਥੀ ਪੀੜੀ ਤਿਆਰ ਕਰਕੇ ਚੱਲਿਆਂ ਹਾਂ। ਦੁਸ਼ਮਣ ਮੇਰਾ ਮਿਸ਼ਨ 100 ਸਾਲਾਂ ਤੱਕ ਵੀ ਖ਼ਤਮ ਨਹੀਂ ਕਰ ਸਕੇਗਾ।



15 ਮਾਰਚ 2020 ਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਜੱਦੀ ਪਿੰਡ ਵਿਖੇ ਬਸਪਾ ਪੰਜਾਬ ਵਲੋਂ ਕੀਤੇ ਸਮਾਗਮ ਦੌਰਾਨ ਵਰਕਰਾ ਸਮਰਥਕਾਂ ਦੀਆਂ ਸ਼ੁੱਭ ਇਛਾਵਾ ਮੌਕੇ ਸੂਬਾ ਪ੍ਰਧਾਨ ਸ: ਜਸਵੀਰ ਸਿੰਘ ਗੜ੍ਹੀ ਅਤੇ ਹੋਰ ਸੀਨੀਅਰ ਸਾਥੀ।

### ਸਵੈ-ਜੀਵਨੀ ਨਹੀਂ, ਸਮਾਜ ਦਾ ਸ਼ਾਸਕ ਬਣਨਾ ਜ਼ਰੂਰੀ

ਇੱਕ ਵਾਰ ਸਾਹਿਬ ਕਾਂਸ਼ੀ ਰਾਮ ਨੂੰ ਪੱਤਰਕਾਰ ਨੇ ਸਾਹਿਬ ਦੀ ਸਵੈ-ਜੀਵਨੀ (Autobygraphy) ਲਿਖਣ ਲਈ ਇੱਛਾਂ ਜਾਹਰ ਕੀਤੀ ਤਾਂ ਸਾਹਿਬ ਨੇ ਕਿਹਾ ਕਿ ਇਹ ਕੰਮ ਮੇਰੇ ਤੋਂ ਬਾਅਦ (ਭਾਵ ਮੇਰੀ ਮੌਤ ਤੋਂ ਬਾਅਦ) ਵੀ ਹੋ ਸਕਦਾ। ਹੁਣ ਤਾਂ ਸਮਾਜਿਕ ਤੇ ਆਰਥਿਕ ਮੁਕਤੀ ਲਈ ਬਹੁਜਨਾਂ ਨੂੰ ਸੱਤਾ ਲਾਇਕ ਬਣਾਉਣਾ ਜਰੂਰੀ ਹੈ। ਅੱਜ ਅਨੇਕਾਂ ਲੇਖਕ, ਪੱਤਰਕਾਰ / ਫ਼ਿਲਮਸਾਜ ਉਹਨਾਂ ਦੇ ਮਿਸ਼ਨ ਤੇ ਪੜ੍ਹਨ-ਲਿਖਣ ਤੇ ਉਹਨਾਂ ਦੇ ਸੰਘਰਸ਼ਾਂ ਨੂੰ ਫਿਲਮਾਉਣ ਦਾ ਕਾਰਜ ਅਤੇ ਵੱਖ-ਵੱਖ ਪੱਖਾਂ ਤੇ ਕੰਮ ਕਰ ਰਹੇ ਹਨ। ਦੇਸ਼ ਬਹੁਜਨ ਮੀਡੀਆ ਦੀ ਸਥਾਪਤੀ ਵੱਲ ਵੱਧ ਰਿਹਾ ਹੈ। ਬਾਬਾ ਸਾਹਿਬ ਦੀ ਕਿਤਾਬ 'ਜਾਤਪਾਤ' ਦਾ ਬੀਜਨਾਸ਼ (ਖਾਤਮਾ) ਪੜ੍ਹਨ ਉਪਰੰਤ ਉਹਨਾਂ ਦੁਆਰਾ ਦਿੱਤਾ ਨੀਲਾ ਝੰਡਾ ਤੇ ਹਾਥੀ ਚੋਣ ਨਿਸ਼ਾਨ ਤੇ ਜੈ ਭੀਮ ਤੇ ਜੈ ਭਾਰਤ ਨੂੰ ਦੁਨੀਆਂ ਦੇ ਸਨਮੁੱਖ ਕਰਨ ਲਈ ਅਤੇ ਬਹੁਜਨ ਸਮਾਜ ਨੂੰ ਦੇਸ਼ ਦਾ ਸ਼ਾਸਕ ਬਣਾਉਣ ਲਈ ਜ਼ਿੰਦਗੀ ਦਾ ਪਲ-ਪਲ ਲਾਇਆ।

### ਆਰਥਿਕ ਸਹਿਯੋਗ ਲਈ ਕੂਪਨ

ਬਹੁਜਨ ਸਮਾਜ ਦੇ ਮਸੀਹਾ ਨੇ ਸਮਾਜ ਦੀ ਗੱਲ ਅੱਗੇ ਵਧਾਉਣ ਹਿੱਤ ਸਮਾਜ ਪਾਸੋ ਆਰਥਿਕ ਸਹਿਯੋਗ ਲਈ 5 ਰੁਪਏ, 10, 50, 100, 500, 1000 ਤੱਕ ਦੇ ਕੂਪਨਾ ਰਾਹੀ ਸਮਾਜ ਤੋਂ ਇੱਕਠੇ ਕੀਤੇ। ਜਦ ਕਿ ਵਿਰੋਧੀ ਪਾਰਟੀਆਂ ਦੇ ਕੁੱਝ ਨੇਤਾ ਉਨ੍ਹਾਂ ਤੇ ਅਮਰੀਕਾ ਦੀ ਖੁਫੀਆਂ ਏਜੰਸੀ ਸੀ.ਆਈ.ਏ ਦਾ ਏਜੰਟ ਹੋਣ ਦਾ ਦੋਸ਼ ਲਾਉਦੀ ਰਹੀ ਕਿ ਇਹ ਏਜੰਸੀ ਹੀ ਕਾਂਸ਼ੀ ਰਾਮ ਨੂੰ ਪੈਸੇ ਦਿੰਦੀ ਹੈ। ਅਸਲ ਵਿੱਚ ਕਾਂਸ਼ੀ ਰਾਮ ਨੂੰ ਆਰਥਿਕ ਮਦਦ ਕੂਪਨਾ ਰਾਹੀ ਹੁੰਦੀ ਸੀ ਜਿਸ ਦੀ ਭਿਨਕ ਸਰਕਾਰੀ ਇੰਜਸੀਆਂ ਨੂੰ ਪੈਣ ਹੀ ਨਹੀਂ ਦਿੱਤੀ ਜਾਂਦੀ ਸੀ।

### ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਨੂੰ...

ਬਹੁਜਨ ਸਮਾਜ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਪੰਜਾਬ ਦੇ ਪ੍ਰਸਿੱਧ ਡੇਰਾ ਸੱਚਖੰਡ ਬੱਲਾ (ਜਲੰਧਰ) ਦੇ ਮੁੱਖੀ ਸੰਤ ਨਿਰੰਜਨ ਦਾਸ ਜੀ ਅਤੇ ਸੰਤ ਅਮਰ ਸ਼ਹੀਦ ਰਾਮਾਨੰਦ ਪ੍ਰਤੀ ਸਤਿਕਾਰ ਕਰਦੇ ਸਨ।

ਯੂ.ਪੀ ਵਿੱਚ ਵੀ ਉਹਨਾਂ ਮਹਾਂਪੁਰਸ਼ਾ ਦੇ ਕਹਿਣ ਤੇ ਇਤਿਹਾਸਿਕ ਗੇਟ ਦਾ ਨੀਂਹ ਪੱਥਰ ਉਸ ਵੇਲੇ ਦੇ ਰਾਸ਼ਟਰਪਤੀ ਆਰ. ਕੇ ਨਰਾਇਨਨ ਤੋਂ ਰਖਵਾਇਆ। ਵਰਨਣਯੋਗ ਹੈ ਕਿ ਸਮਤ ਰਾਮਾਨੰਦ ਜੀ ਦੀ ਸ਼ਹਾਦਤ ਮੌਕੇ ਬਸਪਾ ਦੀ ਮੌਜੂਦਾ ਸਪਰੀਮੋ ਬੀਬੀ ਮਾਇਆਵਤੀ ਦੀ ਸੰਤਾ ਦੇ ਸੰਸਕਾਰ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਈ ਸੀ।

# ਵਿਸ਼ਵ ਬੈਂਕ ਦੀ ਟੀਮ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਸਕੂਲਾਂ ਦਾ ਕੀਤਾ ਗਿਆ ਦੌਰਾ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਵਿਸ਼ਵ ਬੈਂਕ ਦੀ ਟੀਮ ਵੱਲੋਂ ਸੋਸ਼ਲ ਐਂਡ ਇੰਨਵਾਰਮੈਂਟ ਸੇਫ ਗਾਰਡ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਵੱਖ ਵੱਖ ਸਕੂਲਾਂ ਦਾ ਦੌਰਾ ਕਰ ਮਿਡ ਡੇ ਮੀਲ, ਸਕੂਲ ਡਿਵੈਲਪਮੈਂਟ ਪਲਾਨ, ਸਿਵਲ ਵਰਕਸ, ਸਾਫ਼ ਸਫ਼ਾਈ ਸਮੇਤ ਸਕੂਲਾਂ ਵਿੱਚ ਚੱਲ ਰਹੇ ਵੱਖ ਵੱਖ ਪ੍ਰੋਜੈਕਟਾਂ ਦਾ ਨਿਰੀਖਣ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਗਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਵਿਸ਼ਵ ਬੈਂਕ ਦੀ ਤਿੰਨ ਮੈਂਬਰੀ ਟੀਮ ਜਿਨ੍ਹਾਂ ਵਿੱਚ ਯੇਲੇਮਜਵੂਡ ਸੀਮਾਚਿਊ, ਰੰਜਨ ਵਰਮਾ, ਰਿਸ਼ੀਕੇਸ਼ ਕੋਲਾਟਕਰ ਸ਼ਾਮਲ ਸਨ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਧਾਨੀ, ਸਰਕਾਰੀ ਪ੍ਰਾਇਮਰੀ ਸਕੂਲ ਬਧਾਨੀ, ਸਕੂਲ ਆਫ਼ ਐਮੀਨੇਂਸ ਭੋਆ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭੋਆ ਦਾ ਦੌਰਾ ਕੀਤਾ ਗਿਆ। ਆਪਣੇ ਦੌਰੇ ਦੌਰਾਨ ਟੀਮ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ



ਅਤੇ ਬਲਾਕ ਸਿੱਖਿਆ ਦਫ਼ਤਰ ਦੇ ਅਧਿਕਾਰੀਆਂ ਅਤੇ ਸਕੂਲਾਂ ਵਿੱਚ ਕੰਮ ਕਰ ਰਹੀਆਂ ਕਾਰਜਕਾਰੀ ਏਜੰਸੀਆਂ, ਪੰਚਾਇਤਾਂ ਰਾਜ ਦੇ ਅਧਿਕਾਰੀਆਂ, ਜੇਈ ਸਿਵਲ ਵਰਕਸ, ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਸਕੂਲਾਂ ਵਿੱਚ ਕੰਮ ਕਰਦੀਆਂ ਵੱਖ ਵੱਖ ਏਜੰਸੀਆਂ ਨਾਲ ਗੱਲਬਾਤ ਕਰਦੇ ਸਕੂਲਾਂ ਦੇ ਸਮੂਚੇ ਪ੍ਰਬੰਧਾ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਗੱਲਬਾਤ ਕਰ ਬੱਚਿਆਂ ਨੂੰ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਦੀ ਜਾਣਕਾਰੀ ਹਾਸਲ ਕੀਤੀ ਅਤੇ ਸਕੂਲਾਂ ਦੇ ਪ੍ਰਬੰਧ ਬਾਰੇ ਤਸੱਲੀ ਪ੍ਰਗਟ ਕੀਤੀ। ਇਸ ਮੌਕੇ ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਡੀਐਮ ਬਲਵਿੰਦਰ ਸੈਣੀ , ਪ੍ਰਿੰਸੀਪਲ ਰਘਬੀਰ ਕੌਰ, ਪ੍ਰਿੰਸੀਪਲ ਨਸ਼ੀਬ ਸਿੰਘ ਸੈਣੀ ਆਦਿ ਹਾਜ਼ਰ ਸਨ।


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
DPF Filter Cleaning
Clutch
Transmission
New/Used Tires
Oil Changes
Wheel Balancing
Truck & Trailer Repair
All Major & Minor Repairs
We Do Aluminum Welding
Computer Check
Differential
Inspections
Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA
MasterCard
AMERICAN EXPRESS
DISCOVER NETWORK
209-239-1551
1003 MOFFAT BLVD., MANTECA, CA 95336
3575 S ELDORADO ST., STOCTON, CA 95206


KB USED AUTO SALES
8655 B Monterey Street Gilroy, CA 95020
Kashmiri Bhatia, Dealer/Broker 408-848-2365
50% OFF WARRANTY with Qualifying Car Purchase
IN HOUSE FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ
Kashmiri Bhatia & his wife
K&K AUTO REPAIR and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR on your next qualifying service
Car Care You Can Trust

# ਕਿਹੋ ਜਿਹੀ ਹੋਣ ਵਾਲੀ ਹੈ ਭਵਿੱਖ ਦੀ ਦੁਨੀਆ?



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਤੇਜ਼ੀ ਨਾਲ ਬਦਲ ਰਹੀ ਇਹ ਦੁਨੀਆ ਇਸ ਸਮੇਂ ਇਕ ਵੱਡੇ ਮੁਕਾਮ 'ਤੇ ਆ ਖੜ੍ਹੀ ਹੋਈ ਹੈ।ਮਾਨਵ ਜਾਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਕਿ ਇਸ ਸਮੇਂ ਦੁਨੀਆ ਵਿਚ ਜੋ ਬਹੁਤ ਮਹੱਤਵਪੂਰਨ ਹੈ ਇਸ ਵਿਚੋਂ ਬਹੁਤ ਕੁਝ ਅਰਥਹੀਣ ਹੋ ਜਾਵੇਗਾ। ਬੀਤੇ ਦੀ ਬਾਤ ਬਣ ਜਾਵੇਗਾ। ਪਿਛਲੇ ਸਮੇਂ ਬਹੁਤ ਚੀਜ਼ਾਂ ਸਾਡੇ ਦੌਰ ਵਿਚ ਆਈਆਂ ਤੇ ਅਲੋਪ ਹੋ ਗਈਆਂ। ਅੱਜ ਦੇ ਬੱਚਿਆਂ 'ਚੋਂ ਬਹੁਤਿਆਂ ਨੂੰ ਸ਼ਾਇਦ ਇਹ ਪਤਾ ਵੀ ਨਹੀਂ ਹੋਵੇਗਾ ਕਿ ਸੀ। ਡੀ। ਪਲੇਅਰ ਕਿਸ ਤਰ੍ਹਾਂ ਦਾ ਹੁੰਦਾ ਸੀ। ਵੀ। ਸੀ। ਆਰ। ਕੀ ਸੀ ? ਪੇਜਰ ਕੀ ਸੀ? ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਇਸ ਦੌਰ ਵਿਚ ਹੁਣ ਇਕ ਦਮ ਬਹੁਤ ਕੁਝ ਤਬਦੀਲ ਹੋਣ ਜਾ ਰਿਹਾ ਹੈ। ਭਵਿੱਖ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਭਾਵ ਮਸਨੂਈ ਸਮਝ ਦੁਨੀਆ ਨੂੰ ਪੂਰੀ ਤਰ੍ਹਾਂ ਬਦਲ ਕਰ ਦੇਵੇਗੀ। ਜ਼ਰਾ ਸੋਚੋ ਕਿ ਮਨੁੱਖ ਦੀ ਥਾਂ ਸੋਚ ਵਿਚਾਰ ਕਰਨ, ਫੈਸਲੇ ਲੈਣ ਅਤੇ ਉਨ੍ਹਾਂ ਫੈਸਲਿਆਂ 'ਤੇ ਅਮਲ ਕਰਨ ਵਰਗੇ ਕੰਮ ਜੇਕਰ ਮਸ਼ੀਨ ਕਰਨ ਲੱਗ ਪਵੇਗੀ ਤਾਂ ਇਸ ਦੌਰ ਵਿਚ ਮਨੁੱਖ ਦੀ ਹੈਸੀਅਤ ਕੀ ਹੋਵੇਗੀ? ਕਲਾਕਾਰ ਇਕ ਚਿੱਤਰ ਬਣਾਉਂਦਾ ਹੈ, ਕਵੀ ਕਵਿਤਾ, ਗੀਤਕਾਰ ਗੀਤ, ਕਹਾਣੀਕਾਰ ਕਹਾਣੀ ਲਿਖਦਾ ਹੈ। ਇਸੇ ਤਰ੍ਹਾਂ ਫ਼ਿਲਮ ਲੇਖਕ ਫ਼ਿਲਮਾਂ ਦੀ ਕਹਾਣੀ ਤੇ ਡਾਇਲਾਗ ਲਿਖਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕੁਝ 'ਏ ਆਈ' ਕਰਨ ਲੱਗ ਜਾਵੇਗੀ। ਇਸ ਤੋਂ ਵੀ ਅਗਾਂਹ ਫ਼ਿਲਮਾਂ ਵਿਚ ਵਿਖਾਏ ਜਾਣ ਵਾਲੇ ਦ੍ਰਿਸ਼, ਨਾਇਕ, ਨਾਇਕਾਵਾਂ ਤੇ ਖ਼ਲਨਾਇਕ ਇਹ ਸਭ ਕੁਝ ਆਰਟੀਫੀਸ਼ਲ ਹੋਵੇਗਾ ਅਤੇ ਇਹ ਸਭ ਕੁਝ ਹਕੀਕਤ ਵਰਗਾ ਹੀ ਹੋਵੇਗਾ। ਇਕ ਨਵੀਂ ਫ਼ਿਲਮ ਬਣਾਉਣ ਲਈ ਤੁਸੀਂ ਮਨਪਸੰਦ ਚਾਰ ਫ਼ਿਲਮਾਂ ਬਾਰੇ ਆਰਟੀਫੀਸ਼ਅਲ ਇੰਟੈਲੀਜੈਂਸ ਨੂੰ ਦੱਸਦੇ ਹੋ ਤਾਂ ਉਹ ਤੁਹਾਨੂੰ ਕੁਝ ਹੀ ਸਮੇਂ ਬਾਅਦ ਪੰਜਵੀਂ ਫ਼ਿਲਮ ਤਿਆਰ ਕਰ ਦੇਵੇਗਾ। ਇਸੇ ਤਰ੍ਹਾਂ ਤੁਸੀਂ ਘਰ, ਦਫਤਰ, ਲਾਅਨ ਦਾ ਡਿਜ਼ਾਈਨ ਕਰਨਾ ਚਾਹੁੰਦੇ ਹੋ ਤਾਂ ਕਈ ਤਰ੍ਹਾਂ ਦੇ ਡਿਜ਼ਾਈਨ ਤੁਹਾਡੇ ਸਾਹਮਣੇ ਪਈ ਸਕਰੀਨ 'ਤੇ ਖੁੱਲ੍ਹ ਜਾਣਗੇ ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਗੱਡੀਆਂ ਡਰਾਈਵਰ-ਰਹਿਤ ਹੋਣਗੀਆਂ ਤੇ ਆਰਟੀਫੀਸ਼ਅਲ ਇੰਟੈਲੀਜੈਂਸ ਰਾਹੀਂ ਚੱਲਣ ਲੱਗਣਗੀਆਂ। ਪੂਰੀ ਦੁਨੀਆ ਵਿਚ ਦਫ਼ਤਰਾਂ ਵਿਚ ਕੰਮ ਕਰਦੇ ਕਰਮਚਾਰੀਆਂ ਮੁਲਾਜ਼ਮਾਂ ਦੀ ਛਾਂਟੀ ਹੋਣ ਲੱਗੇਗੀ। ਸਭ ਤਰ੍ਹਾਂ ਦੇ ਦਫ਼ਤਰਾਂ ਦੇ ਕੰਮ ਏ ਆਈ ਮਸ਼ੀਨਾਂ ਸਾਂਭ ਲੈਣਗੀਆਂ। ਚਿੱਤਰਕਾਰ, ਫੋਂਟ-ਗਾਲੀ, ਕਲਾਕਾਰ, ਐਕਟਰ, ਲੇਖਕ, ਡਿਜ਼ਾਈਨਰ, ਮਾਡਲ ਆਦਿ ਦੇ ਕਰਨ ਵਾਲੇ ਕਲਾਤਮਿਕ ਕੰਮ ਮਸਨੂਈ ਬੁੱਧੀ ਨਾਲ ਹੋਣ ਲੱਗਣਗੇ। 'ਏ ਆਈ ਤਕਨੀਕ ਕਿਸੇ ਪੁਰਾਣੀ ਤੋਂ ਪੁਰਾਣੀ ਤਸਵੀਰ ਨੂੰ ਵੀਡੀਓ ਵਿਚ ਤਬਦੀਲ ਕਰ ਸਕਦੀ ਹੈ।ਅੰਦਾਜਾ ਲਾਓ ਭਵਿੱਖ ਦੀ ਦੁਨੀਆ ਕਿਹੋ ਜਿਹੀ ਹੋਣ ਵਾਲੀ ਹੈ। ਦੁਨੀਆ 'ਤੇ ਸਰਦਾਰੀ ਕਰਨ ਵਾਲੀਆਂ ਸਾਫਟਵੇਅਰ ਬਣਾਉਣ ਵਾਲੀਆਂ ਕੰਪਨੀਆਂ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਇਸ ਸਭ ਕੁਝ ਨੂੰ ਇਕ ਦਿਨ ਏ.ਆਈ. ਨਾਂਅ ਦਾ ਇਕ ਸਾਫਟਵੇਅਰ ਨਿਗਲ ਲਵੇਗਾ। ਏ. ਆਈ. ਅਜਿਹੀ ਆਧੁਨਿਕ ਤਕਨੀਕ ਹੈ ਜਿਸ ਤੋਂ ਤਕਨੀਕੀ ਦੁਨੀਆ ਦੇ ਮਾਹਿਰ ਵੀ ਡਰਨ ਲੱਗ ਪਏ ਹਨ। ਇਸ ਤਕਨੀਕ ਨਾਲ ਖੇਤੀਬਾੜੀ ਵਿਚ ਇਕ ਅਜਿਹਾ ਇਨਕਲਾਬ ਆਵੇਗਾ ਜਿਸ ਦਾ ਅਸੀਂ ਕਦੇ ਕਿਆਸ ਤੱਕ ਵੀ ਨਹੀਂ ਕੀਤਾ। ਭਵਿੱਖ ਵਿਚ ਏ.ਆਈ. ਮਸ਼ੀਨਾਂ ਸਾਨੂੰ ਦੱਸਣਗੀਆਂ ਕਿ ਤੁਹਾਡੇ ਵਲੋਂ ਬੀਜੀ ਜਾ ਰਹੀ ਫ਼ਸਲ ਦਾ ਹੁਣ ਤੱਕ ਬਾਜ਼ਾਰ ਵਿਚ ਕਿੰਨਾ ਬੀਜ ਵਿਕਿਆ ਹੈ ਅਤੇ ਇਹ ਕਿਸ ਦੇਸ਼ ਵਿਚ ਕਿੰਨੀ ਮਿਕਦਾਰ ਵਿਚ ਬੀਜੀ ਜਾ ਰਹੀ ਹੈ। ਇਸ ਫ਼ਸਲ ਲਈ ਮੌਸਮ ਕਿਸ ਤਰ੍ਹਾਂ ਦਾ ਰਹਿਣ ਵਾਲਾ ਹੈ। ਇਸ ਦਾ ਬਾਜ਼ਾਰ ਵਿਚ ਮੁੱਲ ਕੀ ਪਵੇਗਾ? ਕਾਫੀ ਹੱਦ ਤੱਕ ਫ਼ਸਲਾਂ ਲਈ ਵਰਤੇ ਜਾਂਦੇ ਕੀਟ ਨਾਸ਼ਕਾਂ ਦੀ ਵਰਤੋਂ ਘੱਟ ਹੋਵੇਗੀ। ਫ਼ਸਲ 'ਤੇ ਕਿਸੇ ਕੀੜੇ ਦੇ ਹਮਲੇ ਦਾ ਤੁਰੰਤ ਪਤਾ ਲੱਗੇਗਾ ਅਤੇ ਜਿੱਥੇ ਕਿਤੇ ਜਿਸ ਵੀ ਬੂਟੇ ਵਿਚ ਬਿਮਾਰੀ ਦੀ ਲਾਗ ਹੋਵੇਗੀ, ਉੱਥੇ ਉਸ ਜਗਹਾ 'ਤੇ ਹੀ ਉਸ ਦਾ ਤੁਰੰਤ ਇਲਾਜ ਕੀਤਾ ਜਾ ਸਕੇਗਾ। ਪੂਰੀ ਜ਼ਮੀਨ ਵਿਚ ਕੀਟ ਨਾਸ਼ਕ ਦਵਾਈ ਦੀ ਵਰਤੋਂ ਕਰਨ ਦੀ ਲੋੜ ਤਾਂ ਦੂਰ, ਕਿਸੇ ਇਕ ਪੂਰੇ ਪੌਦੇ ਨੂੰ ਵੀ ਕੀਟਨਾਸ਼ਕ ਦੇਣ ਦੀ ਲੋੜ ਨਹੀਂ ਰਹੇਗੀ। ਜ਼ਮੀਨ ਵਿਚ ਕਿੱਥੇ ਕਿਸ ਤੱਤ ਦੀ ਘਾਟ ਹੈ, ਇਸ ਸੰਬੰਧੀ ਏ.ਆਈ. ਦੀਆਂ ਜਾਣਕਾਰੀਆਂ ਫ਼ਸਲਾਂ ਲਈ ਲਾਹੇਵੰਦ ਸਾਬਤ ਹੋਣਗੀਆਂ। ਏ. ਆਈ. ਮਸ਼ੀਨਾਂ ਕੇਵਲ ਪੱਕੇ ਫਲਾਂ ਦੀ ਤੁੜਾਈ-ਪੁਟਾਈ ਕਰਨਗੀਆਂ ਅਤੇ ਇਸ ਤਰ੍ਹਾਂ ਫ਼ਸਲਾਂ ਖਾਸ ਕਰਕੇ ਫਲਾਂ ਦੇ ਝਾੜ ਵਿਚ ਸੁਧਾਰ ਤੇ ਵਾਧਾ ਹੋਣਾ ਸ਼ੁਰੂ ਹੋ ਜਾਵੇਗਾ। ਭਵਿੱਖ ਵਿਚ ਖੇਤੀਬਾੜੀ ਦੇ ਕੰਮ ਵਿਚ ਇਕ ਵੱਡੀ ਅਲੌਕਿਕ ਤਬਦੀਲੀ ਵਾਪਰਨ ਜਾ ਰਹੀ ਹੈ।ਦੁਨੀਆ ਵਿਚ ਭੁੱਖਮਰੀ ਅਤੇ ਕੁਪੋਸ਼ਣ ਘੱਟ ਹੋਵੇਗਾ ਪਰ ਯਾਦ ਰੱਖਣਾ ਇਹ ਕੇਵਲ ਅੰਦਾਜ਼ਾ ਹੈ। ਸਚਾਈ ਇਸ ਤੋਂ ਵੱਖਰੀ ਵੀ ਹੋ ਸਕਦੀ ਹੈ। ਦਵਾਈਆਂ ਦੇ ਮਾਲੀਕਿਊਲ ਬਣਾਉਣ ਵਿਚ ਮਦਦ ਮਿਲੇਗੀ। ਬਿਮਾਰੀਆਂ ਨੂੰ ਸਮਝਣ ਵਿਚ ਵੱਡਾ ਇਨਕਲਾਬ ਆਵੇਗਾ ਅਤੇ ਬਿਮਾਰਾਂ ਦੀ ਸਾਂਭ ਸੰਭਾਲ ਕਰਨ ਵਿਚ ਵੀ ਏ.ਆਈ. ਵੱਡੀ ਮਦਦਗਾਰ ਸਾਬਿਤ ਹੋਵੇਗੀ। ਜਿਵੇਂ ਖਦਸ਼ਾ ਪਰਗਟ ਕੀਤਾ ਜਾ ਰਿਹਾ ਹੈ ਏ. ਆਈ. ਬਹੁਤ ਸਾਰੀਆਂ ਨੌਕਰੀਆਂ ਨੂੰ ਖ਼ਤਮ ਕਰ ਦੇਵੇਗੀ ਤਾਂ ਕੁਝ ਲੋਕਾਂ ਨੂੰ ਇਹ ਵਿਸ਼ਵਾਸ ਹੈ ਨਵੀਂ ਤਕਨਾਲੋਜੀ ਦੇ ਆਉਣ ਨਾਲ ਨੌਕਰੀਆਂ ਘਟਦੀਆਂ ਨਹੀਂ ਬਲਕਿ ਵਧਦੀਆਂ ਹਨ। ਜਿਵੇਂ ਕੰਪਿਊਟਰ ਦੇ ਆਉਣ ਨਾਲ ਸੋਚਿਆ ਜਾ ਰਿਹਾ ਸੀ ਕਿ ਦਫਤਰਾਂ ਦੇ ਕੰਮ ਜਦੋਂ ਕੰਪਿਊਟਰ ਕਰਨ ਲੱਗਣਗੇ ਤਾਂ ਬੰਦਿਆਂ ਦੀ ਲੋੜ ਨਹੀਂ ਰਹੇਗੀ। ਇਸ ਲਈ ਕੰਪਿਊਟਰ ਦਾ ਵਿਰੋਧ ਵੀ ਹੋਇਆ ਪਰ ਕੰਪਿਊਟਰ ਦੇ ਆਉਣ ਨਾਲ ਰੁਜ਼ਗਾਰ ਵਿਚ ਵੱਖਰੀਆਂ ਤੇ ਵੱਡੀਆਂ ਸੰਭਾਵਨਾਵਾਂ ਪੈਦਾ ਹੋਈਆਂ। ਇਸ ਲਈ ਕੁਝ ਲੋਕਾਂ ਦਾ ਖਿਆਲ ਹੈ ਕਿ ਨਵੀਂ ਤਕਨੀਕ ਆਉਣ ਨਾਲ ਰੁਜ਼ਗਾਰ ਦੇ ਬੂਹੇ ਹੋਰ ਮੋਕਲੇ ਹੋਣਗੇ। ਇੱਥੇ ਸਾਨੂੰ ਥੋੜ੍ਹਾ ਜਿਹਾ ਸੋਚ ਵਿਚਾਰ ਕਰਨ ਦੀ ਲੋੜ ਹੈ। ਹੁਣ ਤੱਕ ਜੋ ਵੀ ਤਕਨੀਕੀ ਵਿਕਾਸ ਹੁੰਦਾ ਆਇਆ ਹੈ। ਉਹ ਵਸਤਾਂ ਦਾ ਵਿਕਾਸ ਸੀ। ਨਵੀਆਂ ਵਸਤਾਂ, ਨਵੇਂ ਸਾਧਨ, ਨਵੇਂ ਸਾਫਟਵੇਅਰ ਆਦਿ ਬਣਦੇ ਆਏ ਹਨ ਜਿਨ੍ਹਾਂ ਨੂੰ ਮਨੁੱਖ ਪੈਦਾ ਕਰਦੇ ਤੇ ਮਨੁੱਖ ਆਪਣੇ ਹੱਥਾਂ ਨਾਲ ਇਨ੍ਹਾਂ ਨੂੰ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਵਰਤਦਾ ਆਇਆ ਹੈ ਅਤੇ ਵਰਤ ਰਿਹਾ ਹੈ। ਪਰ ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਤੋਂ ਬਿਲਕੁਲ ਵੱਖਰੀ ਚੀਜ਼ ਹੈ। ਇਹ ਅਜਿਹੀ ਬਨਾਉਟੀ ਸਮਝ' ਹੈ ਜੋ ਹਰ ਪਲ ਵਧ ਰਹੀ ਹੈ। ਹਰ ਪਲ ਹੋਰ ਬੁਲੰਦ ਹੁੰਦੀ ਜਾਵੇਗੀ। ਮਾਨਵਜਾਤ ਦੇ ਇਤਿਹਾਸ ਵਿਚ ਇਹ ਪਹਿਲੀਵਾਰ ਹੋਣ ਲੱਗਾ ਹੈ ਮਨੁੱਖ ਦੀ ਵਰਤੋਂ ਲਈ ਇਕ ਵਿਸ਼ਾਲ ਦਿਮਾਗ ਉਸ ਦੇ ਸਾਹਮਣੇ ਹੋਵੇਗਾ ਜਿਸ ਵਿਚ ਲੱਖਾਂ ਦਿਮਾਗਾਂ ਜਿੰਨੀ ਸਮਝ ਹੋਵੇਗੀ ਅਤੇ ਇਹ ਸਮਝ ਮਨੁੱਖੀ ਬੁੱਧੀ ਤੋਂ ਕਿਤੇ ਵੱਧ ਤੇਜ਼ੀ ਨਾਲ ਵਿਕਸਤ ਹੁੰਦੀ ਜਾਵੇਗੀ। ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਤੋਂ ਹੀ ਸਿੱਖ ਕੇ ਹਰ ਪਲ ਆਪਣੀ ਸਮਝ ਵਧਾ ਰਿਹਾ ਹੈ ਅਤੇ ਮਨੁੱਖ ਨੇ ਜੋ ਕੰਮ ਕੁਝ ਮਹੀਨਿਆਂ, ਦਿਨਾਂ ਜਾਂ ਘੰਟਿਆ ਵਿਚ ਕਰਨਾ ਹੁੰਦਾ ਹੈ, ਇਹ ਉਸ ਕੰਮ ਨੂੰ ਪਲਾਂ ਵਿਚ ਕਰਨ ਦੇ ਸਮਰੱਥ ਹੋਵੇਗਾ। ਕਿੰਨੀ ਵਚਿੱਤਰ ਹੋਵੇਗੀ ਭਵਿੱਖ ਦੀ ਦੁਨੀਆ ਜ਼ਰਾ ਕਿਆਸ ਕਰੋ।



ਬੇਸ਼ੱਕ ਏ। ਆਈ। ਨਾਲ ਮਨੁੱਖ ਦੇ ਜ਼ਿਹਨੀ ਤੇ ਸਰੀਰਕ ਕੰਮ ਘਟ ਜਾਣਗੇ, ਰੁਜ਼ਗਾਰ ਨੌਕਰੀਆਂ ਘਟ ਜਾਣਗੀਆਂ ਪਰ ਇਹ ਆਮ ਲੋਕਾਂ ਅਤੇ ਖਾਸ ਕਰਕੇ ਗਰੀਬ ਦੇਸ਼ਾਂ ਦੇ ਬਾਸ਼ਿੰਦਿਆਂ ਲਈ ਇਹ ਸਥਿਤੀ ਬੇਹੱਦ ਭਿਆਨਕ ਹੋ ਸਕਦੀ ਹੈ। ਏ। ਆਈ। ਦੇ ਦੌਰ ਤੋਂ ਪਹਿਲਾਂ ਹੀ ਦੁਨੀਆ ਅਜਿਹੇ ਦੌਰ ਵਿਚੋਂ ਗੁਜ਼ਰ ਰਹੀ ਹੈ ਜਿੱਥੇ ਆਮ ਬੰਦੇ ਦੇ ਰੁਜ਼ਗਾਰ ਵੱਲ ਸਰਕਾਰਾਂ ਦਾ ਬਿਲਕੁਲ ਹੀ ਧਿਆਨ ਨਹੀਂ ਤੇ ਨੌਕਰੀਆਂ ਦੇ ਮੌਕੇ ਘਟ ਰਹੇ ਹਨ। ਸਰਕਾਰਾਂ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ ਕਿ ਵੱਡੀ ਗਿਣਤੀ 'ਚ ਲੋਕਾਂ ਨੇ ਆਪਣੇ ਆਪ ਨੂੰ ਆਟੋ ਦਾਲ ਵਰਗੀਆਂ ਖੈਰਾਤਾਂ ਲਈ ਸਮਰਪਿਤ ਕਰ ਦਿੱਤਾ ਹੈ। ਹੁਣ ਤੱਕ ਹਰ ਨਵੀਂ ਤਕਨੀਕ ਦਾ ਸਭ ਤੋਂ ਵੱਧ ਫਾਇਦਾ ਸਰਮਾਏਦਾਰ ਲੈਂਦੇ ਰਹੇ ਹਨ।ਅਜਿਹੀ ਸਥਿਤੀ ਵਿਚ ਜਦੋਂ ਏ ਆਈ ਦਾ ਪ੍ਰਵੇਸ਼ ਹੋਣ ਜਾ ਰਿਹਾ ਹੈ ਤਾਂ ਆਮ ਬੰਦੇ ਲਈ ਇਹ ਸਥਿਤੀ ਹੋਰ ਭਿਆਨਕ ਹੋ ਜਾਵੇਗੀ। ਨੌਕਰੀਆਂ, ਰੁਜ਼ਗਾਰ ਹੋਰ ਵੀ ਘੱਟ ਹੋਣਗੇ। ਵਿਹਲਾ ਮਨ ਸ਼ੈਤਾਨ ਦਾ ਘਰ ਅਖਾਣ ਵਾਂਗ ਸਮਾਜ ਵਿਚ ਬੁਰਾਈਆਂ ਫੈਲਣ ਦਾ ਖ਼ਤਰਾ ਹੋਰ ਵਧ ਜਾਵੇਗਾ। ਦੂਜੇ ਪਾਸੇ ਏ. ਆਈ. ਦੀ ਸਮਝ ਇੰਨੀ ਵਿਸਥਾਰ ਲੈ ਲਵੇਗੀ ਕਿ ਉਸ ਕੋਲ ਲੱਖਾਂ ਕਰੋੜਾਂ ਬੰਦਿਆਂ ਦੀਆਂ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਹੋਣਗੀਆਂ ਕਿਸੇ ਦੀ ਕੰਮਰੇ ਵਿਚ ਤਸਵੀਰ ਵੇਖ ਕੇ ਉਸ ਨੂੰ ਝੱਟ ਲੱਭਿਆ ਜਾ ਸਕੇਗਾ। ਹੋ ਸਕਦਾ ਹੈ ਇਸ ਨਾਲ ਮਨੁੱਖ ਕੁਝ ਹੋਰ ਚੰਗਾ ਸਿਰਜਣ ਦੇ ਸਮਰੱਥ ਵੀ ਹੋ ਜਾਵੇ। ਇਹ ਵੀ ਹੋ ਸਕਦਾ ਹੈ ਕਿ ਮਨੁੱਖ ਹਰ ਤਰ੍ਹਾਂ ਦੇ ਜੁਰਮਾਂ ਨੂੰ ਰੋਕੇ ਜਾਣ ਲਈ ਨਵੀਆਂ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਨ ਲੱਗੇ। ਏ।ਆਈ। ਨੂੰ ਬਣਾਉਣ ਵਾਲੇ 75 ਸਾਲਾ ਜਿਓਫਰੀ ਹਿੰਟਨ ਇਸ ਦੇ ਨਤੀਜਿਆਂ ਨੂੰ ਸਮਝਦਿਆਂ ਖ਼ੁਦ ਡਰੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਮੈਂ ਇਸ ਨੂੰ ਨਾ ਬਣਾਉਂਦਾ ਤਾਂ ਹੋ ਸਕਦਾ ਹੈ ਕੋਈ ਹੋਰ ਇਸ ਨੂੰ ਬਣਾ ਦਿੰਦਾ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਤੋਂ ਸਿੱਖ ਕੇ ਮਨੁੱਖ ਤੇ ਹੀ ਹਾਵੀ ਹੋ ਜਾਣ ਦੇ ਏ। ਆਈ। ਦੇ ਖ਼ਤਰੇ ਨੂੰ ਨਕਾਰਿਆ ਨਹੀਂ ਜਾ ਸਕਦਾ। ਜਿਓਫਰੀ ਹਿੰਟਨ ਨੇ ਨਿਊਯਾਰਕ ਟਾਈਮਜ਼ ਨੂੰ ਦਿੱਤੀ ਇਕ ਇੰਟਰਵਿਊ ਵਿਚ ਮੰਨਿਆ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਏ। ਆਈ। 1000 ਬੰਦੇ ਤੋਂ ਵੱਧ ਜਾਣਦਾ ਹੈ ਅਤੇ ਇਹਦੀ ਇਹ ਜਾਣਕਾਰੀ ਹਰ ਪਲ ਵਧਦੀ ਹੀ ਜਾਵੇਗੀ। ਇਹ ਸੱਚ ਹੈ ਕਿ ਏ। ਆਈ। ਨਾਲ ਬਹੁਤ ਸਾਰੇ ਖ਼ਤਰੇ ਜੁੜੇ ਹੋਏ ਹਨ ਅਤੇ ਇਨ੍ਹਾਂ ਖਤਰਿਆਂ ਨੂੰ ਦੁਨੀਆ ਭਰ ਦੇ ਸੋਚਵਾਨ ਮਨੁੱਖ ਭਾਂਪ ਵੀ ਰਹੇ ਹਨ। ਇਹ ਵੀ ਹੋ ਸਕਦਾ ਹੈ ਭਵਿੱਖ ਵਿਚ ਏ. ਆਈ. ਰਾਹੀਂ ਗ਼ਲਤ ਸੂਚਨਾਵਾਂ ਦਾ ਹੜ੍ਹ ਆ ਜਾਵੇ ਅਤੇ ਸਾਨੂੰ ਇਹ ਸਮਝਣ ਵਿਚ ਬੜੀ ਵੱਡੀ ਦਿੱਕਤ ਹੋਵੇਗੀ ਕਿ ਸੱਚ ਕੀ ਹੈ ਅਤੇ ਝੂਠ ਕੀ ਹੈ? ਇਹ ਵੀ ਸੰਭਵ ਹੈ ਕਿ ਏ। ਆਈ। ਦਾ ਕੰਟਰੋਲ ਗ਼ਲਤ ਹੱਥਾਂ ਵਿਚ ਚਲਾ ਜਾਵੇ ਤੇ ਇਹ ਇਕ ਦਿਨ ਮਨੁੱਖਾਂ 'ਤੇ ਭਾਰੂ ਹੋ ਕੇ ਮਨੁੱਖੀ ਸੱਭਿਅਤਾ ਲਈ ਹੀ ਖ਼ਤਰਾ ਬਣ ਜਾਵੇ। ਦੁਨੀਆ ਦੇ ਵੱਡੇ ਕਾਰੋਬਾਰੀ ਐਲਨ ਮਸਕ ਦਾ ਕਹਿਣਾ ਹੈ ਕਿ 'ਇਸ ਸਮੇਂ ਮਨੁੱਖੀ ਸੱਭਿਅਤਾ ਨੂੰ ਸਭ ਤੋਂ ਵੱਧ ਖ਼ਤਰਾ ਏ. ਆਈ. ਤੋਂ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਮੰਨਣਾ ਹੈ ਕਿ 'ਏ। ਆਈ। ਵਿਚ ਸੰਭਾਵਨਾਵਾਂ ਅਤੇ ਖ਼ਤਰੇ ਦੋਵੇ ਹਨ। ਏ। ਆਈ। ਦੁਨੀਆ ਨੂੰ ਕਿਸ ਕਦਰ ਬਦਲ ਦੇਵੇਗੀ ਇਸ ਦਾ ਸਹੀ ਸਹੀ ਅੰਦਾਜ਼ਾ ਕਿਸੇ ਕੋਲ ਹੋਣਾ ਤਾਂ ਦੂਰ, ਇਹਨੂੰ ਈਜਾਦ ਕਰਨ ਵਾਲਿਆਂ ਕੋਲ ਵੀ ਨਹੀਂ ਪਰ ਇਹ ਕਿਆਸ ਜ਼ਰੂਰ ਹੈ ਕਿ ਸਾਡੀ ਦੁਨੀਆ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਨੇ ਇਕ ਬਿਲਕੁਲ ਵੱਖਰੇ ਦੌਰ ਵਿਚ ਪ੍ਰਵੇਸ਼ ਕਰ ਜਾਣਾ ਹੈ।

ਸਾਡੀ ਸਿੱਖਿਆ ਪ੍ਰਣਾਲੀ ਇਸ ਸਮੇਂ ਵੀ ਸਮੇਂ ਦੇ ਹਾਣ ਦੀ ਨਹੀਂ ਹੈ। ਇਸ ਵਿਚ ਬਹੁਤ ਸਾਰੀਆਂ ਤਰੁੱਟੀਆਂ ਹਨ। ਭਵਿੱਖ ਵਿਚ ਸਿੱਖਿਆ ਜਗਤ ਵਿਚ ਵੱਡੀਆਂ ਤਬਦੀਲੀਆਂ ਵਾਪਰਨਗੀਆਂ। ਮਨੁੱਖ ਦੀ ਸਾਲਾਂ ਦੀ ਸਿੱਖਿਆ ਅਰਥਹੀਣ ਹੋ ਕੇ ਰਹਿ ਜਾਵੇਗੀ। ਮਨੁੱਖ ਦੇ ਸਿੱਖਣ, ਸਮਝਣ, ਫ਼ੈਸਲੇ ਲੈਣ ਅਤੇ ਵਿਹਾਰ ਕਰਨ ਦੇ ਢੰਗ ਨੂੰ ਨਵੀਂ ਤਕਨੀਕ ਬਿਲਕੁਲ ਹੀ ਬਦਲ ਦੇਵੇਗੀ।

ਅਜਿਹੀ ਸਥਿਤੀ ਹੋਵੇਗੀ ਜੋ ਕੁਝ ਅਸੀਂ ਪੰਜ ਸਾਲ ਲਾ ਕੇ ਸਿੱਖਦੇ ਹਾਂ, ਉਹ ਕੰਮ ਏ। ਆਈ ਮਸ਼ੀਨਾਂ ਮਿੰਟਾਂ ਸਕਿੰਟਾਂ ਵਿਚ ਕਰਨ ਦੇ ਸਮਰੱਥ ਹੋਣਗੀਆਂ। ਫਿਲਹਾਲ ਬੋਤਲ 'ਚੋਂ ਨਿਕਲੇ 'ਏ। ਆਈ।' ਦੇ ਜਿੰਨ ਨੂੰ ਹੁਣ ਮੁੜ ਬੋਤਲ ਵਿਚ ਪਾਇਆ ਜਾਣਾ ਅਸੰਭਵ ਹੈ ਪਰ ਅਜੇ ਸ਼ਾਇਦ ਵੇਲਾ ਹੈ ਕਿ ਇਸ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਜਾਣ। ਦੁਨੀਆ ਭਰ ਦੀਆਂ ਸਰਕਾਰਾਂ ਨੂੰ ਮਨੁੱਖੀ ਸੱਭਿਅਤਾ ਦੇ ਭਲੇ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਕਰਨਾ ਸਮੇਂ ਦੀ ਮੰਗ ਹੈ।

## 'ਬੁਲਬੁਲਾ'

ਪਲ ਦੋ ਪਲ ਦੀ ਏ ਹੋਂਦ ਮੇਰੀ,
ਮੈਨੂੰ ਫੜ ਕੋਈ ਨਾ ਸਕਿਆ ਏ।
ਮੈਂ ਪਾਣੀ ਤੇ ਪਾਣੀ ਹਾਂ,
ਮੇਰਾ ਨਾਂ ਬੁਲਬੁਲਾ ਰੱਖਿਆ ਏ।

ਮੇਰੀ ਤਾਂ ਇੱਕ ਅਜਬ ਕਹਾਣੀ,
ਸਮਝੀ ਨਾ ਪਰ ਸਭ ਨੇ ਜਾਣੀ,
ਮੇਰੇ ਜਨਮ ਦਾ ਸੱਚ ਜਾਣਦਾ
ਜਿਨ ਡਿਗਦਿਆਂ ਮੈਨੂੰ ਤੱਕਿਆ ਏ।
ਮੈਂ ਪਾਣੀ ਤੇ ਪਾਣੀ ਹਾਂ--

ਮੈਂ ਸੀ ਆਪਣਾ ਰੂਪ ਵਿਖਾਣਾ,
ਨਜ਼ਰਾਂ 'ਚ ਆ ਕੇ ਨਜ਼ਰ ਨਾ ਆਣਾ,
ਆਪਣਾ ਆਪ ਗਵਾਉਣ ਤੋਂ
ਪਹਿਲਾਂ ਮੈਂ ਮੁਖ ਝਨਾਂ ਦਾ ਤੱਕਿਆ ਏ।
ਮੈਂ ਪਾਣੀ ਤੇ ਪਾਣੀ ਹਾਂ--

ਚਿਰਾਂ ਦੇ ਵਿਛੜੇ ਆਣ ਮਿਲੇ ਹਾਂ,
ਖਾਕ ਰਾਹਾਂ ਦੀ ਛਾਣ ਮਿਲੇ ਹਾਂ,
ਅੰਬਰਾਂ ਤੋਂ ਧਰਤ ਤੇ ਆਉਂਦਿਆਂ
ਮੈਂ ਰਸ ਇਲਾਹੀ ਚੱਖਿਆ ਏ।
ਮੈਂ ਪਾਣੀ ਤੇ ਪਾਣੀ ਹਾਂ--

ਅੰਬਰਾਂ ਦੇ ਗਰਭ ਚੋਂ ਹੋ ਕੇ ਆਇਆ ,
ਵਿਛੜਨ ਲੱਗਿਆਂ ਰੋ ਕੇ ਆਇਆ,
ਅੰਤ-ਅਨੰਤ ਦੇ ਵਿਚ ਹਾਂ ਇਹ ਮਸਲਾ
ਬਣ ਕੇ ਭੱਖਿਆ ਏ।
ਮੈਂ ਪਾਣੀ ਤੇ ਪਾਣੀ ਹਾਂ,
ਮੇਰਾ ਨਾਂ ਬੁਲਬੁਲਾ ਰੱਖਿਆ ਏ।

**ਮਲਕੀਤ ਜੌੜਾ**
**9872534278**



## ਕਵਿਤਾ ਕੁੰਭ -8 ਵਿੱਚ ਬਰਨਾਲਾ ਜ਼ਿਲ੍ਹੇ ਦੀ ਸਾਹਿਤਕ ਜੋੜੀ ਨੂੰ ਕੀਤਾ ਸਨਮਾਨਿਤ

ਅਦਾਰਾ ਸ਼ਬਦ ਜੋਤ ਵੱਲੋਂ ਸੱਤ ਸਾਲ ਪੂਰੇ ਕਰਦਿਆਂ ਇਸ ਵਾਰ ਅੱਠਵਾਂ ਕਵਿਤਾ ਕੁੰਭ ਸਮਾਗਮ ਲੁਧਿਆਣੇ ਕਰਵਾਇਆ ਗਿਆ। ਇਸ ਕਵਿਤਾ ਕੁੰਭ ਵਿੱਚ 52 ਨਵੇਂ ਕਵੀਆਂ/ ਸ਼ਾਇਰਾਂ ਨੂੰ ਸਥਾਪਿਤ ਕਵੀਆਂ/ਸ਼ਾਇਰਾਂ ਅੱਗੇ ਆਪਣੀਆਂ ਰਚਨਾਵਾਂ ਸੁਣਾਉਣ ਦਾ ਮੌਕਾ ਵਿਸ਼ੇਸ਼ ਮੌਕਾ ਦਿੱਤਾ ਗਿਆ।

ਇਸ ਕਵਿਤਾ ਕੁੰਭ ਸਮਾਗਮ ਦੇ ਪ੍ਰਬੰਧਕ ਰਵਿੰਦਰ ਰਵੀ, ਪ੍ਰਭਜੋਤ ਸੋਹੀ,ਪਾਲੀ ਖ਼ਾਦਿਮ,ਰਾਜਦੀਪ ਤੂਰ, ਮੀਤ ਅਨਮੋਲ ਨੇ ਜਾਣਕਾਰੀ ਦਿੱਤੀ ਇਹ ਸਮਾਗਮ ਆਦਾਰਾ ਸ਼ਬਦ ਜੋਤ ਵੱਲੋਂ ਸਹਿਯੋਗੀ ਸੰਸਥਾਵਾਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਲੋਕ ਮੰਚ ਪੰਜਾਬ, ਰਾਮ ਸਰੂਪ ਅਣਖੀ ਸਹਿਤ ਸਭਾ ਧੌਲਾ ਦੇ ਸਹਿਯੋਗ ਨਾਲ ਕੀਤਾ ਗਿਆ। ਸਟੇਜ ਸੰਚਾਲਕ ਦੀ ਭੂਮਿਕਾ ਪ੍ਰਭਜੋਤ ਸੋਹੀ ਵੱਲੋਂ ਨਿਭਾਈ ਗਈ।ਇਸ ਸਮਾਗਮ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਵਿਸ਼ੇਸ਼ ਤੌਰ 'ਤੇ ਨਵੇਂ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾ਼ਲ ਹਾਜ਼ਰੀ ਲਵਾਈ।

ਇਸ ਮੌਕੇ ਇਹਨਾਂ ਸ਼ਾਇਰਾਂ ਨੂੰ ਸੁਣਨ ਵਾਲੇ ਸਰੋਤਿਆਂ ਅਤੇ ਮਹਿਮਾਨਾਂ ਦੇ ਰੂਪ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਦਮੀ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੀ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ, ਬੀਬਾ ਬਲਵੰਤ ਗੁਰਦਾਸਪੁਰ, ਡਾ. ਦੀਪਕ ਮਨਮੋਹਨ ਸਿੰਘ,ਹਰਵਿੰਦਰ ਸਿੰਘ ਸਿਰਸਾ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਬਲਵਿੰਦਰ ਸਿੰਘ ਚਾਹਲ, ਤ੍ਰੈਲੋਚਨ ਲੋਚੀ, ਜਸਬੀਰ ਝੱਜ, ਮਨਦੀਪ ਕੌਰ ਭੰਵਰਾ, ਬਲਰਾਜ ਧਾਲੀਵਾਲ, ਡਾ. ਜਗਦੀਸ਼ ਕੌਰ ਪੀ.ਏ.ਯੂ, ਇੰਦਰਜੀਤ ਆਰਟਿਸਸਟ, ਡਾ. ਜੋਗਿੰਦਰ ਸਿੰਘ ਨਿਰਾਲਾ, ਪ੍ਰੋ. ਰਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ, ਤਰਸੇਮ ਨੂਰ, ਨਰਿੰਦਰ ਜਟਵਾਣੀ, ਬਲਵਿੰਦਰ ਸੰਧੂ, ਦਰਸ਼ਨ ਢਿੱਲੋਂ ਸੰਪਾਦਕ ਚਰਚਾ ਯੂ ਕੇ, ਸਰਦਾਰ ਪੰਛੀ, ਧਰਮਿੰਦਰ ਸ਼ਾਹਿਰ, ਸੁਖਜੀਵਨ ਜਾਂਗਰ,ਸੁਰਿੰਦਰਜੀਤ ਚੌਹਾਨ ਪ੍ਰੀਤ ਪ੍ਰਕਾਸ਼ਨ, ਜਸਪ੍ਰੀਤ ਅਮਲਤਾਸ, ਸੋਨਾ ਕਲਸੀਆਂ,ਅਜੀਤ ਪਿਆਸਾ,ਗੁਰਦੀਪ ਅਲਬੇਲਾ,ਗੁਰਵਿੰਦਰ ਕੋਚਰ, ਗੀਤਕਾਰ ਅਮਰਜੀਤ ਸ਼ੇਰਪੁਰੀ, ਸੁਮੀਤ ਗੁਲਾਟੀ, ਸਤੀਸ਼ ਗੁਲਾਟੀ, ਡਾ. ਦੇਵਿੰਦਰ ਦਿਲਰੂਪ, ਸੁਖਵਿੰਦਰ, ਅਮਨਦੀਪ ਡੱ਼ਲੇਵਾ਼ਲੀਆ,ਅਨੀ ਕਾਠਗੜ, ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ 2023 ਸਵਰਨਜੀਤ ਸਵੀ, ਗੁਰਤੇਜ ਕੋਹਾਰਵਾਲਾ,ਅਜੀਮ ਸ਼ੇਖਰ ਯੂ.ਕੇ, ਡਾ. ਨਿਰਮਲ ਜੌੜਾ, ਰਾਮ ਸਿੰਘ, ਭਗਵਾਨ ਢਿੱਲੋ, ਬੁੱਧ ਸਿੰਘ ਨੀਲੋਂ, ਸੁਰਿੰਦਰ ਰਾਮਪੁਰੀ, ਗੁਰਦਿਆਲ ਦਲਾਲ, ਉਸਤਾਦ ਗੁਰਦਿਆਲ ਰੌਸ਼ਨ, ਸੁਰਜੀਤ ਸਿੰਘ ਲਾਂਬੜਾ, ਪ੍ਰਮੋਦ ਕਾਫ਼ਰ, ਰਾਜਵਿੰਦਰ ਸਮਰਾਲਾ, ਕਮਲਜੀਤ ਕੌਰ, ਬੰਟੀ ਉੱਪ਼ਲ, ਨਵਦੀਪ ਸਿੰਘ ਮੁੰਡੀ, ਅਨਿਲ ਫਤਹਿਗੜ੍ਹ ਜੱਟਾਂ ਪ੍ਰਧਾਨ ਲਿਖਾਰੀ ਸਭਾ ਰਾਮਪੁਰ, ਡਾ. ਸੁਖਦੇਵ ਸਿੰਘ ਸਿਰਸਾ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ ਸਰਬਜੀਤ ਸਿੰਘ, ਮੀਤ ਪ੍ਰਧਾਨ ਡਾ ਪਾਲ ਕੌਰ, ਜਸਪਾਲ ਮਾਨਖੇੜਾ, ਪੰਜਾਬੀ ਸਾਹਿੱਤ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਰਿਸ਼ੀ ਹਿਰਦੇਪਾਲ, ਅਰਸ਼ਦੀਪ ਸਿੰਘ ਬਾਠ, ਦਵਿੰਦਰ ਦਿਲਰੂਪ, ਸ਼ੁਸੀਲ, ਗੁਰਸੇਵਕ ਸਿੰਘ ਢਿੱਲੋਂ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੋਸਾਂਝ, ਕਮਲ ਦੋਸਾਂਝ, ਡਾ. ਜਗਵਿੰਦਰ ਜੋਧਾ, ਦੀਪਕ ਬਾਲੀ, ਐਡਵੋਕੇਟ ਹਰਸਿਮਰਤ ਕੌਰ, ਅਮਰਜੀਤ ਕੌਂਕੇ, ਅਮਨਦੀਪ ਸਿੰਘ ਟੱਲੇਵਾਲੀਆ, ਬਲਵਿੰਦਰ ਸੰਧੂ, ਕੰਵਰਜੀਤ ਭੱਠਲ, ਬਲਕੌਰ ਸਿੰਘ ਗਿੱਲ, ਪ੍ਰੋ।ਜਸਲੀਨ ਕੌਰ, ਕਰਮ ਸਿੰਘ ਸੰਧੂ, ਐਚ.ਐਸ ਡਿੰਪਲ, ਬੇਅੰਤ ਸਿੰਘ ਬਾਜਵਾ, ਤਲਵਿੰਦਰ ਸ਼ੇਰਗਿੱਲ ਆਦਿ ਨੇ ਸਮਾਗਮ ਦੇ ਅਖੀਰ ਤੱਕ ਆਪਣੀ ਹਾਜ਼ਰੀ ਲਵਾਈ।

ਸਮਾਗਮ ਦੀ ਸਮਾਪਤੀ 'ਤੇ ਭਾਰਤੀ ਸਾਹਿੱਤ ਅਕਾਦਮੀ ਪੁਰਸਕਾਰ ਵਿਜੇਤਾ ਕਵੀ ਦਰਸ਼ਨ ਬੁੱਟਰ, ਪ੍ਰਧਾਨ ਕੇਂਦਰੀ ਲੇਖਕ ਸਭਾ ਵੱਲੋਂ ਸਾਰੇ ਕਵੀਆਂ ਵੱਲੋਂ ਬੋਲੀਆਂ ਕਵਿਤਾਵਾਂ ਦੀ ਸਮੀਖਿਆ ਕਰਦਿਆਂ ਨਾ਼ਲ ਕਵੀਆਂ ਨੂੰ ਕਵਿਤਾ ਲਿਖਣ ਤੇ ਬੋਲਣ ਸੰਬੰਧਿਤ ਸਾਰਥਿਕ ਸੁਝਾਅ ਦਿੱਤੇ ਗਏ। ਕਵਿਤਾ ਕੁੰਭ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਰੇ ਡਾ। ਸੁਰਜੀਤ ਪਾਤਰ ਹੋਰਾਂ ਨੇ ਕਿਹਾ, "ਦਰਿਆ ਤਾਂ ਹੀ ਵਗਦੇ ਰਹਿੰਦੇ ਹਨ ਜੇਕਰ ਉਹਨਾਂ ਵਿੱਚ ਨਵੇਂ ਵਹਿਣ ਮਿਲਦੇ ਰਹਿਣ"। ਇਸਦੇ ਨਾਲ ਉਹਨਾਂ ਪੰਜਾਬੀ ਭਾਸ਼ਾ ਦੀ ਨਦੀ ਦੇ ਵਗਦੇ ਰਹਿਣ ਦੀ ਕਾਮਨਾ ਵੀ ਕੀਤੀ।

ਇਸ ਕਵਿਤਾ ਕੁੰਭ ਸਮਾਗਮ ਵਿੱਚ ਲਈ 52 ਕਵੀਆਂ ਦੀ ਚੋਣ ਵਿੱਚ ਸਾਹਿਤਕ ਜੋੜੀ ਕਵਿੱਤਰੀ ਗਗਨਦੀਪ ਕੌਰ ਧਾਲੀਵਾਲ ਤੇ ਗੀਤਕਾਰ ਸ. ਸੁਖਚੈਨ ਸਿੰਘ ਕੁਰੜ ਦਾ ਚੁਣੇ ਜਾਣਾ ਬਰਨਾਲਾ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਇਹ ਸਾਹਿਤਕ ਜੋੜੀ ਆਪੋ-ਆਪਣੀਆਂ ਲਿਖਤਾਂ ਨਾ਼ਲ ਦੇਸ਼ਾਂ ਵਿਦੇਸ਼ਾਂ ਵਿੱਚ ਇੱਕ ਵੱਖਰੀ ਪਹਿਚਾਣ ਬਣਾ ਚੁੱਕੀ ਹੈ। ਇਸ ਤੋਂ ਪਹਿਲਾਂ ਆਪਣੇ ਵਿਆਹ ਮੌਕੇ ਵੀ ਇਸ ਸਾਹਿਤਕ ਜੋੜੀ ਵੱਲੋਂ ਪੁਸਤਕ ਰਿਲੀਜ ਕਰਨ ਦੀ ਨਵੇਕਲੀ ਪਿਰਤ ਪਾਈ ਗਈ ਸੀ। ਇਸ ਸਮਾਗਮ ਕਵਿਤਾ ਕੁੰਭ-8 'ਤੇ ਆਪਣੀਆਂ ਰਚਨਾਵਾਂ ਨੂੰ ਮਿ਼ਲੇ ਮਾਣ-ਸਨਮਾਨ 'ਤੇ ਗੱਲ ਕਰਦਿਆਂ ਗਗਨਦੀਪ ਕੌਰ ਧਾਲੀਵਾਲ ਤੇ ਸੁਖਚੈਨ ਸਿੰਘ ਕੁਰੜ ਨੇ ਦੱਸਿਆ ਕਿ ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਲਿਖਣਾ ਤੇ ਆਪਣੀ ਮਾਂ- ਬੋਲੀ 'ਤੇ ਮਾਣ ਕਰਨਾ ਭਾਗਾਂ ਵਾਲਿਆਂ ਦੇ ਹਿੱਸੇ ਹੀ ਆਉਂਦਾ ਹੈ।

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

## ਚਾਲੀ ਸਾਲ ਤੋਂ ਪੰਜਾਬੀ ਗਾਇਕੀ ਵਿਚ ਸਰਗਰਮ, ਲੋਕ ਤੇ ਕਲਾਸਿਕ ਗਾਇਕੀ ਦਾ ਗਵਈਆ ਸੁਖਦੇਵ ਸਾਹਿਲ

ਕਲਾਕਾਰਾਂ ਦੇ ਬੋਰਡਾਂ ਦਾ ਸਮਾਂ ਸੀ ਤੇ ਜਿਸ ਦਾ ਬੋਰਡ ਵੱਡਾ ਤੇ ਸੋਹਣਾ ਹੋਣਾ ਆਖਣਾ ਇਹ ਕਲਾਕਾਰ ਚੋਟੀ ਦਾ ਗਾਇਕ ਹੋਊ ਤੇ ਤਦ ਇੱਕ ਸਧਾਰਨ ਜਿਹੇ ਮੁੰਡੇ ਸੁਖਦੇਵ ਨੇ ਗਾਇਕੀ ਵਿੱਚ ਪ੍ਰਵੇਸ਼ ਕੀਤਾ ਸੀ। ਜਿਗਰਾ ਦਿਖਾਇਆ ਤੇ ਕੈਸਿਟ "ਨੈਣਾਂ ਦੇ ਤੀਰ ' ਨਾਲ ਲੋਕਾਂ ਨੂੰ ਦਰਸਾ ਦਿੱਤਾ ਕਿ ਸੁਖਦੇਵ ਸਿੰਘ ਵੀ ਗਾਇਕ ਬਣ ਗਿਆ ਹੈ। "ਦਿਲ ਬੋਲੇ" ਤੋਂ ਬਾਅਦ "ਦਿਲ ਵਿੱਚ ਕੀ" ਕੈਸਿਟ ਆਈ ਤਾਂ ਫਿਰ ਹੰਸ ਰਾਜ ਹੰਸ ਦਾ ਪੱਲਾ ਫੜ੍ਹ ਉਸਤਾਦੀ ਸ਼ਾਗਿਰਦੀ ਹੋਈ ਤੇ ਪੰਜਾਬੀ ਗਾਇਕੀ ਸੰਸਾਰ ਵਿੱਚ ਪਤਾ ਚਲ ਗਿਆ ਕਿ ਪੱਕੇ ਪੈਰੀਂ ਗਾਇਕ ਬਣ ਨਾਮ ਬਣਾਉਣ ਆਇਆ ਏ ਸੁਖਦੇਵ ਜਿਸ ਨੂੰ ਸਾਹਿਲ ਨਾਮ ਮਿਲ ਗਿਆ ਸੀ।ਫਿਰ ਫਗਵਾੜੇ ਦੇ ਕਲਾਕਾਰਾਂ ਵਿੱਚ ਸੁਖਦੇਵ ਸਾਹਿਲ ਦਾ ਨਾਮ ਬਣ ਗਿਆ ਤੇ "ਤੇਰੇ ਦਿਲ ਵਿੱਚ ਕੀ" "ਪਿਆਰ ਦਾ ਸਰੂਰ" "ਤੇਰਾ ਹਾਲ," "ਤੇਰੇ ਦਿਲ ਵਿੱਚ ਕੀ", "ਬਾਣੀ" "ਇੱਕ ਜੋਤ" ਮਤਲਬ ਕਿ ਧਾਰਮਿਕ, ਸਮਾਜਿਕ ਤੇ ਰੋਮਾਂਟਿਕ ਗਾਣੇ ਆਉਂਦੇ ਰਹੇ ਤੇ ਸੁਖਦੇਵ ਸਾਹਿਲ ਦਾ ਨਾਮ ਬਣਦਾ ਗਿਆ। ਗੀਤ "ਮਾਂ" ਨੇ ਉਸ ਨੂੰ ਪਰਿਵਾਰਕ ਗਾਇਕ ਤੇ ,"ਕੁੜੀ ਲੱਗਦੀ ਰਬੜ ਦਾ ਬਾਵਾ," ਨੇ ਨੌਜਵਾਨੀ ਦਾ ਮਨਪਸੰਦ ਗਾਇਕ ਬਣਾ ਦਿੱਤਾ। ਸੁਖਦੇਵ ਸਾਹਿਲ ਦਾ ਨਾਮ ਬਣ ਗਿਆ, ਸ਼ੋ ਤੇ ਮੇਲੇ ਮਿਲਣੇ ਸ਼ੁਰੂ ਹੋਏ ਤੇ ਫਿਰ ਮੰਢਾਲੀ ਦੇ ਮੇਲੇ ਉਸ ਦੀ ਹਾਜ਼ਰੀ ਨੇ ਉਸ ਨੂੰ ਸੰਸਾਰ ਪ੍ਰਸਿੱਧ ਗਾਇਕ ਬਣਾ ਦਿੱਤਾ।ਸੋਹਣਿਆ ਲਈ ਗਹਿਣੇ ਇੱਕ ਪਾਸੇ ਰੋਮਾਂਟਿਕ ਸਾਹਿਲ ਦਾ ਰੂਪ ਦਿਖਾ ਰਿਹਾ ਗਾਣਾ ਤੇ ਦੂਜੇ ਪਾਸੇ "ਟੱਪੇ" ਜੀ ਕਰਦਾ ਮੇਰਾ ਨੱਚਣ ਨੂੰ "ਤੇ" ਬੋਲੀਆਂ" ਗੀਤਾਂ ਨਾਲ ਬੀਟ ਗਾਇਕੀ ਵਿੱਚ ਵੀ ਸਾਹਿਲ ਦੀ ਝੰਡੀ ਦਿਖਾਈ ਦਿੱਤੀ। ਸ਼ੇਖ ਫਰੀਦ ਦੇ ਸਲੋਕ, ਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਦੀ ਉਸਤਿਤ ਸੁਖਦੇਵ ਸਾਹਿਲ ਧਾਰਮਿਕ ਗਾਇਕੀ ਦਾ ਵੀ ਸਟਾਰ ਬਣ ਗਈ। "ਨੈਣਾਂ ਦੀ ਝੜੀ" ਤੇਰੇ ਜਿਹੀ ਧੋਖੇਬਾਜ਼,' ਵੀ ਸਾਹਿਲ ਦੇ ਗਾਏ ਗੀਤ ਹਨ। ਕਿਸਮਤ ਨੇ ਜਦ ਭਰਵਾਂ ਸਾਥ ਦੇਣਾ ਹੁੰਦਾ ਤਦ ਸਬੱਬ ਅਚਾਨਕ ਬਣਦਾ ਤੇ ਸੁਖਦੇਵ ਸਾਹਿਲ ਯੂ ਐਸ ਏ ਪਹੁੰਚ ਗਿਆ। ਗਾਇਕੀ ਵਿੱਚ ਥੋੜ੍ਹੀ ਬ੍ਰੇਕ ਤੇ ਪਈ ਪਰ ਘਰ ਪਰਿਵਾਰ ਰਿਸ਼ਤੇਦਾਰਾਂ ਨੂੰ ਸਥਾਪਿਤ ਕਰਨ, ਜਿਓਣ ਜੋਗੀ ਨਾਲ ਚਾਰ ਦਿਨ ਖੁਸ਼ ਹਾਲੀ ਦੇ ਬਤੀਤ ਕਰਨ ਦਾ ਵਕਤ ਆ ਗਿਆ ਤੇ ਫਿਰ ਓਥੇ ਮਹਿਫ਼ਲਾਂ ਦੀ ਗਾਇਕੀ, ਮੇਲੇ, ਸ਼ੋ ਤੇ ਪੰਜਾਬ ਤੋਂ ਗਏ ਕਲਾਕਾਰਾਂ ਨਾਲ ਪ੍ਰੋਗਰਾਮ ਕਰਨ ਦੇ ਸਿਲਸਿਲੇ ਨੇ ਸੁਖਦੇਵ ਸਾਹਿਲ ਦੀ ਗਾਇਕੀ ਨੂੰ ਬੁਲੰਦ ਰੱਖਿਆ ਹੈ। ਮਹਾਨ ਸਟੇਜ ਸੰਚਾਲਿਕਾ ਆਸ਼ਾ ਸ਼ਰਮਾ ਆਖਦੀ ਹੈ ਕਿ ਸਾਹਿਲ ਹੀ ਹੈ ਸੁਰ ਦਰਿਆ ਦਾ ਕਿਨਾਰਾ ਤੇ ਇਸ ਕਿਨਾਰੇ ਤੇ ਆ ਕਿ ਸਕੂਨ ਮਿਲਦਾ ਹੈ। ਕਲਾਸਿਕ ਗੀਤਾਂ ਵਿੱਚ ਸਾਹਿਲ ਨੇ "ਰੋਜ਼ ਨਾ ਜੋਗੀ ਬਹੁੜਦੇ" ਜਿਹੇ ਗੀਤ ਗਾਏ ਹਨ, ਸੁਰ ਦਾ "ਚਰਖਾ" ਕੱਤਿਆ ਹੈ, ਪਾਕਿਸਤਾਨੀ ਫ਼ਨਕਾਰਾਂ ਨਾਲ ਸਟੇਜਾਂ ਕੀਤੀਆਂ ਹਨ। ਮਹਿਫ਼ਿਲਾਂ ਨੂੰ ਚਾਰ ਚੰਨ ਲਾਉਣ ਵਾਲੇ ਸੁਖਦੇਵ ਸਾਹਿਲ ਨੇ ਫ਼ਿਲਮਜ਼ ਲਈ ਵੀ ਗਾਇਆ ਹੈ। ਸਹੀ ਹੈ ਗਾਇਕੀ ਪੁਰ ਜ਼ੋਰ ਤੇ ਹੁੰਦੀ ਜੇਕਰ ਓਹ ਭਾਰਤ ਰਹਿੰਦਾ ਪਰ ਅਮਰੀਕਾ ਜਾ ਕਿ ਸੱਤ ਨਸਲਾਂ ਦਾ ਭਵਿੱਖ ਓਸ ਸੁਰੱਖਿਅਤ ਕਰ ਲਿਆ ਹੈ। ਸਾਹਿਲ ਦਾ "ਛੱਲਾ," ਉਸ ਨੂੰ ਭਾਰਤ ਬੁਲਾਂਦਾ ਹੈ ਤੇ "ਚੂੜਾ ਪਾ ਵਿਹੜਾ ਹੁੰਝਦੀ, ਓਸ ਦੀ ਗਾਇਕੀ ਦੇ ਅਸ਼ਕੇ ਜਾਣ ਦੀ ਗੱਲ ਕਰਦਾ ਹੈ। "ਕਵਾਲੀ, ਗ਼ਜ਼ਲ, ਕਲਾਸਿਕ ਰਾਗਾਂ ਤੇ ਗੀਤ, ਬੀਟ ਤੇ ਬਿਰਹਾ ਰੰਗ ਸਾਰੇ ਪਾਸੇ ਬੱਲੇ ਬੱਲੇ ਸੁਖਦੇਵ ਸਾਹਿਲ ਦੀ ਰਹੀ ਹੈ। ਇੱਕ ਲੰਬੀ ਲਿਸਟ ਹੈ ਸੁਖਦੇਵ ਸਾਹਿਲ ਦੇ ਗਾਏ ਗੀਤਾਂ ਦੀ, ਕਿ ਇਹ ਕਿਹਾ ਜਾ ਸਕਦਾ ਕਿ ਸ਼ਿਵ ਨੂੰ ਓਹ ਰੂਹ ਨਾਲ ਗਾਉਂਦਾ ਏ ਤੇ ਬਾਬਾ ਬੁੱਲੇ ਸ਼ਾਹ, ਹਾਸ਼ਮ ਦੀਆਂ ਨਜ਼ਮਾਂ ਵਿੱਚ ਖੁੱਭਿਆ ਨਜ਼ਰ ਆਉਂਦਾ ਹੈ।





ਫਗਵਾੜਾ ਲਾਗੇ ਪਿੰਡ ਮਾਧੋਪੁਰ ਦੇ ਜੰਮਪਲ ਸਾਹਿਲ ਨੇ 40 ਸਾਲ ਤੋ ਵਧ ਸਮਾਂ ਸੰਗੀਤ ਸੰਸਾਰ ਵਿੱਚ ਬਤੀਤ ਕੀਤਾ, ਨਾਮ, ਦੌਲਤ ਸ਼ੋਹਰਤ ਕਮਾਈ ਹੈ ਪਰ ਇਹ ਅਜੇ ਵੀ ਆਖਦੇ ਨੇ ਕਿ ਕੋਸਿਸ਼ ਕਿ ਮੈਨੂੰ ਗਾਉਣਾ ਆ ਜਾਏ। ਪਿਤਾ ਇਹਨਾਂ ਦੇ ਤੂੰਬੀ ਨਾਲ ਗਾਉਂਦੇ ਸਨ ਤੇ ਗਾਇਕੀ ਵਿਰਾਸਤ ਵਿੱਚ ਪ੍ਰਾਪਤ ਹੋਈ। ਗੀਤ, ਗ਼ਜ਼ਲ, ਨਜ਼ਮ ਤੇ ਗਾਣਾ ਹਰ ਵੰਨਗੀ ਦਾ ਸੁਖਦੇਵ ਸਾਹਿਲ ਨੇ ਗਾਇਆ ਹੈ। ਕਿਸੇ ਮਹਿਬੂਬ ਦੇ ਸਾਹਾਂ ਜਿਹਾ ਪਿਆਰਾ ਗਾਇਕ ਸੁਖਦੇਵ ਸਾਹਿਲ ਗ਼ਜ਼ਲ ਦਾ ਮੁੱਖੜਾ ਏ, ਨਜ਼ਮ ਦੀ ਰੂਹ ਏ ਤੇ ਕਲਾਸੀਕਲ ਗਾਇਕੀ ਦਾ ਰਾਜਾ, ਲੋਕ ਗਾਇਕੀ ਦਾ ਸ਼ਹਿਨਸ਼ਾਹ ਸੁਖਦੇਵ ਸਾਹਿਲ ਇੰਜ ਹੀ ਗਾਇਕੀ ਦੀਆਂ ਤਰੰਗਾਂ ਨਾਲ ਪੰਜਾਬੀਅਤ ਨੂੰ ਨਿਹਾਰਦਾ ਰਹੇ, ਲੰਬੀਆਂ ਉਮਰਾਂ ਦਾ ਰਾਹੀ ਬਣ ਤੰਦਰੁਸਤੀ ਆਲਮ ਮਾਣੇ ਆਮੀਨ।

## "ਸਾਗਰ ਦੀ ਵਹੁਟੀ ਦੀ ਇੰਡੀਕਾ" ਮਸ਼ਹੂਰ ਹੋ ਗਈ

### ਪੁਨਰ ਜਨਮ ਹੋਇਆ ਸਤਨਾਮ ਸਾਗਰ ਤੇ ਸ਼ਰਨਜੀਤ ਸ਼ੰਮੀ ਦੀ ਗਾਇਕੀ ਦਾ

ਜਿਸ ਪਾਸੇ ਦੇਖੋ ਸੋਸ਼ਲ ਮੀਡੀਆ ਤੇ "ਸਾਗਰ ਦੀ ਵਹੁਟੀ ਲੈਂਦੀ ਇੰਡੀਕਾ ਚਲਾ" ਗੀਤ ਦੇ ਚਰਚੇ ਹਨ। ਰੀਲਾਂ ਬਣ ਆ ਰਹੀਆਂ ਨੇ ਤੇ ਗਾਣਾ ਵਾਇਰਲ ਇੰਜ ਹੋਇਆ ਜਿਵੇਂ "ਮੋਦੀ ਕੀ ਗਰੰਟੀ" ਤੇ ਹਰ ਅਖ਼ਬਾਰ, ਚੈਨਲ ਸਤਨਾਮ ਸਾਗਰ ਤੇ ਸ਼ਰਨਜੀਤ ਸ਼ੰਮੀ ਦਾ ਇੰਟਰਵਿਊ ਕਰ ਰਿਹਾ ਹੈ । ਆਓ ਮਿਲੋ ਤੁਸੀਂ ਵੀ ਸਤਨਾਮ ਸਾਗਰ ਨੂੰ ਜਿਹੜਾ ਅੰਮ੍ਰਿਤਸਰ ਰਹਿ ਰਿਹਾ। ਇੱਕ ਟਾਈਮ ਸੀ ਅਖਾੜਾ ਹੀ ਸਾਗਰ ਦਾ ਲੱਗਦਾ ਸੀ। ਸੰਗੀਤ ਕੰਪਨੀਆਂ ਓਸ ਪਿੱਛੇ ਪਿੱਛੇ ਮੂੰਹ ਮੰਗੇ ਨੋਟ ਲਈ ਫਿਰਦੀਆਂ ਸਨ । ਫਿਰ ਵੀ ਓਸ ਯਾਰੀ ਗੁਰਦਾਸਪੁਰ ਦੀ ਵੀ ਡੀ ਬੀ ਕੰਪਨੀ ਨਾਲ ਨਿਭਾਈ ਸੀ ਹਾਲਾਂ ਕਿ ਗਾਣੇ ਟਸਿਰੀਜ ਵਿੱਚ ਵੀ ਆਏ।ਸਾਗਰ ਦਰਿਆਦਿਲ ਬੰਦਾ ਓਸ ਅੰਮ੍ਰਿਤਸਰ ਦੇ ਕਲਾਕਾਰਾਂ ਨੂੰ ਪਾਰਟੀਆਂ ਦੇਣੀਆਂ। ਓਸ ਤੇ ਕੁੱਝ ਅਸਭਾਯਕ ਗੀਤ ਗਾਉਣ ਦੇ ਦੋਸ਼ ਵੀ ਲੱਗੇ ਪਰ "ਫੁੱਲਾਂ ਵਾਲੀ ਰਜਾਈ" ਸੁਪਰ ਹਿੱਟ ਗਾਣਾ ਰਿਹਾ। "ਕੱਦੂ ਮਾਰ" ਹਿੱਟ। ਓਹ ਪੇਂਡੂ ਸਮਾਜ ਦੇ ਗਾਉਂਦਾ ਰਿਹਾ।ਯਾਰੀਆਂ ਖਾਤਿਰ ਪੈਸੇ ਲੁਟਾ ਓਹ ਗੁੰਮਨਾਮੀ ਦੇ ਦੌਰ ਵਿੱਚ ਵੀ ਗਿਆ।ਅਚਾਨਕ ਓਸ ਦਾ ਪਿਛਲਾ ਇੱਕ ਦੋਗਾਣਾ ਨਵੇਂ ਸਿਰੇ ਤੋਂ ਕੀ ਆਇਆ ਕਿ ਅੱਜ ਸਾਗਰ ਦੀ ਵੋਹਟੀ ਗਾਣੇ ਦੀ ਹੀ ਚਰਚਾ ਹੈ।





ਅਜੇ ਸਿੰਘ ਨਿਰਦੇਸ਼ਕ ਨਾਲ ਓਸ ਦਾ ਪਿਆਰ ਹੈ।ਸ਼ੰਮੀ ਖਾਂ ਓਸ ਨਾਲ ਅੱਜ ਕਲ ਮਿਲ ਰਿਹਾ।ਸ਼ੰਮੀ ਓਸ ਦੀ ਧਰਮ ਪਤਨੀ ਹੈ। ਕਦੇ ਇੱਕ ਅਖ਼ਬਾਰ ਦੇ ਅੱਧੇ ਸਫ਼ੇ ਤੇ ਸਾਗਰ ਦੀ ਮਸ਼ਹੂਰੀ ਹੁੰਦੀ ਸੀ। ਓਹ ਪੜ੍ਹਿਆ ਨਹੀਂ ਪਰ ਗਾਣੇ ਆਪ ਲਿਖਦਾ ਤੇ ਗਾਣੇ ਜਿਹੜਾ ਓਸ ਨਾਲ ਬੀਤਦਾ ਹੈ। ਨਿਮਾਣਾ ਬਣ ਜਾਂਦਾ ਹੈ , ਸਰੋਤੇ ਓਸ ਲਈ ਰੱਬ ਹਨ।ਇਸ "ਸਾਗਰ ਦੀ ਵੋਹਟੀ" ਦੋਗਾਣੇ ਨੇ ਸਤਨਾਮ ਸਾਗਰ ਨੂੰ ਫਿਰ ਖੜਾ ਕਰ ਦਿੱਤਾ ਹੈ ਕਿਸਮਤ, ਲਿਖੇ ਕਰਮ ਅਨੁਸਾਰ ਕੁਦਰਤ ਫਲ ਦਿੰਦੀ ਹੈ ਇਹ ਦਿਖਾਈ ਦੇ ਰਿਹਾ ਹੈ। ਘਰ ਵਿੱਚ ਜਨਾਨੀਆਂ ਅਕਸਰ ਇਹ ਗੀਤ ਗਾ ਰਹੀਆਂ ਹਨ। "ਸਾਗਰ ਦੀ ਵੋਹਟੀ ਦੀ ਬੱਲੇ ਬੱਲੇ ਹੋਈ ਪਈ ਹੈ। – *ਅੰਮ੍ਰਿਤ ਪਵਾਰ*


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop







Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


L.A. MERCHANDISE
Whole Sale +Retail
ਯੂਬਾ ਸਿਟੀ ਦਾ
ਸਭ ਤੋਂ ਵੱਡਾ
ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics,
Groceries,
Blankets,
Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ
'ਤੇ ਉਪਲਬਧ ਹਨ
New folding
bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ,
ਰੁਮਾਲੇ, ਬਰਤਨ, ਤਾਜ਼ੀਆਂ
ਸਬਜ਼ੀਆਂ, 220 ਅਤੇ 110
ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire
to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ
ਲੇਡੀਜ਼ ਸੂਟ ਦੀ ਸੇਲ
ਇੱਥੇ ਤਾਜ਼ਾ ਸਬਜ਼ੀਆਂ
ਅਤੇ ਆਰਗੈਨਿਕ
ਦਾਲਾਂ ਵੀ
ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder
Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।

**ਇਸ ਸਬੰਧਤ 23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ**

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# Heartiest Congratulations on Sahib Kanshi Ram Ji's 90th Birth Anniversary

ਕਮਿਉਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holiday Inn Express, DAYS INN and MOMI HOSPITALITY INVESTMENT**



Left to right: Surjit Momi, Lali Momi, Harminder Momi, Rajinder Momi and Sodhi Momi

# MOMI BROTHERS



# ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।

*23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ*



**Shri Amardeep Chahal with his Wife, Mother & Father**

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

ਸ੍ਰੀ ਗੁਰੁ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ
ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 24 ਮਾਰਚ 2024 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।

**ਇਸ ਸਬੰਧਤ 23 ਮਾਰਚ 2024 ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ**

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।**



**ਮੱਖਣ ਸਿੰਘ ਬੈਂਸ**

# ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



**ਗਿਆਨੀ ਰਵਿੰਦਰ ਸਿੰਘ**


Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com